Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: **Gurjatinder Singh Randhawa**
Punjab Mail USA


FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 868, 21st to 27th Aug., 2025, Ph: 916-320-9444, E-mail: punjabmailusa@yahoo.com, Web: punjabmailusa.com

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੋਰਡ ਲਈ ਚੋਣ ਪ੍ਰਕਿਰਿਆ ਸ਼ੁਰੂ

**ਨਵੀਂ ਦਿੱਲੀ, (ਪੰਜਾਬ ਮੇਲ)-** ਕੇਂਦਰ ਸਰਕਾਰ ਨੇ ਲੋਕ ਸਭਾ ਨੂੰ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦੀਆਂ ਚੋਣਾਂ ਸਬੰਧੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਲਿਖਤੀ ਸਵਾਲ ਦੇ ਜਵਾਬ ਵਿਚ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਚੋਣ ਸੂਚੀਆਂ ਦੀ ਤਿਆਰੀ ਅਤੇ ਹੋਰ ਸਬੰਧਤ ਮਾਮਲਿਆਂ ਨੂੰ ਚੁਣੌਤੀ ਦੇਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਕਈ ਕੇਸ ਦਾਇਰ ਕੀਤੇ ਗਏ ਹਨ, ਜਿਨ੍ਹਾਂ 'ਤੇ ਅਦਾਲਤ ਨੇ ਰੋਕ ਲਾਉਣ ਦੇ ਹੁਕਮ ਦਿੱਤੇ ਹਨ।

ਉਨ੍ਹਾਂ ਕਿਹਾ, "ਸਰਕਾਰ ਨੇ ਚੋਣ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਹ ਪ੍ਰਕਿਰਿਆ ਗੁਰਦੁਆਰਾ ਚੋਣਾਂ ਲਈ ਮੁੱਖ ਕਮਿਸ਼ਨਰ ਨਿਯੁਕਤੀ ਲਈ




ਨੋਟੀਫਿਕੇਸ਼ਨ ਤੇ ਵੱਖ-ਵੱਖ ਪਟੀਸ਼ਨਰਾਂ ਵੱਲੋਂ ਦਾਇਰ ਕਈ ਅਦਾਲਤੀ ਕੇਸਾਂ 'ਚ ਸਬੰਧਤ ਮਾਮਲਿਆਂ ਦਾ ਨਿਬੇੜਾ ਹੋਣ ਮਗਰੋਂ ਸ਼ੁਰੂ ਕੀਤੀ ਗਈ ਹੈ।"

ਉਨ੍ਹਾਂ ਕਿਹਾ ਕਿ ਸਿੱਖ ਗੁਰਦੁਆਰਾ ਬੋਰਡ ਚੋਣ ਨਿਯਮ, 1959 ਵਿਚ ਇਹ ਪ੍ਰਬੰਧ ਹੈ ਕਿ ਮੁੱਖ ਕਮਿਸ਼ਨਰ ਵੱਲੋਂ ਨੋਟੀਫਿਕੇਸ਼ਨ ਰਾਹੀਂ ਐੱਸ.ਜੀ.ਪੀ.ਸੀ. ਬੋਰਡ ਦੀਆਂ ਚੋਣਾਂ ਦੇ ਵੱਖ-ਵੱਖ ਪੜਾਵਾਂ ਲਈ ਤਰੀਕ ਜਾਂ ਤਰੀਕਾਂ ਤੈਅ ਕੀਤੀਆਂ ਜਾਣਗੀਆਂ, ਜਿਸ 'ਚ ਵੋਟਾਂ ਪੈਣ ਦੀ ਤਰੀਕ ਵੀ ਸ਼ਾਮਲ ਹੈ।

ਉਨ੍ਹਾਂ ਕਿਹਾ ਕਿ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਦੀ ਅਗਵਾਈ ਵਾਲਾ ਗੁਰਦੁਆਰਾ ਚੋਣ ਕਮਿਸ਼ਨ ਚੋਣਾਂ ਕਰਵਾਉਣ ਲਈ ਨਾਮਜ਼ਦ ਅਥਾਰਿਟੀ ਹੈ। ਇਸ ਮੁਤਾਬਕ ਸਰਕਾਰ ਨੇ ਮੁੱਖ ਕਮਿਸ਼ਨਰ ਨਿਯੁਕਤ ਕੀਤਾ ਹੈ, ਜਿਸ ਨੇ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੀਆਂ ਸੂਬਾ ਸਰਕਾਰਾਂ ਦੇ ਨਾਲ-ਨਾਲ ਚੰਡੀਗੜ੍ਹ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਪ੍ਰਸ਼ਾਸਕ ਅਤੇ ਕਮਿਸ਼ਨਰ ਨੂੰ ਗੁਰਦੁਆਰਾ ਚੋਣਾਂ ਬਾਰੇ ਨੋਟੀਫਿਕੇਸ਼ਨ ਜਾਰੀ ਕੀਤੇ ਹਨ। ਨੋਟੀਫਿਕੇਸ਼ਨਾਂ ਵਿਚ ਉਨ੍ਹਾਂ ਨੂੰ ਸਿੱਖ ਗੁਰਦੁਆਰਾ ਐਕਟ, 1925 ਦੀ ਧਾਰਾ 48 ਅਨੁਸਾਰ ਨਵੇਂ ਐੱਸ.ਜੀ.ਪੀ.ਸੀ. ਬੋਰਡ ਦੇ ਗਠਨ ਲਈ ਚੋਣਾਂ ਵਾਸਤੇ ਵੋਟਰ ਸੂਚੀਆਂ ਤਿਆਰ ਕਰਨੀਆਂ ਸ਼ੁਰੂ ਕਰਨ ਲਈ ਕਿਹਾ ਗਿਆ ਹੈ।

## ਭਾਰਤ ਸਰਕਾਰ ਲਿਆ ਰਹੀ ਨਵਾਂ ਇਤਿਹਾਸਕ ਬਿੱਲ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤੀ ਰਾਜਨੀਤੀ ਵਿਚ ਸਫਾਈ ਅਤੇ ਨੈਤਿਕਤਾ ਨੂੰ ਯਕੀਨੀ ਬਣਾਉਣ ਲਈ ਕੇਂਦਰ ਸਰਕਾਰ ਇੱਕ ਇਤਿਹਾਸਕ ਸੰਵਿਧਾਨ ਸੋਧ ਬਿੱਲ ਲਿਆ ਰਹੀ ਹੈ। ਇਸ ਪ੍ਰਸਤਾਵਿਤ ਕਾਨੂੰਨ ਤਹਿਤ ਜੇਕਰ ਪ੍ਰਧਾਨ ਮੰਤਰੀ, ਮੁੱਖ ਮੰਤਰੀ ਜਾਂ ਕੋਈ ਮੰਤਰੀ ਕਿਸੇ ਗੰਭੀਰ ਅਪਰਾਧਿਕ ਮਾਮਲੇ ਵਿਚ 30 ਦਿਨਾਂ ਤੋਂ ਵੱਧ ਸਮੇਂ ਲਈ ਹਿਰਾਸਤ ਵਿਚ ਰਹਿੰਦਾ ਹੈ, ਤਾਂ ਉਸਦਾ ਅਹੁਦਾ ਆਪਣੇ ਆਪ ਖਤਮ ਹੋ ਜਾਵੇਗਾ।



■ **30 ਦਿਨਾਂ ਤੋਂ ਵੱਧ ਸਮੇਂ ਲਈ ਹਿਰਾਸਤ 'ਚ ਰਹਿਣ 'ਤੇ ਪੀ.ਐੱਮ., ਸੀ.ਐੱਮ. ਜਾਂ ਕੋਈ ਮੰਤਰੀ ਦੀ ਜਾਵੇਗੀ ਕੁਰਸੀ**

ਲੋਕ ਸਭਾ ਵਿਚ 130ਵਾਂ ਸੰਵਿਧਾਨ ਸੋਧ ਬਿੱਲ (ਸੰਵਿਧਾਨ (130ਵਾਂ ਸੋਧ) ਬਿੱਲ, 2025) ਪੇਸ਼ ਕਰੇਗੀ। ਬਿੱਲ ਦੇ ਅਨੁਸਾਰ: ਜੇਕਰ ਕਿਸੇ ਮੰਤਰੀ ਜਾਂ ਪ੍ਰਧਾਨ ਮੰਤਰੀ/ਮੁੱਖ ਮੰਤਰੀ 'ਤੇ 5 ਸਾਲ ਜਾਂ ਇਸ ਤੋਂ ਵੱਧ ਸਜ਼ਾ ਯੋਗ ਗੰਭੀਰ ਅਪਰਾਧ ਦਾ ਦੋਸ਼ ਹੈ ਅਤੇ ਉਹ ਲਗਾਤਾਰ 30 ਦਿਨਾਂ ਤੱਕ ਹਿਰਾਸਤ ਵਿਚ ਰਹਿੰਦਾ ਹੈ... ਤਾਂ ਪ੍ਰਧਾਨ ਮੰਤਰੀ ਰਾਸ਼ਟਰਪਤੀ ਨੂੰ ਸਿਫਾਰਸ਼ ਕਰ ਸਕਦਾ ਹੈ ਕਿ ਉਸ ਮੰਤਰੀ ਨੂੰ ਹਟਾ ਦਿੱਤਾ ਜਾਵੇ। ਜੇਕਰ ਸਿਫਾਰਸ਼ ਨਹੀਂ ਕੀਤੀ ਜਾਂਦੀ ਹੈ, ਤਾਂ 31ਵੇਂ ਦਿਨ ਤੋਂ ਉਹ ਵਿਅਕਤੀ ਆਪਣੇ ਆਪ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ ਜਾਵੇਗਾ।

ਇਸ ਕਾਨੂੰਨ ਦੀ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਰਾਜਾਂ ਦੇ ਮੁੱਖ ਮੰਤਰੀਆਂ 'ਤੇ ਵੀ ਲਾਗੂ ਹੋਵੇਗਾ। ਜੇਕਰ ਪ੍ਰਧਾਨ ਮੰਤਰੀ ਖੁਦ 30 ਦਿਨਾਂ ਤੋਂ ਵੱਧ ਸਮੇਂ ਲਈ ਹਿਰਾਸਤ ਵਿਚ ਰਹਿੰਦੇ ਹਨ ਅਤੇ ਅਸਤੀਫਾ ਨਹੀਂ ਦਿੰਦੇ ਹਨ, ਤਾਂ ਉਨ੍ਹਾਂ ਦਾ ਅਹੁਦਾ ਵੀ ਆਪਣੇ ਆਪ ਖਤਮ ਹੋ ਜਾਵੇਗਾ। ਹਾਲਾਂਕਿ, ਇਹ ਸਥਾਈ ਪਾਬੰਦੀ ਨਹੀਂ ਹੋਵੇਗੀ, ਉਨ੍ਹਾਂ ਨੂੰ ਬਾਅਦ ਵਿਚ ਦੁਬਾਰਾ ਨਿਯੁਕਤ ਕੀਤਾ ਜਾ ਸਕਦਾ ਹੈ।

ਇਹ ਰਾਜਨੀਤੀ ਦੇ ਅਪਰਾਧੀਕਰਨ ਨੂੰ ਰੋਕਣ ਲਈ ਇੱਕ ਫੈਸਲਾਕੁੰਨ ਕਦਮ ਹੈ। ਬਿੱਲ ਵਿਚ ਕਿਹਾ ਗਿਆ ਹੈ ਕਿ ਮੰਤਰੀ ਜਨਤਾ ਦੇ ਵਿਸ਼ਵਾਸ ਦੀ ਨੁਮਾਇੰਦਗੀ ਕਰਦੇ ਹਨ। ਉਨ੍ਹਾਂ ਦਾ ਚਰਿੱਤਰ, ਆਚਰਣ ਅਤੇ ਨੈਤਿਕਤਾ ਸ਼ੱਕ ਤੋਂ ਪਰੇ ਹੋਣੀ ਚਾਹੀਦੀ ਹੈ। ਜੇਕਰ ਕੋਈ ਮੰਤਰੀ ਗੰਭੀਰ ਅਪਰਾਧਿਕ ਦੋਸ਼ਾਂ ਵਿਚ ਲੰਬੇ ਸਮੇਂ ਤੱਕ ਹਿਰਾਸਤ ਵਿਚ ਰਹਿੰਦਾ ਹੈ, ਤਾਂ ਇਹ ਸੰਵਿਧਾਨਕ ਨੈਤਿਕਤਾ ਅਤੇ ਚੰਗੇ ਸ਼ਾਸਨ ਨੂੰ ਪ੍ਰਭਾਵਿਤ ਕਰਦਾ ਹੈ। ਇਹ ਜਨਤਾ ਦੇ ਵਿਸ਼ਵਾਸ ਨੂੰ ਹਿਲਾ ਸਕਦਾ ਹੈ।

## ਅਮਰੀਕੀ ਪ੍ਰਸ਼ਾਸਨ ਵੱਲੋਂ ਵੀਜ਼ਾ ਧਾਰਕਾਂ ਲਈ ਡ੍ਰੌਪਬਾਕਸ ਵੀਜ਼ਾ ਨਵੀਨੀਕਰਨ ਪ੍ਰੋਗਰਾਮ ਰੱਦ

**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕੀ ਸਰਕਾਰ ਨੇ ਹਾਲ ਹੀ ਵਿਚ ਇੱਕ ਮਹੱਤਵਪੂਰਨ ਫੈਸਲੇ ਦਾ ਐਲਾਨ ਕੀਤਾ ਹੈ। ਅਤੇ ਇਸ ਨੇ "ਡ੍ਰੌਪਬਾਕਸ" ਵੀਜ਼ਾ ਨਵੀਨੀਕਰਨ ਪ੍ਰੋਗਰਾਮ ਜਾਂ ਇੰਟਰਵਿਊ-ਮੁਕਤ ਪ੍ਰੋਗਰਾਮ ਨੂੰ ਰੱਦ ਕਰ ਦਿੱਤਾ ਹੈ, ਜੋ ਹੁਣ ਤੱਕ ਲਾਗੂ ਸੀ। ਇਹ ਨਵੇਂ ਨਿਯਮ 2 ਸਤੰਬਰ, 2025 ਤੋਂ ਲਾਗੂ ਹੋਣਗੇ। ਇਨ੍ਹਾਂ ਬਦਲਾਵਾਂ ਦੇ ਨਾਲ, ਭਾਰਤੀਆਂ ਸਮੇਤ ਦੁਨੀਆਂ ਭਰ ਵਿਚ ਅਮਰੀਕੀ ਵੀਜ਼ੇ ਦੀ ਪ੍ਰਕਿਰਿਆ ਵਿਚ ਵੱਡੇ ਬਦਲਾਅ ਹੋਣ ਜਾ ਰਹੇ ਹਨ। ਇਹ ਡ੍ਰੌਪਬਾਕਸ ਪ੍ਰੋਗਰਾਮ ਕੀ ਹੈ ? ਹੁਣ ਤੱਕ, ਜਦੋਂ ਐੱਚ/ਵਨ ਬੀ, ਵਨ-ਬੀ, ਐੱਚ-4, ਐੱਫ. ਐੱਮ, ਓ -ਵਨ, ਜੇ., ਐੱਲ, 1 ਸ਼੍ਰੇਣੀਆਂ ਦੇ ਤਹਿਤ ਅਮਰੀਕੀ ਵੀਜ਼ਾ ਵਾਲੇ ਲੋਕਾਂ ਨੂੰ ਵੀਜ਼ਾ ਨਵੀਨੀਕਰਨ ਲਈ ਦੁਬਾਰਾ ਅਰਜ਼ੀ




ਦੇਣੀ ਪੈਂਦੀ ਸੀ, ਤਾਂ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਇੰਟਰਵਿਊ ਲਈ ਹਾਜ਼ਰ ਹੋਣ ਦੀ ਲੋੜ ਨਹੀਂ ਸੀ। ਇਸ ਦੀ ਬਜਾਏ, ਉਨ੍ਹਾਂ ਨੇ ਸਬੰਧਤ ਕੇਂਦਰਾਂ 'ਤੇ ਨਵੀਨੀਕਰਨ ਲਈ ਜ਼ਰੂਰੀ ਦਸਤਾਵੇਜ਼ ਜਮ੍ਹਾਂ ਕਰਵਾਏ ਅਤੇ ਸਮੀਖਿਆ ਤੋਂ ਬਾਅਦ ਵੀਜ਼ਾ ਦਿੱਤਾ ਗਿਆ। ਇਸ ਨੂੰ ਸੁਵਿਧਾਜਨਕ ਬਣਾਉਣ ਲਈ ਇਸਨੂੰ "ਡ੍ਰੌਪਬਾਕਸ ਸਹੂਲਤ" ਕਿਹਾ ਜਾਂਦਾ ਸੀ।

ਬਹੁਤ ਸਾਰੇ ਵੀਜ਼ਾ ਧਾਰਕਾਂ ਨੇ ਇਸ ਸਹੂਲਤ ਦੀ ਬਹੁਤ ਵਰਤੋਂ ਕੀਤੀ। ਹੁਣ, ਯੂ.ਐੱਸ. ਡ੍ਰੌਪਬਾਕਸ ਪ੍ਰੋਗਰਾਮ ਦੇ ਰੱਦ ਹੋਣ ਨਾਲ, ਬਿਨੈਕਾਰਾਂ ਦੀਆਂ ਸਾਰੀਆਂ ਸ਼੍ਰੇਣੀਆਂ ਨੂੰ ਇੱਕ ਇੰਟਰਵਿਊ ਵਿਚ ਸ਼ਾਮਲ ਹੋਣਾ ਪਵੇਗਾ। ਇਸ ਵਿਚ ਬੱਚੇ ਅਤੇ ਬਜ਼ੁਰਗ ਵੀ ਸ਼ਾਮਲ ਹਨ, ਬਿਨਾਂ ਕਿਸੇ ਅਪਵਾਦ ਦੇ। ਇਹ ਫੈਸਲਾ ਟਰੰਪ ਪ੍ਰਸ਼ਾਸਨ ਦੁਆਰਾ ਪ੍ਰਸਤਾਵਿਤ ਸੁਰੱਖਿਆ ਉਪਾਵਾਂ ਦੇ ਹਿੱਸੇ ਵਜੋਂ ਆਇਆ ਹੈ। ਨਵੇਂ ਨਿਯਮਾਂ ਦਾ ਉਦੇਸ਼ ਹਰ ਕਿਸੇ ਨੂੰ ਨਿੱਜੀ ਤੌਰ 'ਤੇ ਜਾਂਚ ਕਰਨ ਦਾ ਮੌਕਾ ਪ੍ਰਦਾਨ ਕਰਨਾ ਜਾਪਦਾ ਹੈ, ਭਾਵੇਂ ਵੀਜ਼ਾ ਅਰਜ਼ੀ ਵਿਚ ਕੋਈ ਗਲਤੀ ਨਾ ਹੋਵੇ, ਵਧੇਰੇ ਰਸਮੀ ਸੁਰੱਖਿਆ ਜਾਂਚ ਲਈ। ਅਮਰੀਕਾ ਦੇ ਵੀਜ਼ਾ ਨਵੀਨੀਕਰਨ ਨਿਯਮਾਂ ਵਿਚ ਨਵੇਂ ਬਦਲਾਅ ਭਾਰਤੀ ਵੀਜ਼ਾ ਧਾਰਕਾਂ ਨੂੰ ਵੀ ਪ੍ਰਭਾਵਿਤ ਕਰਨ ਵਾਲੇ ਹਨ।

■ **ਬਾਕੀ ਖਬਰ ਸਫਾ 15 'ਤੇ**

## ਹੜ੍ਹਾਂ ਦੀ ਮਾਰ: ਬੀ.ਬੀ.ਐੱਮ.ਬੀ. ਨੇ ਭਾਖੜਾ ਡੈਮ ਦੇ ਚਾਰ ਫਲੱਡ ਗੇਟ ਖੋਲ੍ਹੇ

**ਚੰਡੀਗੜ੍ਹ, (ਪੰਜਾਬ ਮੇਲ)-** ਪਹਾੜਾਂ 'ਚ ਮੁੜ ਭਾਰੀ ਮੀਂਹ ਪੈਣ ਦੀ ਪੇਸ਼ੀਨਗੋਈ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਫ਼ਿਕਰ ਵਧਾ ਦਿੱਤੇ ਹਨ। ਮੌਸਮ ਵਿਭਾਗ ਨੇ 24-25 ਅਗਸਤ ਨੂੰ ਸ਼ਿਮਲਾ ਖ਼ਿੱਤੇ ਤੋਂ ਇਲਾਵਾ ਕੁੱਲੂ ਤੇ ਮੰਡੀ ਖੇਤਰ 'ਚ ਭਾਰੀ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਬੀਬੀਐੱਮਬੀ ਨੇ ਮੌਸਮ ਵਿਭਾਗ ਦੀ ਚਿਤਾਵਨੀ ਦੇ ਮੱਦੇਨਜ਼ਰ ਭਾਖੜਾ ਡੈਮ 'ਚ ਪਾਣੀ ਦਾ ਪੱਧਰ ਮੇਨਟੇਨ ਕਰਨਾ ਸ਼ੁਰੂ ਕਰ ਦਿੱਤਾ ਹੈ, ਤਾਂ ਜੋ ਪਹਾੜਾਂ 'ਚੋਂ ਆਉਣ ਵਾਲੇ ਸੰਭਾਵੀ ਪਾਣੀ ਨੂੰ ਆਉਂਦੇ ਦਿਨਾਂ 'ਚ ਡੈਮ 'ਚ ਸੰਭਾਲਿਆ ਜਾ ਸਕੇ। ਇਸ ਤਹਿਤ ਬੀ.ਬੀ.ਐੱਮ.ਬੀ. ਨੇ ਭਾਖੜਾ ਡੈਮ ਦੇ ਚਾਰ ਫਲੱਡ ਗੇਟ ਦੋ-ਦੋ ਫੁੱਟ ਖੋਲ੍ਹ ਦਿੱਤੇ ਹਨ।

■ **ਬਾਕੀ ਖਬਰ ਸਫਾ 15 'ਤੇ**

■ **ਪਹਾੜਾਂ 'ਚ ਭਾਰੀ ਮੀਂਹ ਦੀ ਪੇਸ਼ੀਨਗੋਈ ਨੇ ਬੀ.ਬੀ.ਐੱਮ.ਬੀ. ਨੂੰ ਚਿੰਤਾ 'ਚ ਪਾਇਆ**



ਭਾਖੜਾ ਡੈਮ ਦੇ ਖੋਲ੍ਹੇ ਫਲੱਡ ਗੇਟਾਂ ਦੀ ਝਲਕ।

## ਏਅਰ ਕੈਨੇਡਾ ਦੇ ਫਲਾਈਟ ਅਟੈਂਡੈਂਟਾਂ ਦੀ ਹੜਤਾਲ ਹੋਈ ਖਤਮ !

**ਵੈਨਕੂਵਰ, (ਪੰਜਾਬ ਮੇਲ)-** ਬੀਤੇ ਹਫ਼ਤੇ ਸ਼ੁਰੂ ਹੋਈ ਏਅਰ ਕੈਨੇਡਾ ਦੇ ਫਲਾਈਟ ਅਟੈਂਡੈਂਟਾਂ ਦੀ ਹੜਤਾਲ ਆਖ਼ਿਰਕਾਰ ਖ਼ਤਮ ਹੋ ਗਈ ਹੈ। ਏਅਰ ਕੈਨੇਡਾ ਦੇ 10,000 ਦੇ ਕਰੀਬ ਫਲਾਈਟ ਅਟੈਂਡੈਂਟਸ ਦੀ ਯੂਨੀਅਨ ਨੇ ਮੰਗਲਵਾਰ ਸਵੇਰੇ ਐਲਾਨ ਕੀਤਾ ਕਿ ਉਨ੍ਹਾਂ ਦਾ ਏਅਰਲਾਈਨ ਨਾਲ ਇਕ ਸਮਝੌਤਾ ਹੋ ਗਿਆ ਹੈ, ਜਿਸ ਤੋਂ ਬਾਅਦ ਉਨ੍ਹਾਂ ਨੇ ਹੜਤਾਲ ਖ਼ਤਮ ਕਰਨ ਦਾ ਐਲਾਨ ਕਰ ਦਿੱਤਾ ਹੈ। ਬੀਤੇ ਹਫ਼ਤੇ ਤੋਂ ਚੱਲ ਰਹੀ ਇਸ ਹੜਤਾਲ ਕਾਰਨ ਹਰ ਰੋਜ਼ ਲਗਭਗ 1.3 ਲੱਖ ਯਾਤਰੀ ਪ੍ਰਭਾਵਿਤ ਹੋ ਰਹੇ ਸਨ। ਏਅਰ ਕੈਨੇਡਾ ਰੋਜ਼ਾਨਾ ਤਕਰੀਬਨ 700 ਉਡਾਣਾਂ ਚਲਾਉਂਦੀ ਹੈ, ਪਰ ਪਿਛਲੇ ਵੀਰਵਾਰ ਤੋਂ ਹੁਣ ਤੱਕ

■ **10 ਹਜ਼ਾਰ ਕਰਮਚਾਰੀ ਕੰਮ 'ਤੇ ਪਰਤਣਗੇ; ਲੱਖਾਂ ਲੋਕਾਂ ਨੂੰ ਝੱਲਣੀ ਪਈ ਪਰੇਸ਼ਾਨੀ**



ਏਅਰਲਾਈਨ ਨੂੰ ਇਸ ਹੜਤਾਲ ਕਾਰਨ 2,500 ਤੋਂ ਵੱਧ ਉਡਾਣਾਂ ਰੱਦ ਕਰਨੀਆਂ ਪਈਆਂ ਹਨ।

ਕਰਮਚਾਰੀਆਂ ਦੀ ਮੰਗ ਸੀ ਕਿ ਉਨ੍ਹਾਂ ਨੂੰ ਗ੍ਰਾਊਂਡਵਰਕ ਦੀ ਤਨਖਾਹ ਵੀ ਦਿੱਤੀ ਜਾਵੇ, ਜਿਸ ਨੂੰ ਕਰੀਬ 4 ਦਿਨਾਂ ਦੀ ਹੜਤਾਲ ਮਗਰੋਂ ਮੰਨ ਲਿਆ ਗਿਆ ਹੈ। ਹੁਣ ਫਲਾਈਟ ਅਟੈਂਡੈਂਟਸ ਨੂੰ ਉਸ ਸਮੇਂ ਦਾ ਵੀ ਭੁਗਤਾਨ ਕੀਤਾ ਜਾਵੇਗਾ, ਜਦੋਂ ਜਹਾਜ਼ ਜ਼ਮੀਨ 'ਤੇ ਖੜ੍ਹੇ ਹੁੰਦੇ ਹਨ। ਯੂਨੀਅਨ ਨੇ ਕਿਹਾ ਕਿ ਬਿਨਾਂ ਤਨਖਾਹ ਵਾਲਾ ਕੰਮ ਖ਼ਤਮ ਹੋ ਗਿਆ ਹੈ। ਅਸੀਂ ਆਪਣੀ ਆਵਾਜ਼ ਤੇ ਆਪਣਾ ਹੱਕ ਵਾਪਸ ਹਾਸਲ ਕਰ ਲਿਆ ਹੈ।

ਇਸ ਤੋਂ ਪਹਿਲਾਂ ਕੈਨੇਡਾ ਇੰਡਸਟ੍ਰੀਅਲ ਰਿਲੇਸ਼ਨਜ਼ ਬੋਰਡ ਨੇ ਹੜਤਾਲ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਸੀ ਤੇ ਫਲਾਈਟ ਅਟੈਂਡੈਂਟਸ ਨੂੰ ਕੰਮ 'ਤੇ ਵਾਪਸ ਆਉਣ ਦਾ ਹੁਕਮ ਦਿੱਤਾ ਸੀ, ਪਰ ਯੂਨੀਅਨ ਨੇ ਹੁਕਮਾਂ ਨੂੰ ਨਹੀਂ ਮੰਨਿਆ ਤੇ ਆਪਣੀਆਂ ਮੰਗਾਂ ਲਈ ਹੜਤਾਲ ਜਾਰੀ ਰੱਖੀ।

■ **ਬਾਕੀ ਖਬਰ ਸਫਾ 15 'ਤੇ**

## ਪੰਜਾਬ 'ਚ ਪੰਚਾਇਤ ਸਮਿਤੀ ਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਦੀ ਤਿਆਰੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਰਾਜ ਚੋਣ ਕਮਿਸ਼ਨ ਨੇ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦ ਦੀਆਂ ਚੋਣਾਂ ਕਰਵਾਉਣ ਲਈ ਤਿਆਰੀਆਂ ਖਿੱਚ ਦਿੱਤੀਆਂ ਹਨ। ਇਹ ਕਦਮ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਵੱਲੋਂ 5 ਅਕਤੂਬਰ ਤੱਕ ਚੋਣਾਂ ਕਰਵਾਉਣ ਦੀ ਕੀਤੀ ਗਈ ਅਪੀਲ ਤੋਂ ਬਾਅਦ ਚੁੱਕਿਆ ਗਿਆ ਹੈ। ਰਾਜ ਚੋਣ ਕਮਿਸ਼ਨ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ 3 ਮਾਰਚ 2025 ਨੂੰ ਪ੍ਰਕਾਸ਼ਿਤ ਹੋਈਆਂ ਪੰਚਾਇਤੀ ਵੋਟਰ ਸੂਚੀਆਂ ਪਹਿਲੀ ਸਤੰਬਰ 2025 ਦੀ ਯੋਗਤਾ ਮਿਤੀ ਅਨੁਸਾਰ ਅਪਡੇਟ ਕਰਨ ਦੇ ਨਿਰਦੇਸ਼ ਦਿੱਤੇ ਹਨ।

ਰਾਜ ਚੋਣ ਕਮਿਸ਼ਨ ਨੇ ਕਿਹਾ ਕਿ ਮੌਜੂਦਾ ਵੋਟਰ ਸੂਚੀਆਂ ਦਾ ਖਰੜਾ 19 ਅਗਸਤ ਨੂੰ ਪ੍ਰਕਾਸ਼ਿਤ ਕੀਤਾ



ਜਾਵੇਗਾ। ਇਸ ਤੋਂ ਬਾਅਦ 20 ਤੋਂ 27 ਅਗਸਤ ਤੱਕ ਵੋਟਰ ਸੂਚੀਆਂ 'ਤੇ ਦਾਅਵੇ ਅਤੇ ਇਤਰਾਜ਼ ਦਾਇਰ ਕੀਤੇ ਜਾ ਸਕਣਗੇ। ਪਹਿਲੀ ਸਤੰਬਰ ਤੱਕ ਦਾਅਵਿਆਂ ਅਤੇ ਇਤਰਾਜ਼ਾਂ ਦਾ ਨਿਬੇੜਾ ਕੀਤਾ ਜਾਵੇਗਾ, ਜਦਕਿ 3 ਸਤੰਬਰ ਨੂੰ ਵੋਟਰ ਸੂਚੀਆਂ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਰਾਜ ਚੋਣ ਕਮਿਸ਼ਨ ਦੇ ਤਰਜਮਾਨ ਨੇ ਕਿਹਾ ਕਿ ਇਸ ਮੰਤਵ ਲਈ ਸਾਰੇ ਯੋਗ ਵਿਅਕਤੀ ਵੋਟਰ ਸੂਚੀ ਵਿਚ ਆਪਣਾ ਨਾਮ ਦਰਜ ਕਰਵਾ ਸਕਦੇ ਹਨ। ਰਾਜ ਚੋਣ ਕਮਿਸ਼ਨ ਨੇ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ-ਕਮ-ਜ਼ਿਲ੍ਹਾ ਚੋਣ ਅਫ਼ਸਰਾਂ ਨੂੰ ਹਦਾਇਤ ਕੀਤੀ ਕਿ ਉਹ ਸਥਾਨਕ ਪੱਧਰ 'ਤੇ ਜ਼ਿਲ੍ਹਾ ਪਰਿਸ਼ਦਾਂ ਅਤੇ ਪੰਚਾਇਤ ਸਮਿਤੀਆਂ ਦੇ ਚੋਣ ਹਲਕਿਆਂ ਦੇ ਸਾਰੇ ਪੇਂਡੂ ਖੇਤਰਾਂ ਵਿਚ ਪਹਿਲੀ ਸਤੰਬਰ ਤੱਕ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਸਾਰੇ ਯੋਗ ਵਿਅਕਤੀਆਂ ਨੂੰ ਚੋਣਾਂ ਵਿਚ ਹਿੱਸਾ ਲੈਣ ਲਈ ਢੁੱਕਵਾਂ ਮੌਕਾ ਦੇਣ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਨੇ ਪਿਛਲੇ ਦਿਨੀਂ ਰਾਜ ਚੋਣ ਕਮਿਸ਼ਨ ਨੂੰ ਸੂਬੇ ਵਿਚ ਜ਼ਿਲ੍ਹਾ ਪਰਿਸ਼ਦ ਤੇ ਪੰਚਾਇਤ ਸਮਿਤੀ ਦੀਆਂ ਚੋਣਾਂ 5 ਅਕਤੂਬਰ ਤੱਕ ਕਰਵਾਉਣ ਦੀ ਅਪੀਲ ਕੀਤੀ ਸੀ। ਇਸ ਤੋਂ ਬਾਅਦ ਚੋਣ ਕਮਿਸ਼ਨ ਵੱਲੋਂ ਚੋਣ ਹਲਕਿਆਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ।

# ਡਾ. ਐੱਸ.ਪੀ. ਸਿੰਘ ਓਬਰਾਏ ਦਾ ਬਰੈਂਪਟਨ ਵਿਖੇ ਹੋਇਆ ਸਨਮਾਨ





**■ ਸਾਬਕਾ ਮੈਂਬਰ ਪਾਰਲੀਮੈਂਟ ਗੁਰਬਖਸ਼ ਸਿੰਘ ਮੱਲ੍ਹੀ ਵਿਸ਼ੇਸ਼ ਤੌਰ 'ਤੇ ਹੋਏ ਹਾਜ਼ਰ**




**ਟੋਰਾਂਟੋ, (ਪੰਜਾਬ ਮੇਲ)-** ਉੱਘੇ ਸਮਾਜ ਸੇਵੀ ਅਤੇ ਬਿਜ਼ਨਸਮੈਨ ਡਾ. ਐੱਸ.ਪੀ. ਸਿੰਘ ਓਬਰਾਏ ਅੱਜਕੱਲ੍ਹ ਉੱਤਰੀ ਅਮਰੀਕਾ ਦੇ ਦੌਰੇ 'ਤੇ ਹਨ, ਜਿੱਥੇ ਉਹ ਵੱਖ-ਵੱਖ ਸਮਾਗਮਾਂ ਵਿਚ ਹਿੱਸਾ ਲੈ ਰਹੇ ਹਨ। ਬਰੈਂਪਟਨ ਪਹੁੰਚਣ 'ਤੇ ਵਿਸ਼ਵ ਪੰਜਾਬੀ ਭਵਨ ਬਰੈਂਪਟਨ ਵਿਖੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਦੀਆਂ ਸਮਾਜ ਪ੍ਰਤੀ ਸੇਵਾਵਾਂ ਲਈ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਡਾ. ਦਲਬੀਰ ਸਿੰਘ ਕਥੂਰੀਆ ਅਤੇ ਉਨ੍ਹਾਂ ਦੀ ਸੰਸਥਾ ਵੱਲੋਂ ਇਸ ਮੌਕੇ ਵਿਸ਼ਵ ਪੰਜਾਬੀ ਭਵਨ ਵਿਖੇ ਇੱਕ ਭਰਵਾਂ ਇਕੱਠ ਕੀਤਾ ਗਿਆ। ਇਥੇ ਬੋਲਦਿਆਂ ਡਾ. ਓਬਰਾਏ ਨੇ ਜਿੱਥੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਕਰਵਾਏ ਜਾ ਰਹੇ ਵੱਖ-ਵੱਖ ਕੰਮਾਂ ਬਾਰੇ ਜਾਣਕਾਰੀ ਦਿੱਤੀ, ਉਥੇ ਅਨੰਦਪੁਰ ਸਾਹਿਬ ਵਿਖੇ ਉਨ੍ਹਾਂ ਵੱਲੋਂ ਖੋਲੀ ਜਾ ਰਹੀ ਯੂਨੀਵਰਸਿਟੀ ਬਾਰੇ ਵੀ ਆਏ ਹੋਏ ਸਰੋਤਿਆਂ ਨੂੰ ਦੱਸਿਆ। ਇਸ ਮੌਕੇ ਡਾ. ਦਲਬੀਰ ਸਿੰਘ ਕਥੂਰੀਆ ਨੇ ਉਨ੍ਹਾਂ ਦੇ ਜੀਵਨ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਸਾਬਕਾ ਮੈਂਬਰ ਪਾਰਲੀਮੈਂਟ ਗੁਰਬਖਸ਼ ਸਿੰਘ ਮੱਲ੍ਹੀ ਨੇ ਕਿਹਾ ਕਿ ਡਾ. ਐੱਸ.ਪੀ. ਸਿੰਘ ਓਬਰਾਏ ਇਕ ਮਹਾਨ ਹਸਤੀ ਹਨ। ਉਨ੍ਹਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ, ਉਹ ਥੋੜ੍ਹੀ ਹੈ। ਕੁੱਲ੍ਹ ਮਿਲਾ ਕੇ ਇਹ ਸਮਾਗਮ ਕਾਮਯਾਬ ਰਿਹਾ।

# ਰੋਜ਼ਾਨਾ ਪੰਜਾਬੀ ਜਾਗਰਣ ਦੇ ਮੁੱਖ ਸੰਪਾਦਕ ਕੈਨੇਡਾ ਦੌਰੇ 'ਤੇ



**ਟੋਰਾਂਟੋ, (ਪੰਜਾਬ ਮੇਲ)-** ਰੋਜ਼ਾਨਾ ਪੰਜਾਬੀ ਜਾਗਰਣ ਦੇ ਮੁੱਖ ਸੰਪਾਦਕ ਵਰਿੰਦਰ ਸਿੰਘ ਵਾਲੀਆ ਅੱਜਕੱਲ੍ਹ ਕੈਨੇਡਾ ਦੌਰੇ 'ਤੇ ਹਨ। ਡਾ. ਦਲਬੀਰ ਸਿੰਘ ਕਥੂਰੀਆ ਦੇ ਸੱਦੇ 'ਤੇ ਉਹ ਵਿਸ਼ਵ ਪੰਜਾਬੀ ਭਵਨ ਬਰੈਂਪਟਨ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਵੱਖ-ਵੱਖ ਬੁਲਾਰਿਆਂ ਨੇ ਡਾ. ਵਰਿੰਦਰ ਸਿੰਘ ਵਾਲੀਆ ਦੀ ਪੰਜਾਬੀ ਬੋਲੀ ਅਤੇ ਪੱਤਰਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਬਾਰੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਡਾ. ਦਲਬੀਰ ਸਿੰਘ ਕਥੂਰੀਆ ਨੇ ਉਨ੍ਹਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਰਿੰਦਰ ਸਿੰਘ ਵਾਲੀਆ ਨੇ ਆਪਣਾ ਸਾਰਾ ਜੀਵਨ ਪੱਤਰਕਾਰੀ ਲਈ ਨੌਛਾਵਰ ਕਰ ਦਿੱਤਾ ਹੈ ਅਤੇ ਆਪਣੇ ਬਲਬੂਤੇ 'ਤੇ ਅੱਜ ਭਾਰਤ ਦੀ ਵੱਡੀ ਅਖਬਾਰ ਪੰਜਾਬੀ ਜਾਗਰਣ ਦੇ ਮੁੱਖ ਸੰਪਾਦਕ ਵਜੋਂ ਸੇਵਾ ਨਿਭਾ ਰਹੇ ਹਨ। ਜ਼ਿਕਰਯੋਗ ਹੈ ਕਿ ਵਰਿੰਦਰ ਸਿੰਘ ਵਾਲੀਆ ਨੇ ਜਿੱਥੇ ਪੱਤਰਕਾਰੀ ਵਿਚ ਨਾਮਣਾ ਖੱਟਿਆ ਹੈ, ਉਥੇ ਉਨ੍ਹਾਂ ਨੇ ਅੰਮ੍ਰਿਤਸਰ ਬਾਰੇ ਇਕ ਇਤਿਹਾਸਕ ਕਿਤਾਬ ਵੀ ਲਿਖੀ ਹੈ, ਜਿਸ ਵਿਚ ਬੜੀ ਵੱਡਮੁੱਲੀ ਜਾਣਕਾਰੀ ਦਿੱਤੀ ਗਈ ਹੈ। ਇਸ ਮੌਕੇ ਬੋਲਦਿਆਂ ਵਰਿੰਦਰ ਸਿੰਘ ਵਾਲੀਆ ਨੇ ਕਿਹਾ ਕਿ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਪੰਜਾਬੀ ਮਾਂ ਬੋਲੀ ਨੂੰ ਸੰਭਾਲਣ ਲਈ ਬੜੇ ਵੱਡਮੁੱਲੇ ਯਤਨ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡੇ ਪੰਜਾਬੀ ਪੂਰੇ ਵਿਸ਼ਵ ਵਿਚ ਫੈਲ ਚੁੱਕੇ ਹਨ, ਜਿੱਥੇ ਉਹ ਪੰਜਾਬੀ ਮਾਂ ਬੋਲੀ ਦੀ ਪ੍ਰਫੁੱਲਤਾ ਲਈ ਆਪੋ-ਆਪਣਾ ਵੱਡਮੁੱਲਾ ਯੋਗਦਾਨ ਪਾ ਰਹੇ ਹਨ, ਜੋ ਕਿ ਵਧਾਈ ਦੇ ਹੱਕਦਾਰ ਹਨ। ਉਨ੍ਹਾਂ ਅਪੀਲ ਕੀਤੀ ਕਿ ਆਪਣੀ ਆਉਣ ਵਾਲੀ ਨਸਲ ਨੂੰ ਜ਼ਰੂਰ ਆਪਣੀ ਮਾਂ ਬੋਲੀ ਨਾਲ ਜੋੜ ਕੇ ਰੱਖਣ, ਤਾਂ ਕਿ ਦੇਸ਼ਾਂ-ਵਿਦੇਸ਼ਾਂ ਵਿਚ ਇਹ ਬੋਲੀ ਜਿਊਂਦੀ ਰਹਿ ਸਕੇ।

Global Allianz

ਕਾਨੂੰਨੀ ਸਲਾਹਾਂ

LAW FIRM LLP

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਉੱਘੇ ਸਮਾਜ ਸੇਵੀ ਸ. ਐੱਸ.ਪੀ. ਸਿੰਘ ਓਬਰਾਏ ਦਾ ਸਿਆਟਲ ਵਿਖੇ ਭਰਵਾਂ ਸਵਾਗਤ





ਸਵਾਗਤੀ ਤਸਵੀਰਾਂ।

ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)- ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਡਾ. ਐੱਸ.ਪੀ. ਸਿੰਘ ਓਬਰਾਏ ਬੀਤੀ 9 ਅਗਸਤ ਨੂੰ ਸਿਆਟਲ ਵਿਖੇ ਬੱਚਿਆਂ ਦੀ ਗਰਾਊਂਡ 'ਚ ਬੱਚਿਆਂ ਨੂੰ ਮਿਲਣ ਲਈ ਪਹੁੰਚੇ। ਜਿੱਥੇ ਉਨ੍ਹਾਂ ਨੇ ਇਸ ਸੇਵਾ ਦੀ ਸ਼ਲਾਘਾ ਕੀਤੀ, ਬੱਚਿਆਂ ਨੂੰ ਹੋਰ ਵੀ ਖੇਡਾਂ ਵਿਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਅਤੇ ਪ੍ਰਬੰਧਕਾਂ ਦੀ ਤਰੀਫ ਕੀਤੀ। ਸਿਆਟਲ ਦੇ ਮੁੱਖ ਬੁਲਾਰੇ ਗੁਰਦੀਪ ਸਿੰਘ ਸਿੱਧੂ ਨੇ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ।

ਇਸ ਮੌਕੇ ਸਾਰੇ ਸ਼ਹਿਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ। ਸੰਗਤਾਂ ਨੇ ਉਨ੍ਹਾਂ ਨੂੰ ਮਿਲ ਕੇ ਖੁਸ਼ੀ ਮਹਿਸੂਸ ਕੀਤੀ ਅਤੇ ਦੁਬਾਰਾ ਜਲਦੀ-ਜਲਦੀ ਸਿਆਟਲ ਆਉਣ ਦੀ ਬੇਨਤੀ ਵੀ ਕੀਤੀ, ਜਿਹੜੀ ਉਨ੍ਹਾਂ ਵੱਲੋਂ ਪ੍ਰਵਾਨ ਕੀਤੀ ਗਈ। ਸਵਾਗਤ ਕਰਨ ਵਾਲਿਆਂ ਵਿਚ ਸ. ਹਰਦੇਵ ਸਿੰਘ ਜੱਜ, ਦਇਆਬੀਰ ਸਿੰਘ ਬਾਠ, ਹਰਦੀਪ ਸਿੰਘ ਗਿੱਲ, ਜਸਵਿੰਦਰ ਸਿੰਘ ਹੁੰਦਲ, ਗੁਰਦੇਵ ਸਿੰਘ ਸਮਰਾ, ਚਰਨਜੀਤ ਸਿੰਘ ਧਾਲੀਵਾਲ, ਮਲਕੀਤ ਸਿੰਘ ਝੱਲੀ ਅਤੇ ਜਸਵਿੰਦਰ ਸਿੰਘ ਪੰਨੂ ਹਾਜ਼ਰ ਸਨ।

ਡਾ. ਓਬਰਾਏ ਸਾਹਿਬ ਸ. ਜੋਗਿੰਦਰ ਸਿੰਘ ਦੀ ਬੇਟੀ ਦੀ ਸ਼ਾਦੀ ਲਈ ਆਏ ਹੋਏ ਸਨ। ਉਨ੍ਹਾਂ ਨੇ ਮੇਰੇ ਗ੍ਰਹਿ ਵਿਖੇ ਆ ਕੇ ਮੇਰੇ ਨਾਲ ਵੀ ਵਿਚਾਰਾਂ ਕੀਤੀਆਂ ਤੇ ਸਿਹਤਯਾਬੀ ਦੀ ਅਰਦਾਸ ਕੀਤੀ।

## ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਵੱਲੋਂ ਲਾਰੈਂਸ ਗੈਂਗ ਨੂੰ ਅੱਤਵਾਦੀ ਸੰਗਠਨ ਘੋਸ਼ਿਤ ਕਰਨ ਦੀ ਮੰਗ

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਨੇ ਸੰਘੀ ਸਰਕਾਰ ਨੂੰ ਲਾਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਐਲਾਨਣ ਦੀ ਮੰਗ ਕੀਤੀ ਹੈ। ਪਾਰਟੀ ਦਾ ਕਹਿਣਾ ਹੈ ਕਿ ਇਹ ਗਿਰੋਹ ਦੇਸ਼ ਭਰ ਵਿਚ ਹਿੰਸਕ ਅਪਰਾਧ, ਧਮਕੀਆਂ ਅਤੇ ਡਰ ਫੈਲਾ ਰਿਹਾ ਹੈ। ਪਾਰਟੀ ਵੱਲੋਂ ਸਰਕਾਰ ਨੂੰ ਇੱਕ ਪੱਤਰ ਭੇਜਿਆ ਗਿਆ, ਜਿਸ ਵਿਚ ਦੱਸਿਆ ਗਿਆ ਕਿ ਇਹ ਗਿਰੋਹ ਇੰਟਰਨੈੱਟ ਮੀਡੀਆ 'ਤੇ ਖੁੱਲ੍ਹੇਆਮ ਹਮਲਾ ਕਰਕੇ ਜ਼ਿੰਮੇਵਾਰੀ ਲੈ ਰਿਹਾ ਹੈ। ਇਹ ਗਿਰੋਹ ਬ੍ਰਿਟਿਸ਼ ਕੋਲੰਬੀਆ, ਅਲਬਰਟਾ ਅਤੇ ਓਨਟਾਰੀਓ ਵਿਚ ਉੱਤਰੀ ਭਾਰਤੀ ਭਾਈਚਾਰੇ ਨੂੰ ਨਿਸ਼ਾਨਾ ਬਣਾ ਰਿਹਾ ਹੈ। ਭਾਰਤ ਪਹਿਲਾਂ ਹੀ ਕੈਨੇਡਾ ਤੋਂ ਇਸ ਗਿਰੋਹ ਦੇ ਗੈਂਗਸਟਰਾਂ ਵਿਰੁੱਧ ਕਾਰਵਾਈ ਦੀ ਮੰਗ ਕਰ ਚੁੱਕਾ ਹੈ। ਕੰਜ਼ਰਵੇਟਿਵ ਪਾਰਟੀ ਦੇ ਪਬਲਿਕ ਸ਼ੈਡੋ ਮੰਤਰੀ ਫਰੈਂਕ ਕੈਪੂਟੋ ਨੇ ਜਨਤਕ ਸੁਰੱਖਿਆ ਮੰਤਰੀ ਗੌਰੀ ਆਨੰਦ ਸੰਗਾਰੀ ਨੂੰ ਇੱਕ ਪੱਤਰ ਲਿਖਿਆ ਹੈ। ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਐਬੀ, ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ, ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਅਤੇ ਸਰੀ ਦੀ ਮੇਅਰ ਬ੍ਰੈਂਡਾ ਲਾਕ ਸਮੇਤ ਕਈ ਨੇਤਾ ਇਸ ਨਾਲ ਸਹਿਮਤ ਹੋਏ ਹਨ। ਗੌਰੀ ਆਨੰਦ ਨੂੰ ਲਿਖੇ ਇੱਕ ਪੱਤਰ ਵਿਚ ਕਿਹਾ ਗਿਆ ਹੈ ਕਿ ਲਾਰੈਂਸ ਗੈਂਗ ਦੀਆਂ ਗਤੀਵਿਧੀਆਂ ਇਸਨੂੰ ਅੱਤਵਾਦੀ ਸੰਗਠਨ ਘੋਸ਼ਿਤ ਕਰਨ ਲਈ ਕਾਫ਼ੀ ਆਧਾਰ ਹਨ।

## 1.6 ਮਿਲੀਅਨ ਗੈਰ-ਕਾਨੂੰਨੀ ਪਰਦੇਸੀ ਅਮਰੀਕਾ ਛੱਡ ਕੇ ਚਲੇ ਗਏ : ਯੂ.ਐੱਸ. ਸੈਕਟਰੀ ਨੋਇਮ



ਵਾਸ਼ਿੰਗਟਨ, (ਪੰਜਾਬ ਮੇਲ)- ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਦੀ ਸੈਕਟਰੀ ਕ੍ਰਿਸਟੀ ਨੋਇਮ ਨੇ ਐਲਾਨ ਕੀਤਾ ਕਿ ਸੈਕਟਰੀ ਵਜੋਂ ਆਪਣੇ ਪਹਿਲੇ 200 ਦਿਨਾਂ ਵਿਚ, ਅਮਰੀਕਾ ਨੇ ਦੇਸ਼ ਭਰ ਵਿਚ ਲਗਭਗ 1.6 ਮਿਲੀਅਨ ਗੈਰ-ਕਾਨੂੰਨੀ ਪਰਦੇਸੀ ਦੀ ਗਿਰਾਵਟ ਦੇਖੀ ਹੈ।

ਸੈਕਟਰੀ ਕ੍ਰਿਸਟੀ ਨੋਇਮ ਨੇ ਕਿਹਾ, "200 ਦਿਨਾਂ ਤੋਂ ਵੀ ਘੱਟ ਸਮੇਂ ਵਿਚ, 1.6 ਮਿਲੀਅਨ ਗੈਰ-ਕਾਨੂੰਨੀ ਪ੍ਰਵਾਸੀ ਸੰਯੁਕਤ ਰਾਜ ਦੀ ਆਬਾਦੀ ਛੱਡ ਕੇ ਚਲੇ ਗਏ ਹਨ।" "ਇਹ ਬਹੁਤ ਵੱਡਾ ਹੈ। ਇਸਦਾ ਅਰਥ ਹੈ ਸੁਰੱਖਿਅਤ ਗਲੀਆਂ, ਟੈਕਸਦਾਤਾਵਾਂ ਦੀ ਬਚਤ, ਸਕੂਲਾਂ ਅਤੇ ਹਸਪਤਾਲ ਸੇਵਾਵਾਂ ਤੋਂ ਦਬਾਅ ਅਤੇ ਅਮਰੀਕੀਆਂ ਲਈ ਬਿਹਤਰ ਨੌਕਰੀ ਦੇ ਮੌਕੇ। ਧੰਨਵਾਦ, ਰਾਸ਼ਟਰਪਤੀ ਟਰੰਪ!"

ਸੈਕਟਰੀ ਵਜੋਂ ਆਪਣੇ ਪਹਿਲੇ 200 ਦਿਨਾਂ ਵਿਚ, ਡੀ.ਐੱਚ.ਐੱਸ. ਨੇ ਇੱਕ ਅੰਤਰਰਾਸ਼ਟਰੀ, ਬਹੁ-ਮਿਲੀਅਨ ਡਾਲਰ ਦੀ ਇਸ਼ਤਿਹਾਰ ਮੁਹਿੰਮ ਵੀ ਸ਼ੁਰੂ ਕੀਤੀ ਜਿਸ ਵਿਚ ਗੈਰ-ਕਾਨੂੰਨੀ ਪਰਦੇਸੀ ਲੋਕਾਂ ਨੂੰ ਹੁਣੇ ਚਲੇ ਜਾਣ ਦੀ ਚੇਤਾਵਨੀ ਦਿੱਤੀ ਗਈ ਸੀ ਕਿਉਂਕਿ ਜੇਕਰ ਉਹ ਅਜਿਹਾ ਨਹੀਂ ਕਰਦੇ ਹਨ, ਤਾਂ ਅਸੀਂ ਉਨ੍ਹਾਂ ਨੂੰ ਗ੍ਰਿਫਤਾਰ ਕਰਾਂਗੇ ਅਤੇ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇਵਾਂਗੇ। ਇਹ ਨਵਾਂ ਡਾਟਾ ਦਰਸਾਉਂਦਾ ਹੈ ਕਿ ਗੈਰ-ਕਾਨੂੰਨੀ ਪ੍ਰਵਾਸੀ ਸਾਡਾ ਸੁਨੇਹਾ ਸੁਣ ਰਹੇ ਹਨ।

ਸੈਕਟਰੀ ਨੋਏਮ ਨੇ ਸੀ.ਬੀ.ਪੀ. ਵਨ ਐਪ ਨੂੰ ਖਤਮ ਕਰ ਦਿੱਤਾ, ਜਿਸਨੇ 10 ਲੱਖ ਤੋਂ ਵੱਧ ਪ੍ਰਵਾਸੀ ਲੋਕਾਂ ਨੂੰ ਦੇਸ਼ ਵਿਚ ਗੈਰ-ਕਾਨੂੰਨੀ ਤੌਰ 'ਤੇ ਦਾਖਲ ਹੋਣ ਦੀ ਆਗਿਆ ਦਿੱਤੀ, ਜਿਸਨੂੰ ਸੀ.ਬੀ.ਪੀ. ਹੋਮ ਐਪ ਵਿਚ ਬਦਲ ਦਿੱਤਾ ਗਿਆ ਹੈ। ਓਪਰੇਸ਼ਨ ਹੋਮਕਮਿੰਗ ਦਾ ਹਿੱਸਾ, ਸੀ.ਬੀ.ਪੀ. ਹੋਮ ਐਪ ਗੈਰ-ਕਾਨੂੰਨੀ ਪ੍ਰਵਾਸੀ ਲੋਕਾਂ ਨੂੰ ਆਪਣੇ ਜਾਣ ਦਾ ਕੰਟਰੋਲ ਲੈਣ ਦੀ ਆਗਿਆ ਦਿੰਦਾ ਹੈ। ਅਮਰੀਕੀ ਲੋਕ ਖੁੱਲ੍ਹੇ ਦਿਲ ਨਾਲ ਗੈਰ-ਕਾਨੂੰਨੀ ਪ੍ਰਵਾਸੀ ਲੋਕਾਂ ਨੂੰ $1,000 ਅਤੇ ਹੁਣ ਸਵੈ-ਦੇਸ਼ ਨਿਕਾਲੇ ਲਈ ਇੱਕ ਮੁਫਤ ਉਡਾਣ ਦੀ ਪੇਸ਼ਕਸ਼ ਕਰ ਰਹੇ ਹਨ।



# 10 ਸਾਲਾਂ ਤੋਂ ਅਮਰੀਕਾ 'ਚ ਰਹਿ ਰਹੇ ਭਾਰਤੀ ਨੌਜਵਾਨ ਹੋਇਆ ਗ੍ਰਿਫ਼ਤਾਰ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕਾ ਤੋਂ ਇਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਗੁਜਰਾਤ ਦੇ ਮਹਿਸਾਣਾ ਜ਼ਿਲ੍ਹੇ ਦਾ ਨੌਜਵਾਨ ਬਿੱਟੂ ਅਮਰੀਕਾ 'ਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਿਹਾ ਸੀ ਅਤੇ ਹੁਣ ਪਿਛਲੇ 6 ਮਹੀਨਿਆਂ ਤੋਂ ਅਮਰੀਕੀ ਜੇਲ੍ਹ 'ਚ ਬੰਦ ਹੈ। ਉਸ ਦੀ ਗ੍ਰਿਫ਼ਤਾਰੀ ਫਰਵਰੀ 2025 ਵਿਚ ਹੋਈ ਸੀ, ਜਦੋਂ ਉਹ ਸ਼ਰਾਬ ਪੀ ਕੇ ਕਾਰ ਚਲਾ ਰਿਹਾ ਸੀ ਅਤੇ ਇਸ ਦੌਰਾਨ ਉਸ ਦੀ ਕਾਰ ਨਾਲ ਇਕ ਹਾਦਸਾ ਵਾਪਰ ਗਿਆ ਸੀ।



2015 ਤੋਂ ਬਿੱਟੂ ਅਮਰੀਕਾ 'ਚ ਬਿਨਾਂ ਕਾਨੂੰਨੀ ਦਸਤਾਵੇਜ਼ਾਂ ਦੇ ਰਹਿ ਰਿਹਾ ਸੀ। ਉਸ ਦੇ ਖ਼ਿਲਾਫ਼ ਪਹਿਲਾਂ ਹੀ ਡਿਪੋਰਟੇਸ਼ਨ ਲੈਟਰ ਜਾਰੀ ਹੋ ਚੁੱਕਾ ਸੀ, ਪਰ ਉਹ ਲੁੱਕ-ਛਿਪ ਕੇ ਆਪਣਾ ਜੀਵਨ ਬਿਤਾ ਰਿਹਾ ਸੀ। ਹਾਦਸੇ ਦੇ ਸਮੇਂ ਉਸ ਦੀ ਕਾਰ ਦਾ ਬੀਮਾ ਨਹੀਂ ਸੀ, ਜਿਸ ਕਾਰਨ ਉਸ 'ਤੇ ਹੋਰ ਗੰਭੀਰ ਦੋਸ਼ ਲੱਗ ਗਏ।

ਬਿੱਟੂ ਦੀ ਗ੍ਰਿਫ਼ਤਾਰੀ ਵੇਲੇ ਉਸ ਦੀ ਪਤਨੀ ਪਿੰਕੀ 8ਵੇਂ ਮਹੀਨੇ ਦੀ ਗਰਭਵਤੀ ਸੀ। ਬੀਤੇ ਮਾਰਚ ਮਹੀਨੇ ਉਸ ਨੇ ਇਕ ਧੀ ਨੂੰ ਜਨਮ ਦਿੱਤਾ। ਗ੍ਰਿਫ਼ਤਾਰੀ ਕਾਰਨ ਅੱਜ ਤੱਕ ਬਿੱਟੂ ਨੂੰ ਆਪਣੀ ਧੀ ਨੂੰ ਗੋਦੀ 'ਚ ਚੁੱਕਣ ਤੱਕ ਦਾ ਵੀ ਮੌਕਾ ਨਹੀਂ ਮਿਲਿਆ।

ਪਿੰਕੀ ਇਸ ਵੇਲੇ ਅਲਾਬਾਮਾ 'ਚ ਇਕੱਲੀ ਰਹਿ ਰਹੀ ਹੈ। ਪਤੀ ਦੀ ਗੈਰਹਾਜ਼ਰੀ ਕਾਰਨ ਉਹ ਆਪਣਾ ਤੇ ਆਪਣੀ ਧੀ ਦਾ ਢਿੱਡ ਭਰਨ ਲਈ ਬਿਨਾਂ ਤਨਖਾਹ ਦੇ ਤੇ ਸਿਰਫ਼ ਛੋਟੀ-ਮੋਟੀ ਮਦਦ ਲਈ ਘਰੇਲੂ ਕੰਮਕਾਜ ਕਰਦੀ ਹੈ। ਉਹ ਖ਼ੁਦ ਵੀ ਸਿਹਤ ਸਮੱਸਿਆਵਾਂ ਨਾਲ ਜੂਝ ਰਹੀ ਹੈ ਅਤੇ ਨਵਜੰਮੀ ਧੀ ਨੂੰ ਪਾਲਣ ਲਈ ਉਸ ਕੋਲ ਕੋਈ ਸਾਧਨ ਨਹੀਂ ਹੈ।

ਬਿੱਟੂ 'ਤੇ ਡੀ.ਯੂ.ਆਈ. (ਡਰਾਈਵਿੰਗ ਅੰਡਰ ਇਨਫਲੂਐਂਸ), ਬੀਮੇ ਤੋਂ ਬਿਨਾਂ ਵਾਹਨ ਚਲਾਉਣਾ ਅਤੇ ਗੈਰ-ਕਾਨੂੰਨੀ ਤੌਰ 'ਤੇ ਰਹਿਣ ਵਰਗੇ ਗੰਭੀਰ ਦੋਸ਼ ਲੱਗੇ ਹਨ। ਹੁਣ ਉਸ ਦਾ ਭਵਿੱਖ ਅਮਰੀਕੀ ਜੇਲ੍ਹ ਅਤੇ ਭਾਰਤ ਵਾਪਸੀ (ਡਿਪੋਰਟੇਸ਼ਨ) ਵਿਚਕਾਰ ਫਸਿਆ ਹੋਇਆ ਹੈ।

ਇਹ ਮਾਮਲਾ ਇਕ ਵਾਰ ਫਿਰ ਦਰਸਾਉਂਦਾ ਹੈ ਕਿ ਅਮਰੀਕਾ 'ਚ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਭਾਰਤੀ ਪਰਿਵਾਰ ਕਿਹੜੀਆਂ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਹਨ।

# ਤੈਅ ਮਿਤੀ ਤੋਂ ਵੱਧ ਅਮਰੀਕਾ 'ਚ ਰਹਿਣ ਨਾਲ ਰੱਦ ਹੋਵੇਗਾ ਵੀਜ਼ਾ : ਅਮਰੀਕੀ ਦੂਤਾਵਾਸ

**ਨਵੀਂ ਦਿੱਲੀ, (ਪੰਜਾਬ ਮੇਲ)-**ਭਾਰਤ 'ਚ ਅਮਰੀਕੀ ਦੂਤਾਵਾਸ ਨੇ ਸੋਮਵਾਰ ਨੂੰ ਇਕ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਤੈਅ ਮਿਤੀ ਤੋਂ ਵੱਧ ਅਮਰੀਕਾ 'ਚ ਰਹਿਣ ਨੂੰ 'ਓਵਰਸਟੇਅ' ਕਿਹਾ ਜਾਂਦਾ ਹੈ ਤੇ ਇਸਦੇ ਨਤੀਜੇ ਵਜੋਂ ਵੀਜ਼ਾ ਰੱਦ ਹੋ ਸਕਦਾ ਹੈ, ਦੇਸ਼ ਨਿਕਾਲਾ ਵੀ ਹੋ ਸਕਦਾ ਹੈ ਅਤੇ ਭਵਿੱਖ ਦੇ ਵੀਜ਼ਾ ਲਈ ਅਯੋਗਤਾ ਵੀ ਹੋ ਸਕਦੀ ਹੈ।

ਜ਼ਿਕਰਯੋਗ ਹੈ ਕਿ ਪਿਛਲੇ 2 ਹਫ਼ਤਿਆਂ 'ਚ ਅਮਰੀਕੀ ਦੂਤਾਵਾਸ ਨੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦੇ ਮੁੱਦੇ 'ਤੇ ਅਮਰੀਕਾ ਦੇ ਸਟੈਂਡ ਨਾਲ ਸੰਬੰਧਿਤ ਸੰਖੇਪ ਬਿਆਨ ਵੀ ਜਾਰੀ ਕੀਤੇ ਹਨ। ਦੂਤਾਵਾਸ ਨੇ 13 ਅਗਸਤ ਨੂੰ 'ਐਕਸ' 'ਤੇ ਇਕ ਪੋਸਟ 'ਚ ਕਿਹਾ ਸੀ ਕਿ ਅਮਰੀਕਾ 'ਚ ਗੈਰ-ਕਾਨੂੰਨੀ ਪ੍ਰਵੇਸ਼ ਕੋਈ ਵਿਕਲਪ ਨਹੀਂ ਹੈ। ਜੋ ਲੋਕ ਅਮਰੀਕੀ ਕਾਨੂੰਨ ਤੋੜਦੇ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜ ਦਿੱਤਾ ਜਾਵੇਗਾ ਜਾਂ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ।

# ਵੈਨਕੂਵਰ ਵਿਖੇ ਬੀਬੀ ਜਸਵੰਤ ਕੌਰ ਦਾ ਸਦੀਵੀ ਵਿਛੋੜਾ

■ ਅੰਤਿਮ ਰਸਮਾਂ 24 ਅਗਸਤ 2025 ਦਿਨ ਐਤਵਾਰ ਨੂੰ



**ਵੈਨਕੂਵਰ, (ਪੰਜਾਬ ਮੇਲ)-** ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਰਤਾ ਦੇ ਪੁੰਜ, ਮਹਾਨ ਸ਼ਖ਼ਸੀਅਤ, ਗੁਰੂ ਘਰ ਦੇ ਪ੍ਰੇਮੀ ਬੀਬੀ ਜਸਵੰਤ ਕੌਰ ਕੈਂਥ ਬੀਤੇ ਦਿਨੀਂ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ । ਬੀਬੀ ਜੀ ਦੇ ਦਿਹਾਂਤ 'ਤੇ ਸਭਨਾਂ ਵਲੋਂ ਗਹਿਰੇ ਅਫ਼ਸੋਸ ਦਾ ਪ੍ਰਗਟਾਵਾ ਕੀਤ ਗਿਆ ।

ਬੀਬੀ ਜੀ ਦਾ ਪਿੰਡ ਬਰਨਾਲਾ ਨੇੜੇ ਟੱਲੇਵਾਲ ਹੈ ਤੇ ਪੇਕਾ ਪਿੰਡ ਧੌਲਾ ਸੀ। ਉਹ ਪਿਛਲੇ ਲਗਭਗ ਪੰਜ ਦਹਾਕਿਆਂ ਤੋਂ ਕੈਨੇਡਾ ਵਿਚ ਪਰਿਵਾਰ ਸਮੇਤ ਰਹਿ ਰਹੇ ਸਨ। ਬੀਬੀ ਜੀ ਆਪ ਧਾਰਮਿਕ ਪ੍ਰਵਿਰਤੀ ਦੇ ਮਾਲਕ ਸਨ ਤੇ ਪਰਿਵਾਰ ਦੀਆਂ ਲਗਭਗ ਚਾਰ ਪੀੜ੍ਹੀਆਂ ਨੂੰ ਗੁਰਸਿੱਖੀ ਦੇ ਨਾਲ ਜੋੜਿਆ ।

ਉਹਨਾਂ ਦਾ ਅੰਤਿਮ ਸੰਸਕਾਰ 11 ਵਜੇ Riverside Funeral Home & Crematorium, 7410-Hopcott Road, Delta, B.C., Canada ਵਿਖੇ ਹੋਵੇਗਾ ਅਤੇ ਭੋਗ ਤੇ ਅੰਤਿਮ ਅਰਦਾਸ ਦੁਪਹਿਰ 1 ਵਜੇ ਗੁਰਦੁਆਰਾ ਸਾਹਿਬ ਸੁੱਖ ਸਾਗਰ, 347 Wood St. New Westminster, BC V3M 5K6 ਵਿਖੇ ਹੋਵੇਗੀ ।

ਹੋਰ ਜਾਣਕਾਰੀ ਲਈ ਜਾਂ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਦਾਸਰਾ ਪ੍ਰੇਮ ਸਿੰਘ : 1 (778) 834-9792 ਜਾਂ ਦਵਿੰਦਰ ਸਿੰਘ ਨਾਲ 1 (604) 803-9294 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਟਰੰਪ ਦਾ ਡੈਮੋਕ੍ਰੈਟਸ ਤੇ ਮੀਡੀਆ 'ਤੇ ਤਿੱਖਾ ਹਮਲਾ



**ਵਾਸ਼ਿੰਗਟਨ, (ਪੰਜਾਬ ਮੇਲ)-** ਸਾਬਕਾ ਅਮਰੀਕੀ ਰਾਸ਼ਟਰਪਤੀ ਅਤੇ ਰੀਪਬਲਿਕਨ ਨੇਤਾ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਇੱਕ ਵਾਰ ਫਿਰ ਰੂਸ-ਯੂਕਰੇਨ ਜੰਗ ਸਬੰਧੀ ਆਪਣਾ ਵਿਵਾਦਤ ਬਿਆਨ ਦੇ ਦਿੱਤਾ। ਟਰੁੱਥ ਸੋਸ਼ਲ 'ਤੇ ਇਕ ਪੋਸਟ 'ਚ ਟਰੰਪ ਨੇ ਕਿਹਾ ਕਿ ਜੇ ਰੂਸ "ਹੱਥ ਖੜ੍ਹੇ ਕਰ ਦੇਵੇ" ਅਤੇ ਮਾਸਕੋ, ਸੇਂਟ ਪੀਟਸਬਰਗ ਤੇ ਆਲੇ-ਦੁਆਲੇ ਦੇ ਇਲਾਕਿਆਂ ਨੂੰ ਯੂਕਰੇਨ ਅਤੇ ਅਮਰੀਕਾ ਦੇ ਹਵਾਲੇ ਕਰ ਦੇਵੇ, ਤਾਂ ਵੀ "ਝੂਠੀ ਖ਼ਬਰਾਂ ਵਾਲਾ ਮੀਡੀਆ" ਅਤੇ ਡੈਮੋਕ੍ਰੈਟ ਪਾਰਟੀ ਇਸਨੂੰ ਟਰੰਪ ਦੀ ਨਾਕਾਮੀ ਵਜੋਂ ਪੇਸ਼ ਕਰਨਗੇ।

ਉਨ੍ਹਾਂ ਲਿਖਿਆ, "ਮੈਂ ਪੂਰੀ ਤਰ੍ਹਾਂ ਯਕੀਨੀ ਹਾਂ ਕਿ ਜੇ ਰੂਸ ਨੇ ਕਿਹਾ, 'ਅਸੀਂ ਹਾਰ ਮੰਨਦੇ ਹਾਂ, ਯੂਕਰੇਨ ਅਤੇ ਅਮਰੀਕਾ ਨੂੰ ਮਾਸਕੋ, ਸੇਂਟ ਪੀਟਸਬਰਗ ਅਤੇ ਹਜ਼ਾਰ ਮੀਲ ਇਲਾਕਾ ਦੇ ਦਿੰਦੇ ਹਾਂ,' ਤਾਂ ਵੀ ਮੀਡੀਆ ਕਹੇਗਾ ਇਹ ਟਰੰਪ ਦੀ ਸਭ ਤੋਂ ਵੱਡੀ ਹਾਰ ਹੈ।"

ਟਰੰਪ ਨੇ ਆਪਣੇ ਵਿਰੋਧੀਆਂ, ਖਾਸ ਕਰਕੇ ਡੈਮੋਕ੍ਰੈਟਸ ਨੂੰ "ਰੇਡੀਕਲ ਲੈਫਟ" ਅਤੇ ਮੀਡੀਆ ਨੂੰ "ਫੇਕ ਨਿਊਜ਼" ਕਿਹਾ - ਇਹ ਸ਼ਬਦ ਉਹ ਪਹਿਲਾਂ ਵੀ ਬਹੁਤ ਵਾਰ ਵਰਤ ਚੁੱਕੇ ਹਨ।

ਇਹ ਬਿਆਨ ਉਸ ਵੇਲੇ ਆਇਆ ਹੈ, ਜਦੋਂ ਟਰੰਪ ਖੁਦ ਨੂੰ ਰੂਸ ਅਤੇ ਯੂਕਰੇਨ ਵਿਚਕਾਰ ਮਧਸਥਤਾ ਕਰ ਰਹੇ ਆਖ ਰਹੇ ਹਨ। ਕੁਝ ਘੰਟੇ ਪਹਿਲਾਂ ਹੀ ਉਹਨੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦਿਮੀਰ ਜ਼ੇਲੈਂਸਕੀ ਨਾਲ ਮੁਲਾਕਾਤ ਕਰਨੀ ਸੀ, ਜਦਕਿ ਪਿਛਲੇ ਹਫਤੇ ਉਹ ਰੂਸੀ ਰਾਸ਼ਟਰਪਤੀ ਪੂਤਿਨ ਨਾਲ ਮਿਲੇ ਸਨ - ਪਰ ਕੋਈ ਕਰਾਰ ਨਹੀਂ ਹੋਇਆ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**




EXPO
Furniture Gallery
We offer 0% interest financing and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
SPECIAL SALE
Best price guaranteed.
Designed By Punjab Mail USA
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਵੁਲਵਰਹੈਂਪਟਨ ਵਿਖੇ ਦੋ ਸਿੱਖ ਬਜ਼ੁਰਗਾਂ 'ਤੇ ਹੋਏ ਹਮਲੇ ਦੀ ਵਿਸ਼ਵ ਭਰ ਵਿਚ ਹੋ ਰਹੀ ਹੈ ਨਿੰਦਿਆ

**ਲੰਡਨ/ਵੁਲਵਰਹੈਂਪਟਨ, (ਮਨਦੀਪ ਖੁਰਮੀ ਹਿੰਮਤਪੁਰਾ/ ਪੰਜਾਬ ਮੇਲ)-** ਇੰਗਲੈਂਡ ਦੇ ਸ਼ਹਿਰ ਵੁਲਵਰਹੈਂਪਟਨ 'ਚ ਦੋ ਬਜ਼ੁਰਗ ਸਿੱਖਾਂ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੇ ਜਾਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਘਟਨਾ ਬੀਤੇ ਸ਼ੁੱਕਰਵਾਰ ਨੂੰ ਵਾਪਰੀ ਤੇ ਵੁਲਵਰਹੈਂਪਟਨ ਰੇਲਵੇ ਸਟੇਸ਼ਨ ਦੀ ਦੱਸੀ ਜਾ ਰਹੀ ਹੈ। ਘਟਨਾ ਦੀ ਇੱਕ ਵੀਡੀਓ ਵੀ ਵਾਇਰਲ ਹੋਈ ਸੀ, ਜਿਸ ਵਿਚ ਦੋ ਬਜ਼ੁਰਗ ਸਿੱਖਾਂ 'ਤੇ ਕੁੱਝ ਅੰਗਰੇਜ਼ ਨੌਜਵਾਨਾਂ ਵੱਲੋਂ ਨਸਲੀ ਟਿੱਪਣੀਆਂ ਕਰਦੇ ਹੋਏ ਹਮਲਾ ਕੀਤਾ ਗਿਆ ਸੀ। ਵੀਡੀਓ ਵਿਚ ਇੱਕ ਬਜ਼ੁਰਗ ਬੇਵੱਸ ਹਾਲਤ ਵਿਚ ਕਾਰ ਦੇ ਮੂਹਰੇ ਧਰਤੀ 'ਤੇ ਬੈਠਾ ਨਜ਼ਰ ਆਉਂਦਾ ਹੈ, ਜਦਕਿ ਦੂਸਰੇ ਬਜੁਰਗ ਦੀ ਦਸਤਾਰ ਸੜਕ 'ਤੇ ਡਿੱਗੀ ਹੋਈ ਹੈ ਤੇ ਨੌਜਵਾਨ ਉਸ ਨੂੰ ਕੁੱਟਦਾ ਨਜ਼ਰ ਆ ਰਿਹਾ ਹੈ। ਨੌਜਵਾਨ ਵੱਲੋਂ ਬੇਰਹਿਮੀ ਨਾਲ ਕੁੱਟਮਾਰ ਕੀਤੀ ਜਾ ਰਹੀ ਹੈ। ਜਦੋਂ ਹੀ ਉਹ ਆਪਣੇ ਪੈਰ ਦਾ ਠੁੱਡ ਬਜ਼ੁਰਗ ਦੇ ਸਿਰ 'ਚ ਮਾਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਇੱਕ ਹੋਰ ਵਿਅਕਤੀ ਹਮਲਾਵਰ ਨੂੰ ਪਿਛਾਂਹ ਖਿੱਚ ਲੈਂਦਾ ਹੈ। ਵੀਡੀਓ ਦੇਖਣ ਵੇਲੇ ਤੁਸੀਂ ਸਹਿਜੇ ਅੰਦਾਜ਼ਾ ਲਗਾ ਸਕਦੇ ਹੋ ਕਿ ਜੇਕਰ ਉਸ ਬਜ਼ੁਰਗ ਦੇ





ਉਹ ਠੁੱਡ ਵੱਜ ਜਾਂਦਾ, ਤਾਂ ਧੌਣ ਟੁੱਟਣ ਤੱਕ ਦੀ ਨੌਬਤ ਵੀ ਆ ਸਕਦੀ ਸੀ।

ਕਿਹਾ ਜਾ ਰਿਹਾ ਹੈ ਕਿ ਹਮਲੇ ਪਿੱਛੋਂ ਸਥਾਨਕ ਪੁਲਿਸ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਹਮਲੇ ਦੇ ਸੰਬੰਧ ਵਿਚ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ 'ਤੇ ਨਸਲੀ ਹਿੰਸਾ ਦਾ ਸ਼ੱਕ ਹੈ। ਬ੍ਰਿਟਿਸ਼ ਟ੍ਰਾਂਸਪੋਰਟ ਪੁਲਿਸ ਦੇ ਅਨੁਸਾਰ, ਹਮਲਾ ਸ਼ੁੱਕਰਵਾਰ ਦੁਪਹਿਰ ਲਗਭਗ 1:45 ਵਜੇ ਹੋਇਆ। ਦੋਵੇਂ ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ। ਗ੍ਰਿਫ਼ਤਾਰ ਕੀਤੇ ਗਏ ਲੋਕਾਂ ਦੀ ਉਮਰ 17, 19 ਅਤੇ 25 ਸਾਲ ਹੈ। ਪੁੱਛਗਿੱਛ ਤੋਂ ਬਾਅਦ ਉਨ੍ਹਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ ਅਤੇ ਜਾਂਚ ਅਜੇ ਵੀ ਜਾਰੀ ਹੈ। ਬੀ.ਟੀ.ਪੀ. ਨੇ ਇਹ ਵੀ ਕਿਹਾ ਕਿ ਉਹ ਸੋਸ਼ਲ ਮੀਡੀਆ 'ਤੇ ਹਮਲੇ ਨੂੰ ਦਰਸਾਉਂਦੀ ਇੱਕ ਵੀਡੀਓ ਦੀ ਜਾਂਚ ਕਰ ਰਹੀ ਹੈ। ਇੱਕ ਪੁਲਿਸ ਬੁਲਾਰੇ ਨੇ ਕਿਹਾ, "ਅਸੀਂ ਸੋਸ਼ਲ ਮੀਡੀਆ 'ਤੇ ਘੁੰਮ ਰਹੇ ਵੀਡੀਓ ਤੋਂ ਜਾਣੂ ਹਾਂ ਅਤੇ ਸਮਝਦੇ ਹਾਂ ਕਿ ਇਸ ਨੇ ਭਾਈਚਾਰੇ ਵਿਚ ਚਿੰਤਾ ਪੈਦਾ ਕੀਤੀ ਹੈ। ਰੇਲਵੇ ਨੈੱਟਵਰਕ 'ਤੇ ਇਸ ਤਰ੍ਹਾਂ ਦਾ ਵਿਵਹਾਰ ਬਰਦਾਸ਼ਤ ਨਹੀਂ ਕੀਤਾ ਜਾਂਦਾ ਅਤੇ ਅਸੀਂ ਇਸ ਮਾਮਲੇ ਦੀ ਪੂਰੀ ਜਾਂਚ ਕਰ ਰਹੇ ਹਾਂ।" ਜ਼ਿਕਰਯੋਗ ਹੈ ਕਿ ਉਕਤ ਵੀਡੀਓ ਕਲਿੱਪ ਵੀ ਕਿਸੇ ਬਰਤਾਨਵੀ ਔਰਤ ਵੱਲੋਂ ਹੀ ਬਣਾਇਆ ਗਿਆ ਹੈ ਤੇ ਉਹ ਹਮਲਾਵਰਾਂ ਨੂੰ ਵਾਰ-ਵਾਰ ਸ਼ਰਮ ਕਰੋ ਲਫਜ਼ ਕਹਿ ਕੇ ਦੱਸ ਰਹੀ ਹੈ ਕਿ ਉਸਨੇ ਉਨ੍ਹਾਂ ਦੀ ਵੀਡੀਓ ਬਣਾ ਲਈ ਹੈ। ਇਸ ਘਟਨਾ ਦੀ ਦੇਸ਼-ਵਿਦੇਸ਼ ਵਿਚ ਵਸਦੇ ਮਾਨਵਤਾਵਾਦੀ ਲੋਕਾਂ ਵੱਲੋਂ ਨਿੰਦਾ ਕੀਤੀ ਜਾ ਰਹੀ ਹੈ।

## ਭਾਰਤੀ ਟਰੱਕ ਡਰਾਈਵਰ ਕੋਲੋਂ 10 ਮਿਲੀਅਨ ਅਮਰੀਕੀ ਡਾਲਰ ਦੀ ਕੋਕੀਨ ਜ਼ਬਤ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਕੈਨੇਡਾ ਦੇ ਰਹਿਣ ਵਾਲੇ ਇਕ 31 ਸਾਲਾ ਭਾਰਤੀ ਨਾਗਰਿਕ ਵਿਸ਼ਵਪਾਲ ਸਿੰਘ ਨੂੰ ਨਿਊਯਾਰਕ ਵਿਚ ਸਪਲਾਈ ਦੇ ਇਰਾਦੇ ਨਾਲ ਕੋਕੀਨ ਰੱਖਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਇਸ ਅਪਰਾਧ ਲਈ ਘੱਟੋ-ਘੱਟ ਉਸ ਨੂੰ 10 ਸਾਲ ਦੀ ਕੈਦ, ਸੰਭਾਵੀ ਉਮਰ ਕੈਦ ਅਤੇ 10 ਮਿਲੀਅਨ ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਅਧਿਕਾਰੀਆਂ ਨੇ ਸਿੰਘ ਨੂੰ ਇੱਕ ਕਰਾਸ-ਕੰਟਰੀ ਟਰੱਕਿੰਗ ਰੂਟ 'ਤੇ ਰੋਕਿਆ। ਜਾਂਚਕਰਤਾਵਾਂ ਨੂੰ ਉਸਦੇ ਟਰੈਕਟਰ-ਟ੍ਰੇਲਰ ਵਿਚ ਫੈਬਰਿਕ ਸਾਫਟਨਰ ਦੇ ਡੱਬਿਆਂ ਦੇ ਅੰਦਰ ਲੁਕਾਈ ਹੋਈ 108 ਕਿਲੋਗ੍ਰਾਮ ਕੋਕੀਨ ਮਿਲੀ। ਅਮਰੀਕੀ ਅਟਾਰਨੀ ਮਾਈਕਲ ਡਿਗਿਆਕੋਮੋ ਨੇ ਨਿਊਯਾਰਕ ਦੇ ਪੱਛਮੀ ਜ਼ਿਲ੍ਹੇ ਵਿਚ ਇੱਕ ਅੰਤਰਰਾਸ਼ਟਰੀ ਸਰਹੱਦੀ ਕਰਾਸਿੰਗ 'ਤੇ ਜ਼ਬਤ ਕੀਤੀ ਗਈ ਕੋਕੀਨ ਸਭ ਤੋਂ ਵੱਡੇ ਜ਼ਬਤ ਵਿਚੋਂ ਇਸ ਨੂੰ ਇੱਕ ਦੱਸਿਆ ਹੈ।

ਸੰਘੀ ਜਾਂਚਕਰਤਾਵਾਂ ਨੇ ਸਿੰਘ ਨੂੰ ਗ੍ਰਿਫ਼ਤਾਰ ਕਰਨ ਤੋਂ ਪਹਿਲਾਂ ਕਈ ਰਾਜਾਂ ਵਿਚ ਟਰੈਕ ਕੀਤਾ ਸੀ। ਇਹ ਮਾਮਲਾ ਜੁਲਾਈ 2025 ਵਿਚ ਡੇਟ੍ਰਾਇਟ ਅੰਬੈਸਡਰ ਬ੍ਰਿਜ 'ਤੇ ਹੋਈ ਜ਼ਬਤੀ ਨਾਲ ਜੁੜਿਆ ਹੋਇਆ ਹੈ, ਜਿੱਥੇ ਅਧਿਕਾਰੀਆਂ ਨੇ ਪਵਨਜੀਤ ਗਿੱਲ ਤੋਂ 228 ਕਿਲੋਗ੍ਰਾਮ ਕੋਕੀਨ ਜ਼ਬਤ ਕੀਤੀ ਸੀ। ਉਸ ਘਟਨਾ ਤੋਂ ਮਿਲੀ ਖੁਫੀਆ ਜਾਣਕਾਰੀ ਨੇ ਅਧਿਕਾਰੀਆਂ ਨੂੰ ਨਿਊਯਾਰਕ ਵਿਚ ਸਿੰਘ ਨੂੰ ਰੋਕਣ ਵਿਚ ਮਦਦ ਕੀਤੀ। ਸਿੰਘ ਅਮਰੀਕੀ ਮੈਜਿਸਟ੍ਰੇਟ ਜੱਜ ਮਾਈਕਲ ਜੇ. ਰੋਮਰ ਦੇ ਸਾਹਮਣੇ ਪੇਸ਼ ਹੋਇਆ ਅਤੇ ਹਿਰਾਸਤ ਵਿਚ ਹੈ। ਉਸਦੀ ਨਜ਼ਰਬੰਦੀ ਦੀ ਸੁਣਵਾਈ 19 ਅਗਸਤ ਨੂੰ ਹੋਣੀ ਹੈ, ਜਿੱਥੇ ਅਦਾਲਤ ਫੈਸਲਾ ਕਰੇਗੀ ਕਿ ਉਸਨੂੰ ਮੁਕੱਦਮੇ ਤੋਂ ਪਹਿਲਾਂ ਰਿਹਾਅ ਕੀਤਾ ਜਾ ਸਕਦਾ ਹੈ ਜਾਂ ਨਹੀਂ।

# ਮਿਸ਼ੀਗਨ ਦੇ ਇੱਕ ਮੋਟਲ ਦੇ ਸਵੀਮਿੰਗ ਪੂਲ 'ਚ ਗੁਜਰਾਤੀ ਵਿਅਕਤੀ ਦੀ ਡੁੱਬਣ ਨਾਲ ਮੌਤ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਬੀਤੇ ਦਿਨੀਂ ਅਮਰੀਕਾ ਵਿਚ ਵਾਪਰੀ ਇੱਕ ਬਹੁਤ ਹੀ ਦੁਖਦਾਈ ਘਟਨਾ 'ਚ ਇੱਕ ਗੁਜਰਾਤੀ ਨੌਜਵਾਨ ਦੀ ਹੋਟਲ ਦੇ ਸਵੀਮਿੰਗ ਪੂਲ 'ਚ ਨਹਾਉਂਦੇ ਸਮੇਂ ਡੁੱਬ ਜਾਣ ਕਾਰਨ ਮੌਤ ਹੋ ਗਈ। ਨੌਜਵਾਨ ਦੀ ਪਛਾਣ ਦੀਕਸ਼ਿਤ ਪਟੇਲ ਵਜੋਂ ਹੋਈ ਹੈ, ਜੋ ਮਿਸ਼ੀਗਨ ਵਿਚ ਇੱਕ ਹੋਟਲ ਦੇ ਸਵੀਮਿੰਗ ਪੂਲ ਵਿਚ ਨਹਾਉਣ ਗਿਆ ਸੀ, ਪਰ ਦੀਕਸ਼ਿਤ, ਜੋ ਡੂੰਘੇ ਪਾਣੀ ਵਿਚ ਪਹੁੰਚ ਗਿਆ ਸੀ ਅਤੇ ਤੈਰ ਨਹੀਂ ਸਕਦਾ ਸੀ, ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੀਕਸ਼ਿਤ ਪਟੇਲ ਗੁਜਰਾਤ ਰਾਜ ਦੇ ਮਹਿਸਾਣਾ ਜ਼ਿਲ੍ਹੇ ਦੇ ਨਦਾਸਾ ਪਿੰਡ ਦਾ ਰਹਿਣ ਵਾਲਾ ਸੀ ਅਤੇ ਆਪਣੀ ਪਤਨੀ ਨਾਲ ਅਮਰੀਕਾ ਵਿਚ ਰਹਿੰਦਾ ਸੀ। ਦੀਕਸ਼ਿਤ ਦੀ ਪਤਨੀ ਵਨੀਤਾ ਪਟੇਲ ਇਸ ਸਮੇਂ ਗਰਭਵਤੀ ਹੈ ਅਤੇ ਉਸਦਾ ਪਤੀ ਕਿਸੇ ਅਣਜਾਣ ਦੇਸ਼ ਵਿਚ ਉਸਦਾ ਇੱਕੋ ਇੱਕ ਸਹਾਰਾ ਸੀ ਅਤੇ ਉਸ ਦੀ ਪਤਨੀ , ਵਨੀਤਾ ਅਮਰੀਕਾ ਵਿਚ ਇਕੱਲੀ ਰਹਿ ਗਈ ਹੈ। ਦੀਕਸ਼ਿਤ ਪਟੇਲ ਦੀ ਪਤਨੀ ਅਤੇ ਪਰਿਵਾਰ ਦੀ ਮਦਦ ਲਈ ਕ੍ਰਾਊਡਫੰਡਿੰਗ ਵੀ ਸ਼ੁਰੂ ਕਰ ਦਿੱਤਾ ਗਿਆ ਹੈ, ਸ਼ੁਰੂ ਵਿਚ ਇਸਦੇ ਲਈ 30,000 ਹਜ਼ਾਰ ਡਾਲਰ ਦਾ ਟੀਚਾ ਰੱਖਿਆ ਗਿਆ ਸੀ, ਜਿਸਨੂੰ ਹੁਣ ਵਧਾ ਕੇ 50,000 ਹਜ਼ਾਰ ਡਾਲਰ ਕਰ ਦਿੱਤਾ ਗਿਆ ਹੈ ਅਤੇ ਅਮਰੀਕਾ ਵਿਚ ਰਹਿਣ ਵਾਲੇ

## ਭਾਰਤ ਨੂੰ ਡੈੱਡ ਇਕੋਨਮੀ ਕਹਿਣ ਵਾਲੇ ਟਰੰਪ ਨੂੰ ਅਮਰੀਕਾ ਦੀ ਰੇਟਿੰਗ ਏਜੰਸੀ ਨੇ ਦਿੱਤਾ ਤਗੜਾ ਜਵਾਬ

**ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਾਲ ਹੀ 'ਚ ਭਾਰਤ ਦੀ ਇਕੋਨਮੀ ਨੂੰ ਡੈੱਡ ਇਕੋਨਮੀ ਕਿਹਾ ਸੀ। ਹੁਣ ਉਨ੍ਹਾਂ ਨੂੰ ਕਿਸੇ ਹੋਰ ਤੋਂ ਨਹੀਂ, ਸਗੋਂ ਗਲੋਬਲ ਰੇਟਿੰਗ ਏਜੰਸੀ ਐੱਸ. ਐਂਡ ਪੀ. ਵੱਲੋਂ ਤਗੜਾ ਜਵਾਬ ਮਿਲ ਗਿਆ ਹੈ।

ਐੱਸ. ਐਂਡ ਪੀ. ਗਲੋਬਲ ਰੇਟਿੰਗਜ਼ ਨੇ ਭਾਰਤ ਦੀ ਸਾਖ ਨੂੰ ਇਕ ਸਥਾਨ ਵਧਾ ਕੇ 'ਬੀ.ਬੀ.ਬੀ.' ਕਰ ਦਿੱਤਾ। ਮਹਿੰਗਾਈ 'ਤੇ ਰੋਕ ਲਾਉਣ ਵਾਲੇ ਬਿਹਤਰ ਮੁਦਰਾ ਨੀਤੀ ਉਪਰਾਲਿਆਂ ਨਾਲ ਮਜ਼ਬੂਤ ਆਰਥਿਕ ਵਾਧੇ ਦਾ ਹਵਾਲਾ ਦਿੰਦਿਆਂ ਰੇਟਿੰਗ ਵਧਾਈ ਗਈ ਹੈ। ਭਾਰਤ ਦੀ ਰੇਟਿੰਗ ਨੂੰ ਹੇਠਲੇ ਨਿਵੇਸ਼ ਪੱਧਰ 'ਬੀ.ਬੀ.ਬੀ.-' ਤੋਂ ਵਧਾਉਣ ਵਾਲੀ ਐੱਸ. ਐਂਡ ਪੀ. ਪਹਿਲੀ ਗਲੋਬਲ ਰੇਟਿੰਗ ਏਜੰਸੀ ਹੈ। ਐੱਸ. ਐਂਡ ਪੀ. ਨੇ ਇਕ ਬਿਆਨ 'ਚ ਕਿਹਾ, "ਭਾਰਤ ਮਾਲੀਆ ਮਜ਼ਬੂਤੀ ਨੂੰ ਪਹਿਲ ਦੇ ਰਿਹਾ ਹੈ। ਇਹ ਮਜ਼ਬੂਤ ਬੁਨਿਆਦੀ ਢਾਂਚਾ ਤਿਆਰ ਕਰਨ ਦੀ ਮੁਹਿੰਮ ਨੂੰ ਬਣਾਈ ਰੱਖਦੇ ਹੋਏ ਸਥਾਈ ਜਨਤਕ ਵਿੱਤ ਪ੍ਰਦਾਨ ਕਰਨ ਨੂੰ ਲੈ ਕੇ ਸਰਕਾਰ ਦੀ ਰਾਜਨੀਤਕ ਵਚਨਬੱਧਤਾ ਨੂੰ ਦਰਸਾਉਂਦਾ ਹੈ।"

# ਪੁਤਿਨ ਤੇ ਜ਼ੇਲੇਂਸਕੀ ਦੀ ਛੇਤੀ ਹੋਵੇਗੀ ਮੀਟਿੰਗ : ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)-** ਵ੍ਹਾਈਟ ਹਾਊਸ ਵਿਖੇ ਵੋਲੋਦੀਮੀਰ ਜ਼ੇਲੇਂਸਕੀ ਅਤੇ ਯੂਰਪੀਅਨ ਨੇਤਾਵਾਂ ਨਾਲ ਮੁਲਾਕਾਤ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਰੂਸ ਅਤੇ ਯੂਕ੍ਰੇਨ ਵਿਚਕਾਰ ਸ਼ਾਂਤੀ ਦੀ ਸੰਭਾਵਨਾ ਤੋਂ ਬਹੁਤ ਖੁਸ਼ ਹਨ ਅਤੇ ਜ਼ੇਲੇਂਸਕੀ ਅਤੇ ਪੁਤਿਨ ਜਲਦੀ ਹੀ ਮਿਲਣਗੇ, ਜਿਸ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਸ ਤੋਂ ਬਾਅਦ ਤਿੰਨ-ਪੱਖੀ ਗੱਲਬਾਤ ਹੋਵੇਗੀ। ਇਸ ਦੇ ਨਾਲ ਹੀ ਇਸ ਪ੍ਰਸਤਾਵਿਤ ਦੁਵੱਲੀ ਮੀਟਿੰਗ ਬਾਰੇ ਬੋਲਦੇ ਹੋਏ ਜ਼ੇਲੇਂਸਕੀ ਨੇ ਕਿਹਾ ਕਿ ਸਾਨੂੰ (ਰੂਸ-ਯੂਕਰੇਨ) ਬਿਨਾਂ ਸ਼ਰਤ ਮਿਲਣਾ ਚਾਹੀਦਾ ਹੈ ਅਤੇ ਜੰਗ ਨੂੰ ਖਤਮ ਕਰਨ ਦੇ ਅੱਗੇ ਵਧਣ ਦੇ ਤਰੀਕੇ ਬਾਰੇ ਸੋਚਣਾ ਚਾਹੀਦਾ ਹੈ।

ਵ੍ਹਾਈਟ ਹਾਊਸ ਵਿਖੇ ਮੀਟਿੰਗ ਖਤਮ ਹੋਣ ਤੋਂ ਬਾਅਦ ਟਰੰਪ ਨੇ ਸੋਸ਼ਲ ਮੀਡੀਆ 'ਤੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਓਵਲ ਦਫ਼ਤਰ ਵਿਚ ਮੀਟਿੰਗ ਦੌਰਾਨ ਅਸੀਂ ਯੂਕ੍ਰੇਨ ਲਈ ਸੁਰੱਖਿਆ ਗਾਰੰਟੀਆਂ 'ਤੇ ਚਰਚਾ ਕੀਤੀ, ਜੋ ਕਿ ਵੱਖ-ਵੱਖ ਯੂਰਪੀਅਨ ਦੇਸ਼ਾਂ ਦੁਆਰਾ ਸੰਯੁਕਤ ਰਾਜ ਅਮਰੀਕਾ ਦੇ ਤਾਲਮੇਲ ਵਿਚ ਪ੍ਰਦਾਨ ਕੀਤੀਆਂ ਜਾਣਗੀਆਂ। ਹਰ ਕੋਈ ਰੂਸ-ਯੂਕਰੇਨ ਲਈ ਸ਼ਾਂਤੀ ਦੀ ਸੰਭਾਵਨਾ ਤੋਂ ਬਹੁਤ ਖੁਸ਼ ਹੈ।

ਟਰੰਪ ਨੇ ਅੱਗੇ ਕਿਹਾ, "ਉੱਚ ਪੱਧਰੀ ਮੀਟਿੰਗ ਖਤਮ ਹੋਣ ਤੋਂ ਬਾਅਦ ਉਨ੍ਹਾਂ ਪੁਤਿਨ ਨੂੰ ਫ਼ੋਨ ਕੀਤਾ ਅਤੇ ਰਾਸ਼ਟਰਪਤੀ ਪੁਤਿਨ ਅਤੇ ਰਾਸ਼ਟਰਪਤੀ ਜ਼ੇਲੇਂਸਕੀ ਵਿਚਕਾਰ ਇੱਕ ਨਿਰਧਾਰਤ ਜਗ੍ਹਾ 'ਤੇ ਮੁਲਾਕਾਤ ਲਈ ਪ੍ਰਬੰਧ ਸ਼ੁਰੂ ਹੋ ਗਏ ਹਨ। ਇਸ ਤੋਂ ਬਾਅਦ ਸਾਡੀ ਇੱਕ






ਤਿਕੋਣੀ ਮੀਟਿੰਗ ਹੋਵੇਗੀ ਜਿਸ ਵਿਚ ਉਹ ਅਤੇ ਰਾਸ਼ਟਰਪਤੀ ਦੋਵੇਂ ਸ਼ਾਮਲ ਹੋਵਾਂਗੇ।"

ਉਨ੍ਹਾਂ ਇਹ ਵੀ ਕਿਹਾ ਕਿ ਇਹ ਲਗਭਗ ਚਾਰ ਸਾਲਾਂ ਤੋਂ ਚੱਲ ਰਹੀ ਇਸ ਜੰਗ ਨੂੰ ਰੋਕਣ ਲਈ ਇੱਕ ਬਹੁਤ ਵਧੀਆ, ਸ਼ੁਰੂਆਤੀ ਕਦਮ ਸੀ। ਅੰਤ ਵਿਚ ਉਨ੍ਹਾਂ ਨੇ ਉਪ ਰਾਸ਼ਟਰਪਤੀ ਜੇਡੀ ਵੈਂਸ, ਵਿਦੇਸ਼ ਮੰਤਰੀ ਮਾਰਕੋ ਰੂਬੀਓ ਅਤੇ ਵਿਸ਼ੇਸ਼ ਦੂਤ ਸਟੀਵ ਵਿਟਕੌਫ ਦਾ ਵੀ ਧੰਨਵਾਦ ਕੀਤਾ, ਜੋ ਰੂਸ ਅਤੇ ਯੂਕਰੇਨ ਨਾਲ ਤਾਲਮੇਲ ਕਰ ਰਹੇ ਹਨ। ਵ੍ਹਾਈਟ ਹਾਊਸ ਵਿਚ ਹੋਈ ਇਸ ਉੱਚ ਪੱਧਰੀ ਮੀਟਿੰਗ ਵਿਚ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ, ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ, ਫਿਨਲੈਂਡ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਸਟੱਬ, ਇਟਲੀ ਦੀ ਪ੍ਰਧਾਨ ਮੰਤਰੀ ਜਾਰਜੀਆ ਮੇਲੋਨੀ, ਯੂਨਾਈਟਿਡ ਕਿੰਗਡਮ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ, ਜਰਮਨ ਚਾਂਸਲਰ ਫ੍ਰੈਡਰਿਕ ਮਰਜ਼, ਯੂਰਪੀਅਨ ਕਮਿਸ਼ਨ ਦੇ ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ ਅਤੇ ਨਾਟੋ ਦੇ ਸਕੱਤਰ ਜਨਰਲ ਮਾਰਕ ਰੁਟੇ ਨੇ ਵੀ ਹਿੱਸਾ ਲਿਆ ਸੀ।

# ਟਰੰਪ ਨੇ ਕਾਰੋਬਾਰੀ ਜਿੰਮੀ ਲਾਈ ਨੂੰ ਰਿਹਾਅ ਕਰਾਉਣ ਦੀ ਸਹੁੰ ਦੁਹਰਾਈ!

**ਹਾਂਗਕਾਂਗ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਲੋਕਤੰਤਰ ਪੱਖੀ ਕਾਰੋਬਾਰੀ ਅਤੇ ਬੀਜਿੰਗ ਨੂੰ ਨਾਪਸੰਦ ਕਾਰੋਬਾਰੀ ਜਿੰਮੀ ਲਾਈ ਨੂੰ ਹਾਂਗਕਾਂਗ ਦੀ ਜੇਲ੍ਹ ਤੋਂ ਰਿਹਾਅ ਕਰਨ ਦੀ ਆਪਣੀ ਸਹੁੰ ਦੁਹਰਾਈ ਹੈ। ਜਿੰਮੀ ਲਗਭਗ 10 ਮਹੀਨੇ ਤੋਂ ਹਾਂਗਕਾਂਗ ਦੀ ਜੇਲ੍ਹ ਵਿਚ ਬੰਦ ਹੈ।





ਸੀ.ਐੱਨ.ਐੱਨ ਦੀ ਇੱਕ ਰਿਪੋਰਟ ਅਨੁਸਾਰ 77 ਸਾਲਾ ਮੀਡੀਆ ਕਾਰੋਬਾਰੀ 1,600 ਦਿਨਾਂ ਤੋਂ ਵੱਧ ਸਮੇਂ ਤੋਂ ਵੱਧ ਸੁਰੱਖਿਆ ਵਾਲੀ ਜੇਲ੍ਹ ਵਿਚ ਬੰਦ ਹੈ, ਜਿਨ੍ਹਾਂ ਵਿਚੋਂ ਜ਼ਿਆਦਾਤਰ ਦਿਨ ਇਕਾਂਤ ਕੈਦ ਦੇ ਹਨ। ਉਹ ਆਪਣੀ ਬਾਕੀ ਦੀ ਜ਼ਿੰਦਗੀ ਉੱਥੇ ਬਿਤਾਉਣ ਦੀ ਸੰਭਾਵਨਾ 'ਤੇ ਵੀ ਵਿਚਾਰ ਕਰ ਰਿਹਾ ਹੈ।

ਟਰੰਪ ਨੇ ਪਿਛਲੇ ਅਕਤੂਬਰ ਵਿਚ ਇੱਕ ਪੋਡਕਾਸਟ ਇੰਟਰਵਿਊ ਵਿਚ ਐਲਾਨ ਕੀਤਾ ਸੀ, "100 ਪ੍ਰਤੀਸ਼ਤ ਮੈਂ ਉਸਨੂੰ ਬਾਹਰ ਕੱਢਾਂਗਾ। ਉਸਨੂੰ ਬਾਹਰ ਕੱਢਣਾ ਆਸਾਨ ਹੋਵੇਗਾ।" ਲਾਈ ਐਪਲ ਡੇਲੀ ਦੇ ਸਪੱਸ਼ਟ ਸੰਸਥਾਪਕ ਰਹੇ ਹਨ, ਜੋ ਇੱਕ ਕੱਟੜ ਲੋਕਤੰਤਰ ਪੱਖੀ ਅਖਬਾਰ ਸੀ ਅਤੇ ਸਾਲਾਂ ਤੱਕ ਚੀਨੀ ਕਮਿਊਨਿਸਟ ਪਾਰਟੀ ਵਿਰੁੱਧ ਤਿੱਖੀ ਆਲੋਚਨਾਵਾਂ ਲਈ ਜਾਣਿਆ ਜਾਂਦਾ ਹੈ। ਅਖ਼ਬਾਰ ਨੂੰ ਬਾਅਦ ਵਿਚ ਜ਼ਬਰਦਸਤੀ ਬੰਦ ਕਰ ਦਿੱਤਾ ਗਿਆ। ਇਤਿਹਾਸਕ ਮੁਕੱਦਮੇ ਵਿਚ ਲਾਈ 'ਤੇ ਵਿਦੇਸ਼ੀ ਤਾਕਤਾਂ ਨਾਲ ਮਿਲੀਭੁਗਤ ਦੇ ਦੋ ਦੋਸ਼ ਲਗਾਏ ਗਏ ਸਨ, ਇੱਕ ਅਜਿਹਾ ਅਪਰਾਧ ਜਿਸਦੀ ਸਜ਼ਾ ਬੀਜਿੰਗ ਦੁਆਰਾ ਲਾਗੂ ਕੀਤੇ ਗਏ 2020 ਦੇ ਰਾਸ਼ਟਰੀ ਸੁਰੱਖਿਆ ਕਾਨੂੰਨ ਦੇ ਤਹਿਤ ਉਮਰ ਕੈਦ ਹੈ। ਇਨ੍ਹਾਂ ਤੋਂ ਇਲਾਵਾ ਉਨ੍ਹਾਂ 'ਤੇ ਦੇਸ਼ਧ੍ਰੋਹ ਦਾ ਵੀ ਦੋਸ਼ ਲਗਾਇਆ ਗਿਆ ਸੀ। ਹਾਲਾਂਕਿ ਉਨ੍ਹਾਂ ਨੇ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

ਸ਼ੁੱਕਰਵਾਰ ਨੂੰ ਹਾਂਗਕਾਂਗ ਦੀ ਇੱਕ ਅਦਾਲਤ ਭਾਰੀ ਬਾਰਿਸ਼ ਕਾਰਨ ਇੱਕ ਦਿਨ ਦੀ ਦੇਰੀ ਤੋਂ ਬਾਅਦ ਬਚਾਅ ਪੱਖ ਅਤੇ ਵਕੀਲ ਦੋਵਾਂ ਤੋਂ ਅੰਤਿਮ ਦਲੀਲਾਂ ਸੁਣੇਗੀ। ਸੁਣਵਾਈ ਅਗਲੇ ਕਈ ਦਿਨਾਂ ਤੱਕ ਚੱਲਣ ਦੀ ਉਮੀਦ ਹੈ ਅਤੇ ਫਿਰ ਲਾਈ ਦੀ ਕਿਸਮਤ ਦਾ ਫੈਸਲਾ ਕੀਤਾ ਜਾਵੇਗਾ। ਇਹ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਵਪਾਰ ਸੌਦਾ ਕਰਨ ਦੀ ਕੋਸ਼ਿਸ਼ ਕਰਦੇ ਹੋਏ ਆਪਣੇ ਵਾਅਦੇ ਨੂੰ ਪੂਰਾ ਕਰਨ ਦੇ ਟਰੰਪ ਦੇ ਇਰਾਦੇ ਦੀ ਵੀ ਪ੍ਰੀਖਿਆ ਹੋਵੇਗੀ। ਫੌਕਸ ਨਿਊਜ਼ ਰੇਡੀਓ ਦੇ ਇੱਕ ਇੰਟਰਵਿਊ ਵਿਚ ਲਾਈ ਬਾਰੇ ਪੁੱਛੇ ਜਾਣ 'ਤੇ ਟਰੰਪ ਨਤੀਜੇ ਬਾਰੇ ਥੋੜ੍ਹਾ ਘੱਟ ਵਿਸ਼ਵਾਸੀ ਜਾਪਦੇ ਸਨ ਪਰ ਹਰ ਸੰਭਵ ਕੋਸ਼ਿਸ਼ ਕਰਨ ਦਾ ਵਾਅਦਾ ਕੀਤਾ। ਉਸਨੇ ਜ਼ੋਰ ਦੇ ਕੇ ਕਿਹਾ, "ਮੈਂ 100 ਪ੍ਰਤੀਸ਼ਤ ਇਹ ਨਹੀਂ ਕਿਹਾ ਸੀ ਕਿ ਮੈਂ ਉਸਨੂੰ ਬਚਾਵਾਂਗਾ। ਮੈਂ 100 ਪ੍ਰਤੀਸ਼ਤ ਕਿਹਾ ਸੀ ਕਿ ਮੈਂ ਇਸ ਮੁੱਦੇ ਨੂੰ ਉਠਾਵਾਂਗਾ ਅਤੇ ਮੈਂ ਪਹਿਲਾਂ ਹੀ ਇਹ ਮੁੱਦਾ ਉਠਾ ਚੁੱਕਾ ਹਾਂ ਅਤੇ ਮੈਂ ਉਸਨੂੰ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗਾ।" ਪੋਡਕਾਸਟ ਵਿਚ ਇਹ ਪੁੱਛੇ ਜਾਣ 'ਤੇ ਕਿ ਕੀ ਉਹ ਲਾਈ ਨੂੰ ਦੇਸ਼ ਤੋਂ ਬਾਹਰ ਕੱਢਣ ਲਈ ਰਾਸ਼ਟਰਪਤੀ ਸ਼ੀ ਨਾਲ ਗੱਲ ਕਰਨਗੇ ਤਾਂ ਰਾਸ਼ਟਰਪਤੀ ਟਰੰਪ ਨੇ ਚੀਨ ਨਾਲ ਅਮਰੀਕੀ ਵਪਾਰਕ ਗੱਲਬਾਤ ਦੇ ਹਿੱਸੇ ਵਜੋਂ ਲਾਈ ਦਾ ਮਾਮਲਾ ਉਠਾਉਣ ਦਾ ਵਾਅਦਾ ਕੀਤਾ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਬੇਕਰਸਫੀਲਡ ਕੈਲੀਫੋਰਨੀਆ ਵਿਖੇ ਅੰਤਰਰਾਸ਼ਟਰੀ ਸਿੱਖ ਯੂਥ ਸਿਮਪੋਜ਼ੀਅਮ 2025 ਦਾ ਆਯੋਜਨ

**ਬੇਕਰਸਫੀਲਡ, (ਸਮੀਪ ਸਿੰਘ ਗੁਮਟਾਲਾ/ਪੰਜਾਬ ਮੇਲ)**- ਬੀਤੇ ਦਿਨੀਂ ਸਿੱਖ ਯੂਥ ਅਲਾਇੰਸ ਆਫ਼ ਨਾਰਥ ਅਮਰੀਕਾ (ਸਿਆਨਾ) ਵਲੋਂ ਕਰਵਾਏ ਜਾਂਦੇ ਚਾਰ ਰੋਜ਼ਾ ਸਾਲਾਨਾ ਇੰਟਰਨੈਸ਼ਨਲ ਸਿੱਖ ਯੂਥ ਸਿਮਪੋਜ਼ੀਅਮ 2025 ਸੰਬੰਧੀ ਮੁਕਾਬਲੇ ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੇ ਸ਼ਹਿਰ ਬੇਕਰਸਫੀਲਡ ਵਿਖੇ ਆਯੋਜਿਤ ਕੀਤੇ ਗਏ। ਗੁਰਦੁਆਰਾ ਗੁਰੂ ਅੰਗਦ ਦਰਬਾਰ ਵਿਖੇ ਹੋਏ ਪ੍ਰੋਗਰਾਮਾਂ ਵਿਚ ਅਮਰੀਕਾ ਅਤੇ ਕੈਨੇਡਾ ਤੋਂ ਆਏ 6 ਸਾਲ ਤੋਂ ਲੈ ਕੇ 22 ਸਾਲਾਂ ਤੱਕ ਦੇ 68 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ।

ਸਿਮਪੋਜ਼ੀਅਮ ਅਤੇ ਸਿਆਨਾ ਸੰਸਥਾ ਦੇ ਰਾਸ਼ਟਰੀ ਕਨਵੀਨਰ ਕੁਲਦੀਪ ਸਿੰਘ ਨੇ ਦੱਸਿਆ ਕਿ ਸੰਸਥਾ ਵਲੋਂ ਇਹ ਸਿਮਪੋਜ਼ੀਅਮ ਸਾਲ 1999 ਤੋਂ ਹਰ ਸਾਲ ਮਾਰਚ-ਅਪ੍ਰੈਲ ਦੇ ਮਹੀਨੇ ਵਿਚ ਪਹਿਲਾਂ ਅਮਰੀਕਾ ਅਤੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ ਮੁਕਾਬਲੇ ਕਰਵਾਏ ਜਾਂਦੇ ਹਨ। ਵੱਖ-ਵੱਖ ਸ਼ਹਿਰਾਂ ਦੇ ਜੇਤੂ ਬੱਚੇ ਫਿਰ ਰਾਜ ਪੱਧਰੀ ਤੇ ਅੰਤ ਵਿਚ ਰਾਜ ਪੱਧਰੀ ਮੁਕਾਬਲਿਆਂ ਦੇ ਜੇਤੂ ਬੱਚੇ ਅਗਸਤ ਮਹੀਨੇ 'ਚ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲਿਆਂ 'ਚ ਭਾਗ ਲੈਂਦੇ ਹਨ। ਰਾਜ ਪੱਧਰੀ ਮੁਕਾਬਲਿਆਂ ਲਈ ਅਮਰੀਕਾ ਅਤੇ ਕੈਨੇਡਾ ਨੂੰ 13 ਵੱਖ-ਵੱਖ ਹਿੱਸਿਆਂ 'ਚ ਵੰਡਿਆ ਗਿਆ ਹੈ ਤੇ ਹਰ ਖਿੱਤੇ ਤੋਂ ਜੇਤੂ ਬੱਚੇ ਇਨ੍ਹਾਂ ਇੰਟਰਨੈਸ਼ਨਲ ਫਾਈਨਲ ਮੁਕਾਬਲਿਆਂ 'ਚ ਜਾਂਦੇ ਹਨ।



ਉਨ੍ਹਾਂ ਅੱਗੇ ਦੱਸਿਆ ਕਿ ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿਚ ਵੰਡਿਆ ਗਿਆ ਹੈ। ਹਰੇਕ ਗਰੁੱਪ ਨੂੰ ਇਕ ਕਿਤਾਬ ਅਤੇ ਤਿੰਨ ਸਵਾਲ ਦਿੱਤੇ ਗਏ ਸਨ। ਬੱਚਿਆਂ ਨੇ ਇਨ੍ਹਾਂ ਸਵਾਲਾਂ ਦੇ ਜਵਾਬ 5 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦਿੱਤੇ। ਇਸ ਸਾਲ ਪਹਿਲੇ ਗਰੁੱਪ ਨੂੰ "ਸਾਕਾ ਚਮਕੌਰ", ਦੂਜੇ ਨੂੰ "ਸਿੱਖ ਸਾਖੀਜ਼", ਤੀਜੇ ਨੂੰ "ਸਿੱਖ ਇਤਿਹਾਸ ਦੀਆਂ ਚੋਣਵੀਆਂ ਸਾਖੀਆਂ" ਅਤੇ ਚੌਥੇ ਨੂੰ "ਦ ਮੈਸੇਜ ਆਫ ਗੁਰਬਾਣੀ" ਪੁਸਤਕ ਦਿੱਤੀ ਗਈ।

ਪੰਜਵੇਂ ਗਰੁੱਪ ਵਿਚ ਭਾਗ ਲੈਣ ਵਾਲੇ 16 ਤੋਂ 22 ਸਾਲਾਂ ਦੇ ਨੌਜਵਾਨਾਂ ਨੇ "ਆਸ਼ਾ ਕੀ ਵਾਰ" ਸੰਬੰਧੀ ਡਿਬੇਟ ਵਿਚ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ। ਇਹ ਡਿਬੇਟ ਲਗਭਗ ਚਾਰ ਘੰਟੇ ਤੱਕ ਚੱਲੀ ਅਤੇ ਇਸ ਵਿਚ ਸ਼ੁਰੂਆਤੀ ਬਿਆਨ, ਪੁੱਛੇ ਗਏ ਪ੍ਰਸ਼ਨਾਂ ਅਤੇ ਜਵਾਬ ਦੇ ਨਾਲ ਸੰਬੰਧਤ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਅਤੇ ਸਮਾਪਤੀ ਦਾ ਬਿਆਨ ਸ਼ਾਮਲ ਸਨ।

ਸਿਮਪੋਜ਼ੀਅਮ ਦੇ ਕੈਲੀਫੋਰਨੀਆ ਤੋਂ ਰੀਜਨਲ ਕਨਵੀਨਰ ਡਾ. ਮਨਬੀਰ ਸਿੰਘ ਨੇ ਦੱਸਿਆ ਕਿ ਬੇਕਰਸਫੀਲਡ ਨੂੰ 17 ਸਾਲਾਂ ਬਾਦ ਮੁੜ ਇਸ 4 ਰੋਜ਼ਾ ਸਾਲਾਨਾ ਸਮਾਗਮ ਨੂੰ ਕਰਵਾਉਣ ਦਾ ਮੌਕਾ ਮਿਲਿਆ। ਇਸ ਵਿਚ ਅਮਰੀਕਾ ਕੈਨੇਡਾ ਤੋਂ ਆਏ 68 ਬੱਚਿਆਂ, ਉਨ੍ਹਾਂ ਦੇ ਪਰਿਵਾਰਾਂ ਸਣੇ ਤਕਰੀਬਨ 200 ਤੋਂ ਵੱਧ ਮਹਿਮਾਨ ਬੇਕਰਸਫੀਲਡ ਆਏ ਸਨ। ਸਿਮਪੋਜ਼ੀਅਮ ਦੀ ਤਿਆਰੀ ਨਾਲ ਬੱਚਿਆ ਨੂੰ ਜਿੱਥੇ ਸਿੱਖ ਇਤਿਹਾਸ, ਗੁਰਬਾਣੀ, ਧਰਮ ਤੇ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ, ਨਾਲ ਹੀ ਉਨ੍ਹਾਂ ਨੂੰ ਭਾਸ਼ਣ ਲਿਖਣ ਤੇ ਬੋਲਣ ਦਾ ਵੀ ਪਤਾ ਲੱਗਦਾ ਹੈ।

ਇਨ੍ਹਾਂ ਫਾਈਨਲ ਮੁਕਾਬਲਿਆਂ 'ਚ ਪਹੁੰਚਣ ਵਾਲੇ ਬੱਚਿਆਂ ਲਈ ਹਰ ਸਾਲ ਵਾਂਗ ਇੱਕ ਵਿਸ਼ੇਸ਼ ਸਨਮਾਨ ਪ੍ਰੋਗਰਾਮ ਵੀ ਰੱਖਿਆ ਗਿਆ। ਇਸ ਵਿਚ ਸਾਰੇ ਬੁਲਾਰਿਆਂ ਦਾ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਬਾਰੇ ਆਏ ਹੋਏ ਮਹਿਮਾਨਾਂ ਨੂੰ ਜਾਣਕਾਰੀ ਦਿੱਤੀ ਗਈ। ਕੈਲੀਫੋਰਨੀਆ ਅਸੈਂਬਲੀ ਲਈ ਚੁਣੀ ਗਈ ਪਹਿਲੀ ਸਿੱਖ ਮਹਿਲਾ ਡਾ. ਜਸਮੀਤ ਕੌਰ ਬੈਂਸ ਅਤੇ 2025 ਦੇ ਨੈਸ਼ਨਲ ਸਪੀਚ ਐਂਡ ਡਿਬੇਟ ਐਸੋਸੀਏਸ਼ਨ ਦੀ ਔਰੇਟਰੀ ਚੈਂਪੀਅਨਸ਼ਿਪ ਦੇ ਜੇਤੂ ਅੰਗਦ ਸਿੰਘ, ਮੁੱਖ ਮਹਿਮਾਨ ਅਤੇ ਸਪੀਕਰ ਸਨ। ਇਨ੍ਹਾਂ ਦੋਵਾਂ ਦੀ ਸ਼ਮੂਲੀਅਤ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਪ੍ਰੇਰਣਾ ਦੇਣਾ ਸੀ ਕਿ ਕਿਵੇਂ ਇਹ ਦੋਨੋਂ ਸਿੱਖ ਭਾਈਚਾਰੇ ਦੇ ਕਾਬਲ ਪਬਲਿਕ ਸਪੀਕਰ ਅਤੇ ਲੀਡਰ ਹਨ। ਸਿਮਪੋਜ਼ੀਅਮ ਦੇ ਅਖੀਰਲੇ ਦਿਨ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਦਰਬਾਰ ਉਪਰੰਤ ਨਤੀਜਿਆਂ ਦਾ ਐਲਾਨ ਕੀਤਾ ਗਿਆ। ਪਹਿਲੇ ਗਰੁੱਪ ਵਿਚ ਜੀਆ ਕੌਰ, ਦੂਜੇ 'ਚ ਮਹਿਰਾਂਸ਼ ਸਿੰਘ, ਤੀਜੇ 'ਚ ਸੁਹਾਵੀ ਕੌਰ, ਚੌਥੇ 'ਚ ਮਨਰਾਜ ਸਿੰਘ, ਅਤੇ ਪੰਜਵੇਂ ਗਰੁੱਪ ਵਿਚ ਸੁਖਮਨੀ ਕੌਰ ਪਹਿਲੇ ਸਥਾਨ 'ਤੇ ਰਹੇ। ਜੇਤੂਆਂ ਤੋਂ ਇਲਾਵਾ ਸਾਰੇ ਭਾਗ ਲੈਣ ਵਾਲਿਆਂ ਨੂੰ ਵਿਸ਼ੇਸ਼ ਪੁਰਸਕਾਰ "ਡਿਸਟਿੰਗਯੂਟਿਸ਼ਡ ਸਪੀਕਰ ਅਵਾਰਡ" ਦਿੱਤਾ ਗਿਆ।

ਸਿਆਨਾ ਸੰਸਥਾ ਦੇ ਕਨਵੀਨਰ ਸ. ਕੁਲਦੀਪ ਸਿੰਘ ਨੇ ਬੇਕਰਸਫੀਲਡ ਵਿਖੇ ਇਸ ਸਾਲਾਨਾ ਸਮਾਗਮ ਨੂੰ ਸਫਲਤਾਪੂਰਵਕ ਆਯੋਜਿਤ ਕਰਨ ਲਈ ਸਾਰੇ ਵਲੰਟੀਅਰਾਂ, ਬੱਚਿਆਂ, ਸੰਗਤ, ਕੈਲੀਫੋਰਨੀਆ ਸੂਬੇ ਦੇ ਕਨਵੀਨਰ ਡਾ. ਮਨਬੀਰ ਸਿੰਘ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਵੀ ਧੰਨਵਾਦ ਕੀਤਾ। ਹਰ ਉਮਰ ਦੇ ਸੇਵਾਦਾਰਾਂ ਦੁਆਰਾ ਤਨ, ਮਨ ਤੇ ਧਨ ਨਾਲ ਲੰਗਰ ਤੇ ਹੋਰ ਸੇਵਾਵਾਂ ਕੀਤੀਆਂ ਗਈਆਂ।

# ਟਰੱਕ ਡਰਾਈਵਰ ਹਰਜਿੰਦਰ ਸਿੰਘ 'ਤੇ ਲੱਗੇ ਕਤਲ ਦੇ ਚਾਰਜ

## 3 ਲੋਕਾਂ ਦੀ ਜਾਨ ਲੈਣ ਦੇ ਦੋਸ਼ਾਂ ਹੇਠ ਮਾਮਲਾ ਦਰਜ







**ਫਲੋਰੀਡਾ, (ਪੰਜਾਬ ਮੇਲ)**- ਫਲੋਰੀਡਾ ਵਿਚ ਹੋਏ ਇੱਕ ਦਰਦਨਾਕ ਹਾਦਸੇ ਤੋਂ ਬਾਅਦ ਪੰਜਾਬੀ ਟਰੱਕ ਡਰਾਈਵਰ ਹਰਜਿੰਦਰ ਸਿੰਘ ਖ਼ਬਰਾਂ ਦੀਆਂ ਸੁਰਖੀਆਂ ਬਣਿਆ ਹੋਇਆ ਹੈ। ਪੁਲਿਸ ਨੇ ਉਸ 'ਤੇ 3 ਲੋਕਾਂ ਦੀ ਜਾਨ ਲੈਣ ਦੇ ਦੋਸ਼ਾਂ ਹੇਠ ਕਤਲ ਦਾ ਮਾਮਲਾ ਦਰਜ ਕੀਤਾ ਹੈ। ਰਿਪੋਰਟਾਂ ਮੁਤਾਬਕ, ਹਾਦਸਾ ਉਸ ਸਮੇਂ ਵਾਪਰਿਆ ਜਦੋਂ ਹਰਜਿੰਦਰ ਸਿੰਘ ਹਾਈਵੇ 'ਤੇ ਯੂ-ਟਰਨ ਮਾਰ ਰਿਹਾ ਸੀ। ਇਸ ਦੌਰਾਨ ਉਸਦੇ ਟਰੱਕ ਨਾਲ ਟੱਕਰ ਹੋਈ, ਜਿਸ ਨਾਲ 3 ਲੋਕਾਂ ਦੀ ਮੌਤ ਹੋ ਗਈ। ਪੁਲਿਸ ਨੇ ਹਰਜਿੰਦਰ ਉੱਪਰ 3 ਕਤਲਾਂ ਦੇ ਦੋਸ਼, ਇਮੀਗ੍ਰੇਸ਼ਨ ਕਾਨੂੰਨਾਂ ਦੀ ਉਲੰਘਣਾ ਅਤੇ ਝੂਠੇ ਲਾਇਸੈਂਸ ਦੀ ਵਰਤੋਂ ਦੇ ਮਾਮਲੇ ਦਰਜ ਕੀਤੇ ਹਨ।

ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਰਜਿੰਦਰ ਸਿੰਘ 2018 ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਮੈਕਸੀਕੋ ਰਾਹੀਂ ਅਮਰੀਕਾ ਵਿਚ ਦਾਖਲ ਹੋਇਆ ਸੀ ਅਤੇ ਬਾਅਦ ਵਿਚ ਕੈਲੀਫ਼ੋਰਨੀਆ ਤੋਂ ਸ਼ਾਇਦ ਜਾਲਸਾਜ਼ੀ ਨਾਲ ਟਰੱਕ ਦਾ ਲਾਇਸੈਂਸ ਹਾਸਲ ਕੀਤਾ। ਹਾਦਸੇ ਵੇਲੇ ਟਰੱਕ ਵਿਚ ਦੋ ਹੋਰ ਯਾਤਰੀ ਵੀ ਸਵਾਰ ਸਨ, ਜੋ ਕਿ ਕਮਰਸ਼ੀਅਲ ਟਰੱਕਿੰਗ ਨਿਯਮਾਂ ਅਨੁਸਾਰ ਗੈਰ-ਕਾਨੂੰਨੀ ਹੈ। ਹਰਜਿੰਦਰ ਸਿੰਘ ਨੂੰ ਕਤਲ ਦੇ ਮਾਮਲੇ ਵਿਚ 7 ਤੋਂ 15 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਪੁਲਿਸ ਅਨੁਸਾਰ, ਕੇਸ ਦੇ ਫੈਸਲੇ ਤੋਂ ਬਾਅਦ ਉਸ ਨੂੰ ਭਾਰਤ ਡਿਪੋਰਟ ਕਰਨ ਦੀ ਕਾਰਵਾਈ ਵੀ ਕੀਤੀ ਜਾਵੇਗੀ।

ਯਾਦ ਰਹੇ ਕਿ ਪਿਛਲੇ ਕੁਝ ਸਾਲਾਂ ਤੋਂ ਅਮਰੀਕੀ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗੈਰ-ਕਾਨੂੰਨੀ ਡਰਾਈਵਰਾਂ ਅਤੇ ਇਮੀਗ੍ਰੇਸ਼ਨ ਖ਼ਿਲਾਫ਼ ਸਖ਼ਤ ਰਵੱਈਆ ਅਪਣਾਇਆ ਹੋਇਆ ਹੈ। ਇਸ ਕਰਕੇ ਸੰਭਾਵਨਾ ਹੈ ਕਿ ਹਰਜਿੰਦਰ ਸਿੰਘ ਦੇ ਕੇਸ ਨੂੰ ਅਧਾਰ ਬਣਾਉਂਦੇ ਹੋਏ ਉਸ ਨੂੰ ਵੱਧ ਤੋਂ ਵੱਧ ਸਜ਼ਾ ਦਿੱਤੀ ਜਾਵੇ।


Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?

For Mediation Services, Contact Office Manager :
Julie McCool Email: jmccool@jamsadr.com
Call : +1 503 910 8767
www.singhadr.com

Mediation - ◇ Save Money ◇ Save Time ◇ Save Your relationship

• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave

*863

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਜਨਮ ਅਸ਼ਟਮੀ ਦੇ ਸਬੰਧ ਵਿਚ ਲੋੜਵੰਦਾਂ ਨੂੰ ਦਿੱਤੀ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਦੁਆਰਾ ਸਥਾਪਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਪਿੱਛੇ ਪਵਿੱਤਰ ਭਾਵਨਾ ਇਹ ਹੈ ਕਿ ਸਮਰੱਥਾ ਅਨੁਸਾਰ ਇਸ ਭੂਗੋਲਿਕ ਖਿੱਤੇ ਦੇ ਲੋੜਵੰਦ ਲੋਕਾਂ ਦੀ ਪਿੱਠ ਪਿੱਛੇ ਖੜ੍ਹ ਕੇ ਉਨ੍ਹਾਂ ਨੂੰ ਮਾਣ-ਮੱਤਾ ਜੀਵਨ ਜਿਉਣ ਦਾ ਅਹਿਸਾਸ ਕਰਵਾਉਣਾ, ਉਨ੍ਹਾਂ ਦੇ ਦੁੱਖ, ਸਮੱਸਿਆਵਾਂ, ਸੰਤਾਪ ਅਤੇ ਚਿਤਾਵਾਂ ਦੂਰ ਕਰਨਾ ਅਤੇ ਮਾਨਯੋਗ ਸ਼ਹਿਰੀ ਬਣਾਉਣਾ। ਇਨ੍ਹਾਂ ਕਾਰਜਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਜਨਮ ਅਸ਼ਟਮੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ 45



ਡਾ. ਐੱਸ.ਪੀ. ਸਿੰਘ ਓਬਰਾਏ।

ਲੋੜਵੰਦਾਂ ਨੂੰ 38 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਲੈਣ ਵਾਲਿਆਂ ਵਿਚ ਬਜ਼ੁਰਗ ਬੇਸਹਾਰਾ ਵਿਧਵਾਵਾਂ, ਕੰਮ ਕਰਨ ਤੋਂ ਅਸਮਰਥ ਬਜ਼ੁਰਗ, ਲਾਵਾਰਸ ਬੱਚੇ ਹਨ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਅਸੀਂ ਇਹ ਸਹਾਇਤਾ ਰਾਸ਼ੀ ਲੈਣ ਉਪਰੰਤ ਅਪਣੀਆਂ ਨਿੱਜੀ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹੋਏ ਹਾਂ। ਇਸ ਮੌਕੇ ਬਰਨੇਕ ਸਿੰਘ ਰਿਟਾ. ਲੈਕਚਰਾਰ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਸੁਖਬੀਰ ਸਿੰਘ ਜੈਲਦਾਰ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸੇਵਾਦਾਰ ਹਾਜ਼ਰ ਸਨ।

## ਪੰਜਾਬ ਕੈਬਨਿਟ 'ਚ ਮਾਮੂਲੀ ਫੇਰਬਦਲ; ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਊਰਜਾ ਵਿਭਾਗ ਵੀ ਸੌਂਪਿਆ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਨੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਤੋਂ ਊਰਜਾ ਵਿਭਾਗ ਵਾਪਸ ਲੈ ਲਿਆ ਹੈ। ਆਮ ਰਾਜ ਪ੍ਰਬੰਧ ਵਿਭਾਗ ਵੱਲੋਂ ਜਾਰੀ ਨੋਟੀਫ਼ਿਕੇਸ਼ਨ ਮੁਤਾਬਿਕ ਇਹ ਵਿਭਾਗ ਵੀ ਹੁਣ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਹਵਾਲੇ ਕਰ ਦਿੱਤਾ ਗਿਆ ਹੈ।

ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਕੋਲ ਹੁਣ ਲੋਕ ਨਿਰਮਾਣ ਵਿਭਾਗ ਰਹੇਗਾ ਜਦੋਂ ਕਿ ਸੰਜੀਵ ਅਰੋੜਾ ਹੁਣ ਉਦਯੋਗ ਤੇ ਵਣਜ, ਨਿਵੇਸ਼ ਹੁਲਾਰਾ, ਪਰਵਾਸੀ ਭਾਰਤੀ ਮਾਮਲੇ ਤੋਂ ਇਲਾਵਾ ਊਰਜਾ ਵਿਭਾਗ ਦਾ ਕੰਮ-ਕਾਜ ਵੀ ਦੇਖਣਗੇ।

ਇਸ ਤਰ੍ਹਾਂ 'ਆਪ' ਸਰਕਾਰ ਵੱਲੋਂ ਸੰਜੀਵ ਅਰੋੜਾ ਨੂੰ ਮਜ਼ਬੂਤ ਕੀਤਾ ਗਿਆ ਹੈ। ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿਚ ਸੰਜੀਵ ਅਰੋੜਾ ਨੇ ਜਿੱਤ ਹਾਸਲ ਕੀਤੀ ਸੀ। ਪਹਿਲਾਂ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਬਣਾਏ ਜਾਣ ਦੇ ਚਰਚੇ ਵੀ ਚੱਲੇ ਸਨ।

ਇਸ ਤਰ੍ਹਾਂ ਪੰਜਾਬ ਸਰਕਾਰ ਨੇ ਮੰਤਰੀ ਮੰਡਲ ਵਿਚ ਮਾਮੂਲੀ ਫੇਰਬਦਲ ਕਰਦਿਆਂ ਅਰੋੜਾ ਨੂੰ ਹੋਰ

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਅੰਮ੍ਰਿਤਸਰ 'ਚ ਕਾਂਗਰਸ ਪਾਰਟੀ ਦੇ ਦੋ ਕੌਂਸਲਰ 'ਆਪ' 'ਚ ਹੋਏ ਸ਼ਾਮਲ

**ਚੰਡੀਗੜ੍ਹ/ਅੰਮ੍ਰਿਤਸਰ, (ਪੰਜਾਬ ਕੇਲ)-** ਆਮ ਆਦਮੀ ਪਾਰਟੀ (ਆਪ) ਪੰਜਾਬ ਵਿਚ ਲਗਾਤਾਰ ਮਜ਼ਬੂਤ ਹੋ ਰਹੀ ਹੈ। ਸੋਮਵਾਰ ਨੂੰ ਪਾਰਟੀ ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ, ਜਦੋਂ ਅੰਮ੍ਰਿਤਸਰ ਨਗਰ ਨਿਗਮ ਦੇ ਦੋ ਕੌਂਸਲਰ ਕਾਂਗਰਸ ਛੱਡ ਕੇ 'ਆਪ' 'ਚ ਸ਼ਾਮਲ ਹੋ ਗਏ। 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਕੌਂਸਲਰ ਸ਼ਿਵਾਲੀ (ਵਾਰਡ ਨੰ. 79) ਅਤੇ ਕੌਂਸਲਰ ਡਾ. ਅਵਤਾਰ ਸਿੰਘ (ਵਾਰਡ ਨੰ. 72) ਦਾ ਪਾਰਟੀ 'ਚ ਰਸਮੀ ਤੌਰ 'ਤੇ ਸ਼ਾਮਲ ਕਰਵਾਇਆ ਅਤੇ ਸਵਾਗਤ ਕੀਤਾ। ਦੋਵੇਂ ਆਗੂਆਂ ਨੇ ਪਹਿਲਾਂ ਕਾਂਗਰਸ ਪਾਰਟੀ ਤੋਂ ਚੋਣ ਲੜ ਕੇ ਜਿੱਤ ਪ੍ਰਾਪਤ ਕੀਤੀ ਸੀ ਪਰ 'ਆਪ' ਦੀ ਲੋਕ-ਕੇਂਦ੍ਰਿਤ ਰਾਜਨੀਤੀ ਤੋਂ ਪ੍ਰਭਾਵਿਤ ਹੋ ਕੇ ਉਹ ਪਾਰਟੀ ਵਿਚ ਸ਼ਾਮਲ ਹੋ ਗਏ, ਜੋ ਕਿ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਚ ਪਾਰਟੀ ਲਈ ਇਕ ਮਹੱਤਵਪੂਰਨ ਵਾਧਾ ਹੈ।

ਇਸ ਮੌਕੇ ਅੰਮ੍ਰਿਤਸਰ ਦੇ ਮੇਅਰ ਮੋਤੀ ਭਾਟੀਆ, ਆਗੂ ਸ਼ਮਸ਼ੇਰ ਸਿੰਘ, ਧਰਮਜੀਤ ਸਿੰਘ ਬੌਬੀ, ਹਰਜੋਤ ਸਿੰਘ ਅਤੇ ਜਸਪਾਲ ਸਿੰਘ ਪੁਤਲੀਘਰ ਵੀ ਨਵੇਂ ਸ਼ਾਮਲ ਹੋਣ ਵਾਲੇ ਆਗੂਆਂ ਨੂੰ ਆਪਣਾ ਸਮਰਥਨ ਅਤੇ ਸ਼ੁਭਕਾਮਨਾਵਾਂ ਦੇਣ ਲਈ ਮੌਜੂਦ ਸਨ। ਨਵੇਂ ਮੈਂਬਰਾਂ ਦਾ ਪਾਰਟੀ ਵਿਚ ਸਵਾਗਤ ਕਰਦੇ ਹੋਏ ਅਮਨ ਅਰੋੜਾ ਨੇ ਕਿਹਾ ਕਿ ਆਮ ਆਦਮੀ ਪਾਰਟੀ 'ਚ ਆਗੂਆਂ ਦਾ ਲਗਾਤਾਰ ਸ਼ਾਮਲ ਹੋਣਾ ਪਾਰਟੀ ਦੇ ਸ਼ਾਸਨ ਵਿਚ ਲੋਕਾਂ ਦੇ ਵਧਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਢੇ ਤਿੰਨ ਸਾਲਾਂ 'ਚ ਪੰਜਾਬ ਵਿਚ 'ਆਪ' ਸਰਕਾਰ ਨੇ ਇਮਾਨਦਾਰ ਅਤੇ ਪਾਰਦਰਸ਼ੀ ਪ੍ਰਸ਼ਾਸਨ ਦੇ ਨਾਲ-ਨਾਲ ਸ਼ਹਿਰੀ ਸਥਾਨਕ ਸੰਸਥਾਵਾਂ 'ਚ ਤੇਜ਼ੀ ਨਾਲ ਵਿਕਾਸ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਪਾਰਟੀ ਅਤੇ ਟੀਮ ਮਜ਼ਬੂਤ ਹੁੰਦੀ ਹੈ, ਤਾਂ ਸ਼ਹਿਰ ਤੇਜ਼ੀ ਨਾਲ ਵਿਕਾਸ ਕਰਦਾ ਹੈ। ਇਨ੍ਹਾਂ ਸਾਰੇ ਮੈਂਬਰਾਂ ਦੇ ਸ਼ਾਮਲ ਹੋਣ ਨਾਲ, ਸਾਡੇ ਮੇਅਰ ਮੋਤੀ ਭਾਟੀਆ ਅਤੇ ਉਨ੍ਹਾਂ ਦੇ ਸਾਥੀ ਅੰਮ੍ਰਿਤਸਰ ਵਿਚ ਵਿਕਾਸ ਕਾਰਜਾਂ ਨੂੰ ਹੋਰ ਵੀ ਤੇਜ਼ ਰਫ਼ਤਾਰ ਨਾਲ ਅੱਗੇ ਵਧਾਉਣਗੇ।

ਅਰੋੜਾ ਨੇ ਦੋਵਾਂ ਕੌਂਸਲਰਾਂ ਨੂੰ ਭਰੋਸਾ ਦਿਵਾਇਆ ਕਿ 'ਆਪ' ਸਰਕਾਰ ਉਨ੍ਹਾਂ ਦੇ ਵਾਰਡਾਂ ਅਤੇ ਪੂਰੇ ਅੰਮ੍ਰਿਤਸਰ ਸ਼ਹਿਰ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾ ਕੇ ਉਨ੍ਹਾਂ ਦੀ ਵਚਨਬੱਧਤਾ ਦਾ ਸਨਮਾਨ ਕਰੇਗੀ।



# ਮਨੀਸ਼ ਸਿਸੋਦੀਆਂ ਖਿਲਾਫ ਸੁਖਬੀਰ ਬਾਦਲ ਤੇ ਸੁਨੀਤ ਜਾਖੜ ਵੱਲੋਂ ਕਾਰਵਾਈ ਦੀ ਮੰਗ

**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ



ਸੁਖਬੀਰ ਸਿੰਘ ਬਾਦਲ ਅਤੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੇ ਖ਼ਿਲਾਫ਼ ਕਾਰਵਾਈ ਕਰੇ, ਜੋ ਪੰਜਾਬ 'ਚ ਵੱਖ-ਵੱਖ ਭਾਈਚਾਰਿਆਂ ਵਿਚਾਲੇ ਹਿੰਸਾ ਭੜਕਾਉਣ ਦਾ ਯਤਨ ਕਰ ਰਹੇ ਹਨ। ਉਨ੍ਹਾਂ ਨੇ ਭ੍ਰਿਸ਼ਟਾਚਾਰ ਕੇਸ ਵਿਚ ਸਿਸੋਦੀਆ ਦੀ ਜ਼ਮਾਨਤ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਉਹ ਲਗਾਤਾਰ ਭੜਕਾਊ ਭਾਸ਼ਣ ਦੇ ਰਹੇ ਹਨ।

ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਹਾਲ ਹੀ ਵਿਚ ਮਨੀਸ਼ ਸਿਸੋਦੀਆ ਵੱਲੋਂ ਦਿੱਤੇ ਭਾਸ਼ਣ ਜਿਸਦੀ ਵੀਡੀਓ ਜਨਤਕ ਹੈ, ਜਿਸ



ਵਿਚ ਉਹ ਆਪ ਵਰਕਰਾਂ ਨੂੰ ਝੂਠ ਬੋਲਣ, ਝੂਠੇ ਵਾਅਦੇ ਕਰਨ, ਵੋਟਰਾਂ ਨੂੰ ਭਰਮਾਉਣ ਅਤੇ 2027 ਦੀਆਂ ਚੋਣਾਂ ਜਿੱਤਣ ਵਾਸਤੇ ਹਿੰਸਾ ਤੱਕ ਕਰਨ ਵਾਸਤੇ ਆਖ ਰਹੇ ਹਨ, ਇਹ ਇਸ ਗੱਲ ਦਾ ਸਬੂਤ ਹੈ ਕਿ ਆਪ ਸੂਬੇ ਦਾ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਤੇ ਇਸ ਲਈ ਚੋਣ ਕਮਿਸ਼ਨ ਨੂੰ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਸਿਸੋਦੀਆ ਦੇ ਖ਼ਿਲਾਫ਼ ਫ਼ੌਜਦਾਰੀ ਕੇਸ ਦਰਜ ਕਰਨ ਦੇ ਹੁਕਮ ਦੇਣ ਕਿਉਂਕਿ ਆਪ ਸਰਕਾਰ ਵੱਲੋਂ ਦਿੱਲੀ ਦੇ ਆਗੂ ਖ਼ਿਲਾਫ਼ ਕੋਈ ਕਾਰਵਾਈ ਕਰਨ ਦੀ ਸੰਭਾਵਨਾ ਨਹੀਂ ਹੈ।

ਜਾਖੜ ਨੇ ਆਪਣੀ ਸ਼ਿਕਾਇਤ ਵਿਚ ਕਿਹਾ ਕਿ ਆਜ਼ਾਦੀ ਦਿਹਾੜੇ ਤੋਂ ਪਹਿਲੇ ਦਿਨ ਮਨੀਸ਼ ਸਿਸੋਦੀਆ ਦੀ ਇੱਕ ਵੀਡੀਓ ਵਾਇਰਲ ਹੋਈ ਹੈ, ਜਿਸ ਵਿਚ ਉਹ ਪਾਰਟੀ ਵਰਕਰਾਂ ਨੂੰ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਲਈ 'ਸਾਮ, ਦਾਮ, ਦੰਡ, ਭੇਦ' ਸਣੇ ਹਰ ਚੰਗਾ-ਮਾੜਾ ਹੀਲਾ ਵਰਤਣ ਲਈ ਉਤਸ਼ਾਹਿਤ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਮਨੀਸ਼ ਸਿਸੋਦੀਆ ਇਸ ਤਰ੍ਹਾਂ ਜਿੱਥੇ ਪੰਜਾਬ ਦੀ ਜਮਹੂਰੀਅਤ ਲਈ ਖ਼ਤਰਾ ਖੜ੍ਹਾ ਕਰ ਰਹੇ ਹਨ, ਉੱਥੇ ਹੀ ਸੂਬੇ ਦੀ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਵੀ ਖਰਾਬ ਕਰਨਾ ਦੀ ਕੋਸ਼ਿਸ਼ ਕਰ ਰਹੇ ਹਨ।

ਜਾਖੜ ਨੇ ਮੰਗ ਕੀਤੀ ਕਿ ਮਨੀਸ਼ ਸਸੋਦੀਆ ਵਿਰੁੱਧ ਫ਼ੌਰੀ ਸਖ਼ਤ ਕਾਰਵਾਈ ਕੀਤੀ ਜਾਵੇ, ਤਾਂ ਕਿ ਸੂਬੇ ਵਿਚ ਅਜਿਹੀ ਕਿਸੇ ਵੀ ਮਾੜੀ ਘਟਨਾ ਨੂੰ ਵਾਪਰਨ ਤੋਂ ਰੋਕਿਆ ਜਾ ਸਕੇ।

## ਦੇਸ਼ ਦੀਆਂ 50 ਸਰਬੋਤਮ ਸਟੇਟ ਯੂਨੀਵਰਸਿਟੀਆਂ 'ਚ ਸ਼ੁਮਾਰ ਹੋਈ ਪੰਜਾਬੀ ਯੂਨੀਵਰਸਿਟੀ

**ਪਟਿਆਲਾ, (ਪੰਜਾਬ ਮੇਲ)-** ਪੰਜਾਬੀ ਯੂਨੀਵਰਸਿਟੀ ਲਈ ਖ਼ੁਸ਼ੀ ਵਾਲੀ ਖ਼ਬਰ ਸਾਹਮਣੇ ਆਈ ਹੈ ਕਿ 'ਆਊਟਲੁੱਕ-ਆਈ. ਸੀ.ਏ.ਆਰ.ਈ. ਰੈਂਕਿੰਗ 2025' ਵਿਚ ਯੂਨੀਵਰਸਿਟੀ ਦੇਸ਼ ਦੀਆਂ 75 ਸਰਬੋਤਮ ਸਟੇਟ ਯੂਨੀਵਰਸਿਟੀਆਂ ਵਾਲੀ ਸੂਚੀ ਵਿਚ ਸ਼ੁਮਾਰ ਹੋ ਗਈ ਹੈ। ਆਜ਼ਾਦੀ ਦਿਹਾੜੇ ਦੀ ਸਵੇਰ ਮੌਕੇ ਇਹ ਖ਼ੁਸ਼ਖ਼ਬਰੀ ਸਾਂਝੀ ਕਰਦਿਆਂ ਉੱਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਨੂੰ ਇਸ ਸੂਚੀ ਵਿਚ 47ਵੇਂ ਦਰਜੇ ਨਾਲ ਦੇਸ਼ ਦੀਆਂ ਪਹਿਲੀਆਂ 50 ਯੂਨੀਵਰਸਿਟੀਆਂ ਵਿਚ ਸ਼ਾਮਲ ਹੋਣ ਦਾ ਮਾਣ ਹਾਸਲ ਹੋਇਆ ਹੈ। ਜ਼ਿਕਰਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਨੇ ਇਸ ਦਰਜਾਬੰਦੀ ਲਈ ਮਿੱਥੀਆਂ ਵੱਖ-ਵੱਖ ਸ਼੍ਰੇਣੀਆਂ ਵਿਚ ਚੰਗੇ ਅੰਕ ਹਾਸਲ ਕਰ ਕੇ ਇਹ ਦਰਜਾਬੰਦੀ ਪ੍ਰਾਪਤ ਕੀਤੀ ਹੈ। ਪੰਜਾਬੀ ਯੂਨੀਵਰਸਿਟੀ ਨੇ ਕੁੱਲ 1000 ਅੰਕਾਂ ਵਿਚੋਂ 822.32 ਅੰਕ ਹਾਸਲ ਕੀਤੇ ਹਨ। ਡੀਨ ਅਕਾਦਮਿਕ ਮਾਮਲੇ ਪ੍ਰੋ. ਜਸਵਿੰਦਰ ਸਿੰਘ ਬਰਾੜ ਤੇ ਰਜਿਸਟਰਾਰ ਪ੍ਰੋ. ਦਵਿੰਦਰਪਾਲ ਸਿੱਧੂ ਵੱਲੋਂ ਵੀ ਇਸ ਪ੍ਰਾਪਤੀ ਉੱਤੇ ਖ਼ੁਸ਼ੀ ਪ੍ਰਗਟਾਉਂਦਿਆਂ ਸਭ ਨੂੰ ਵਧਾਈ ਦਿੱਤੀ ਗਈ।

## ਸਿਸੋਦੀਆ ਭਾਸ਼ਣ ਵਿਵਾਦ: ਅਕਾਲੀ ਦਲ ਵੱਲੋਂ ਚੋਣ ਕਮਿਸ਼ਨ ਤੋਂ 'ਆਪ' ਦੀ ਮਾਨਤਾ ਰੱਦ ਕਰਨ ਦੀ ਮੰਗ


**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਆਮ ਆਦਮੀ ਪਾਰਟੀ ਦੀ ਮਾਨਤਾ ਰੱਦ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਹਾਕਮ ਆਮ ਆਦਮੀ ਪਾਰਟੀ ਪੰਜਾਬ ਵਿਚ ਆਗਾਮੀ ਵਿਧਾਨ ਸਭਾ ਚੋਣਾਂ ਭ੍ਰਿਸ਼ਟਾਚਾਰ, ਗੈਰਸੰਵਿਧਾਨਕ ਅਤੇ ਗੈਰਕਾਨੂੰਨੀ ਢੰਗ ਨਾਲ ਲੜ ਕੇ ਸੂਬੇ ਵਿਚ ਸ਼ਾਂਤੀ ਭੰਗ ਕਰਨਾ ਚਾਹੁੰਦੀ ਹੈ।

ਸ਼੍ਰੀ ਬਾਦਲ ਨੇ ਭਾਰਤੀ ਚੋਣ ਕਮਿਸ਼ਨ ਨੂੰ ਪੱਤਰ ਲਿਖ ਕੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਪੰਜਾਬ ਇੰਚਾਰਜ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਵੱਲੋਂ ਪਿਛਲੇ ਦਿਨੀਂ ਪਾਰਟੀ ਵਰਕਰਾਂ ਨਾਲ ਮੀਟਿੰਗ ਕਰ ਕੇ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਵਰਕਰਾਂ ਨੂੰ ਭ੍ਰਿਸ਼ਟਾਚਾਰ ਤੇ ਹਿੰਸਕ ਤਰੀਕੇ ਵਰਤਣ ਲਈ ਉਕਸਾਇਆ ਗਿਆ। ਸੁਖਬੀਰ ਬਾਦਲ ਨੇ ਕਿਹਾ ਕਿ ਮਨੀਸ਼ ਸਿਸੋਦੀਆ ਵਿਰੁੱਧ ਅਜਿਹੀ ਬਿਆਨਬਾਜ਼ੀ ਕਰਨ ਲਈ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਪੰਜਾਬ ਦੇ ਇੰਚਾਰਜ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਵੱਲੋਂ ਪਿਛਲੇ ਦਿਨੀਂ ਪਾਰਟੀ ਵਰਕਰਾਂ ਨਾਲ ਮੀਟਿੰਗ ਕਰਦਿਆਂ ਆਗਾਮੀ ਵਿਧਾਨ ਸਭਾ ਚੋਣਾਂ ਜਿੱਤਣ ਲਈ 'ਸਾਮ, ਦਾਮ, ਦੰਡ, ਭੇਦ, ਸੱਚ-ਝੂਠ ਸਣੇ ਹਰ ਹਰਬਾ' ਵਰਤਣ ਦੀ ਗੱਲ ਕਹੀ ਗਈ ਸੀ।

# ਪੰਜਾਬ 'ਚ ਕਾਂਗਰਸ ਹਾਈਕਮਾਂਡ ਵੱਲੋਂ 29 ਆਬਜ਼ਰਵਰ ਨਿਯੁਕਤ


**ਜਲੰਧਰ/ਚੰਡੀਗੜ੍ਹ, (ਪੰਜਾਬ ਮੇਲ)-** ਸਾਲ 2027 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਪੰਜਾਬ ਕਾਂਗਰਸ ਨੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਸੰਗਠਨ ਸਿਰਜਣ ਅਭਿਆਨ ਦੀ ਸ਼ੁਰੂਆਤ ਕੀਤੀ ਹੈ। ਜਲਦੀ ਹੀ ਸਾਰੇ ਜ਼ਿਲ੍ਹਿਆਂ ਨੂੰ ਨਵੇਂ ਪ੍ਰਧਾਨ ਮਿਲਣਗੇ। ਜ਼ਿਲ੍ਹਾ ਪ੍ਰਧਾਨਾਂ ਦੀ ਚੋਣ ਲਈ ਪਾਰਟੀ ਹਾਈਕਮਾਂਡ ਨੇ ਸੰਗਠਨ ਸਿਰਜਣ ਅਭਿਆਨ ਤਹਿਤ 29 ਨਿਗਰਾਨ ਨਿਯੁਕਤ ਕੀਤੇ ਹਨ। ਇਸ ਦੀ ਜਾਣਕਾਰੀ ਕਾਂਗਰਸ ਪਾਰਟੀ ਦੇ ਜਨਰਲ ਸੈਕਟਰੀ ਕੇ.ਸੀ. ਵੇਨੂੰਗੋਪਾਲ ਵੱਲੋਂ ਦਿੱਤੀ ਗਈ ਹੈ।

ਮਿਲੀ ਜਾਣਕਾਰੀ ਮੁਤਾਬਕ ਪੰਜਾਬ ਕਾਂਗਰਸ ਦੇ 29 ਸੰਗਠਨਾਤਮਕ ਜ਼ਿਲ੍ਹੇ ਹਨ। 19 ਨਵੰਬਰ 2022 ਨੂੰ ਕਾਂਗਰਸ ਨੇ ਜ਼ਿਲ੍ਹਾ ਪ੍ਰਧਾਨਾਂ ਦਾ ਐਲਾਨ ਕੀਤਾ ਸੀ। ਉਸ ਸਮੇਂ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਚੱਲ ਰਹੀ ਸੀ। ਉਸੇ ਸਮੇਂ ਕਈ ਸੀਨੀਅਰ ਆਗੂ



ਕਾਂਗਰਸ ਛੱਡ ਕੇ ਭਾਜਪਾ ਅਤੇ ਹੋਰ ਪਾਰਟੀਆਂ ਵਿਚ ਸ਼ਾਮਲ ਹੋ ਗਏ। ਅਜਿਹੀ ਸਥਿਤੀ ਵਿਚ ਉਸ ਸਮੇਂ ਵਿਧਾਇਕ ਨੂੰ ਜ਼ਿੰਮੇਵਾਰੀ ਦੇ ਕੇ ਮੋਰਚਾ ਸੰਭਾਲ ਲਿਆ ਗਿਆ ਸੀ। ਜਦਕਿ ਕਾਂਗਰਸ 'ਚ, ਪ੍ਰਧਾਨਾਂ ਦਾ ਕਾਰਜਕਾਲ 3 ਸਾਲ ਹੁੰਦਾ ਹੈ। ਇਸ ਅਨੁਸਾਰ ਚੋਣਾਂ 3 ਮਹੀਨਿਆਂ ਬਾਅਦ ਹੋਣੀਆਂ ਸਨ। ਚੋਣ ਪ੍ਰਕਿਰਿਆ ਜਲਦੀ ਸ਼ੁਰੂ ਹੋਣ ਜਾ ਰਹੀ ਹੈ। ਇਸ ਦੇ ਨਾਲ ਹੀ ਇਸ ਵਾਰ ਪ੍ਰਧਾਨ ਬਣਨ ਵਾਲਿਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੋਣ ਵਾਲੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਸ਼੍ਰੋਮਣੀ ਅਕਾਲੀ ਦਲ ਦੀ ਪੁਨਰ-ਸੁਰਜੀਤੀ ਸੂਬੇ ਦੀ ਸਿਆਸਤ ਅੰਦਰ ਨਵੀਂ ਸਵੇਰ ਦਾ ਆਗਾਜ਼ : ਗਿਆਨੀ ਹਰਪ੍ਰੀਤ ਸਿੰਘ

**ਜਲੰਧਰ, (ਪੰਜਾਬ ਮੇਲ)**-ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ ਦੀ ਕਮਾਨ ਸੰਭਾਲਣ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ-ਸੁਰਜੀਤੀ ਸੂਬੇ ਦੀ ਸਿਆਸਤ ਅੰਦਰ ਨਵੀਂ ਸਵੇਰ ਦਾ ਆਗਾਜ਼ ਹੈ ਤੇ ਇਹ ਨਵੀਂ ਪਾਰਟੀ ਨਾ ਸਿਰਫ ਦੀ ਸਿਆਸਤ ਨੂੰ ਨਵੀਂ ਦਿਸ਼ਾ ਦੇਵੇਗੀ, ਸਗੋਂ ਸੂਬੇ ਦੇ ਲੋਕਾਂ ਦੀਆਂ ਆਸਾਂ ਤੇ ਉਮੀਦਾਂ ਨੂੰ ਵੀ ਨਵੇਂ ਖੰਭ ਲਾਵੇਗੀ। ਉਨ੍ਹਾਂ ਕਿਹਾ ਕਿ ਇਹ ਨਵੀਂ ਪਾਰਟੀ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀ ਹੋਈ ਪੰਥ ਤੇ ਪੰਜਾਬ ਦੇ ਹਿੱਤਾਂ ਲਈ ਕੰਮ ਕਰੇਗੀ। ਨਵੇਂ ਸ਼੍ਰੋਮਣੀ ਅਕਾਲੀ ਦਲ ਲਈ ਪੰਥ ਤੇ ਪੰਜਾਬ ਦੇ ਹਿੱਤ ਸਭ ਤੋਂ ਉੱਪਰ ਹੋਣਗੇ ਤੇ ਪਾਰਟੀ ਦਾ ਪੁਰਾਣਾ ਖਾਸਾ ਬਹਾਲ ਕੀਤਾ ਜਾਵੇਗਾ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਹ ਨਵੀਂ ਪਾਰਟੀ ਸੂਬੇ ਅੰਦਰ ਸਾਫ-ਸੁਥਰੀ, ਇਮਾਨਦਾਰ ਤੇ ਪਰਿਵਾਰਵਾਦ ਮੁਕਤ ਸਿਆਸਤ ਦਾ ਮੁੱਢ ਬੰਨ੍ਹੇਗੀ ਤੇ ਸਾਰੇ ਵਰਗਾਂ ਦੇ ਲੋਕਾਂ ਨੂੰ ਕਲਾਵੇ 'ਚ ਲੈ ਕੇ ਉਨ੍ਹਾਂ ਨੂੰ ਆਪਣੇਪਨ ਦਾ ਅਹਿਸਾਸ ਕਰਾਏਗੀ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਪੰਥ ਤੇ ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਦਾ ਮੁਕਾਬਲਾ ਮਿਲ ਕੇ ਹੀ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਪੰਥ ਤੇ ਪੰਜਾਬ ਨੂੰ ਵੱਖਰੇ ਕਰਕੇ ਨਹੀਂ ਦੇਖਿਆ ਜਾ ਸਕਦਾ ਤੇ ਦੋਵੇਂ ਮਿਲ ਕੇ ਚੱਲਦੇ ਹਨ। ਉਨ੍ਹਾਂ ਪੰਜਾਬ ਦੇ ਪਾਣੀਆਂ, ਭਾਸ਼ਾ ਤੇ ਰਾਜਧਾਨੀ ਸਮੇਤ ਹੋਰਨਾਂ ਮੁੱਦਿਆਂ ਦੀ ਗੱਲ ਕਰਦੇ ਹੋਏ ਕਿਹਾ ਕਿ ਇਹ ਮਸਲੇ ਸਿਰਫ਼ ਪੰਥ ਦੇ ਨਹੀਂ ਹਨ, ਸਗੋਂ ਪੰਜਾਬੀਆਂ ਦੇ ਹਨ ਪਰ ਇਨ੍ਹਾਂ ਦੀ




ਲੜਾਈ ਪੰਥ ਨੇ ਮੂਹਰੇ ਹੋ ਕੇ ਲੜੀ ਹੈ ਤੇ ਅੱਗੇ ਤੋਂ ਵੀ ਲੜਦਾ ਰਹੇਗਾ। ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ ਦੀ ਰੂਪ-ਰੇਖਾ ਅਤੇ ਬਣਤਰ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜਲਦ ਹੀ ਜਥੇਬੰਦੀ ਦਾ ਗਠਨ ਕੀਤਾ ਜਾਵੇਗਾ ਤੇ ਇਸ ਵਿਚ ਸਾਰੇ ਵਰਗਾਂ ਦੇ ਲੋਕਾਂ ਨੂੰ ਸ਼ਾਮਲ ਕਰਕੇ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਤੈਅ ਕੀਤੀਆਂ ਜਾਣਗੀਆਂ ਪਰ ਇਸ ਵਿਚ ਕਿਸੇ ਦੇ ਪੁੱਤ-ਭਤੀਜੇ ਤੇ ਸਿਫਾਰਿਸ਼ ਲਈ ਕੋਈ ਥਾਂ ਨਹੀਂ ਹੋਵੇਗੀ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬ) ਦੇ ਆਗੂਆਂ ਵੱਲੋਂ ਨਵੇਂ ਅਕਾਲੀ ਦਲ ਦੇ ਗਠਨ ਪਿੱਛੇ ਕੁਝ ਸਿਆਸੀ ਧਿਰਾਂ ਦਾ ਹੱਥ ਹੋਣ ਸਬੰਧੀ ਲਗਾਏ ਜਾ ਰਹੇ ਦੋਸ਼ਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਵਿਰੋਧੀਆਂ ਨੇ ਤਾਂ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਰਗਿਆਂ ਨੂੰ ਨਹੀਂ ਬਖਸ਼ਿਆ ਤੇ ਉਹ ਕੀ ਚੀਜ਼ ਹਨ? ਪਰ ਉਹ ਪੰਥ ਤੇ ਪੰਜਾਬ ਨੂੰ ਪੂਰੀ ਤਰ੍ਹਾਂ ਨਾਲ ਸਮਰਪਿਤ ਹੋ ਕੇ ਕੰਮ ਕਰਨਗੇ ਤੇ ਅਜਿਹੇ ਕੂੜ ਪ੍ਰਚਾਰ ਦਾ ਉਨ੍ਹਾਂ ਦੇ ਕੰਮ 'ਤੇ ਕੋਈ ਅਸਰ ਨਹੀਂ ਪਵੇਗਾ। ਇਸ ਦੇ ਨਾਲ ਹੀ ਉਨ੍ਹਾਂ ਬਾਦਲ ਦਲ ਵੱਲੋਂ ਖੁਦ ਹੀ ਵੱਖਰਾ ਚੁੱਲ੍ਹਾ ਬਣਾਏ ਜਾਣ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਪਿਛਲੇ ਸਾਲ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਜੋ ਹੁਕਮਨਾਮਾ ਜਾਰੀ ਹੋਇਆ ਸੀ, ਉਸ ਵਿਚ ਸਾਫ ਤੌਰ 'ਤੇ ਸਾਰੀਆਂ ਧਿਰਾਂ ਨੂੰ ਆਪਣੇ ਚੁੱਲ੍ਹੇ ਸਮੇਟਣ ਬਾਰੇ ਕਿਹਾ ਗਿਆ ਸੀ, ਜਿਸ 'ਤੇ ਬਾਗੀ ਧੜੇ ਨੇ ਉਸੇ ਸ਼ਾਮ ਸੁਧਾਰ ਲਹਿਰ ਨੂੰ ਭੰਗ ਕਰ ਦਿੱਤਾ ਸੀ ਪਰ ਬਾਦਲ ਦਲ ਨੇ ਅਜਿਹਾ ਕਰਨ ਦੀ ਬਜਾਏ ਭਰਤੀ ਕਮੇਟੀ ਨੂੰ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ। ਅਜਿਹੇ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਤਹਿਤ ਬਣਿਆ ਅਕਾਲੀ ਦਲ ਹੀ ਅਸਲ ਸ਼੍ਰੋਮਣੀ ਅਕਾਲੀ ਦਲ ਹੈ ਤੇ ਇਹ ਹੀ ਸਹੀ ਮਾਇਨਿਆਂ 'ਚ ਪੰਥ ਤੇ ਪੰਜਾਬ ਦੀ ਨੁਮਾਇੰਦਗੀ ਕਰਦਾ ਹੈ। ਪਾਰਟੀ ਦੇ ਨਾਂ ਸਬੰਧੀ ਪੁੱਛੇ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਉਹ ਜਲਦ ਇਸ ਸਬੰਧੀ ਚੋਣ ਕਮਿਸ਼ਨ ਨੂੰ ਮਿਲਣਗੇ ਤੇ ਆਪਣਾ ਪੱਖ ਦਲੀਲ ਤੇ ਤਰਕਪੂਰਨ ਤਰੀਕੇ ਨਾਲ ਉਨ੍ਹਾਂ ਕੋਲ ਰੱਖਣਗੇ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਉਹ ਆਪਣਾ ਏਜੰਡਾ ਲੈ ਕੇ ਰਾਜ ਦੇ ਲੋਕਾਂ ਦੇ ਕੋਲ ਜਾਣਗੇ ਤੇ ਅਗਲਾ ਫੈਸਲਾ ਉਨ੍ਹਾਂ ਦੀਆਂ ਭਾਵਨਾਵਾਂ ਅਨੁਸਾਰ ਲਿਆ ਜਾਵੇਗਾ। ਕਿਸੇ ਹੋਰ ਪਾਰਟੀ ਨਾਲ ਗੱਠਜੋੜ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਉਹ ਕਦੇ ਵੀ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਮੰਤਰੀ ਅਹੁਦਾ ਦਿਵਾਉਣ ਜਾਂ ਹੋਰ ਅਹੁਦੇ ਲਈ ਕਿਸੇ ਹੋਰ ਪਾਰਟੀ ਨਾਲ ਗੱਠਜੋੜ ਹਰਗਿਜ਼ ਨਹੀਂ ਕਰਨਗੇ ਪਰ ਜੇਕਰ ਕੋਈ ਪਾਰਟੀ ਪੰਜਾਬ ਦੇ ਹਿੱਤਾਂ ਤੇ ਹੱਕਾਂ ਦੀ ਗੱਲ ਕਰੇਗੀ ਤਾਂ ਉਸ ਉੱਪਰ ਜ਼ਰੂਰ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਵੀਂ ਪਾਰਟੀ ਪੰਜਾਬ ਦੇ ਮੁੱਦਿਆਂ 'ਤੇ ਰਾਜਨੀਤੀ ਕਰੇਗੀ ਨਾ ਕਿ ਕਿਸੇ ਵਿਅਕਤੀਗਤ ਮਸਲਿਆਂ 'ਚ ਉਲਝੇਗੀ।

# ਸੁਪਰੀਮ ਕੋਰਟ ਵੱਲੋਂ ਪਹਿਲਵਾਨ ਸੁਸ਼ੀਲ ਕੁਮਾਰ ਦੀ ਜ਼ਮਾਨਤ ਰੱਦ

**ਨਵੀਂ ਦਿੱਲੀ, (ਪੰਜਾਬ ਮੇਲ)**- ਸੁਪਰੀਮ ਕੋਰਟ ਨੇ ਜੂਨੀਅਰ ਰਾਸ਼ਟਰੀ ਕੁਸ਼ਤੀ ਚੈਂਪੀਅਨ ਸਾਗਰ ਧਨਖੜ ਦੇ ਕਤਲ ਦੇ



ਮੁੱਖ ਮੁਲਜ਼ਮ ਅਤੇ ਦੋ ਵਾਰ ਦੇ ਉਲੰਪਿਕ ਤਗਮਾ ਜੇਤੂ ਪਹਿਲਵਾਨ ਸੁਸ਼ੀਲ ਕੁਮਾਰ ਦੀ ਜ਼ਮਾਨਤ ਰੱਦ ਕਰ ਦਿੱਤੀ। ਜਸਟਿਸ ਸੰਜੇ ਕਰੋਲ ਅਤੇ ਪ੍ਰਸ਼ਾਂਤ ਕੁਮਾਰ ਮਿਸ਼ਰਾ ਦੇ ਬੈਂਚ ਨੇ ਦਿੱਲੀ ਹਾਈ ਕੋਰਟ ਦੇ 4 ਮਾਰਚ ਦੇ ਸੁਸ਼ੀਲ ਕੁਮਾਰ ਨੂੰ ਜ਼ਮਾਨਤ ਦੇਣ ਦੇ ਹੁਕਮ ਨੂੰ ਰੱਦ ਕਰ ਦਿੱਤਾ। ਜਸਟਿਸ ਕਰੋਲ ਨੇ ਫ਼ੈਸਲੇ ਦਾ ਮੁੱਖ ਹਿੱਸਾ ਪੜ੍ਹਦੇ ਹੋਏ ਸਾਗਰ ਦੇ ਪਿਤਾ ਵੱਲੋਂ ਜ਼ਮਾਨਤ ਦੇ ਹੁਕਮ ਵਿਰੁੱਧ ਦਾਇਰ ਪਟੀਸ਼ਨ ਨੂੰ ਸਵੀਕਾਰ ਕਰ ਲਿਆ। ਜੱਜ ਨੇ ਕਿਹਾ ਕਿ ਸੁਸ਼ੀਲ ਕੁਮਾਰ ਨੂੰ ਇਕ ਹਫ਼ਤੇ ਦੇ ਅੰਦਰ ਆਤਮ ਸਮਰਪਣ ਕਰਨਾ ਪਵੇਗਾ। ਇਸ ਦੌਰਾਨ ਸੁਸ਼ੀਲ ਕੁਮਾਰ ਜ਼ਮਾਨਤ 'ਤੇ ਰਿਹਾਅ ਹੋਣ ਤੋਂ ਬਾਅਦ ਉੱਤਰੀ ਰੇਲਵੇ ਵਿਚ ਆਪਣੀ ਡਿਊਟੀ 'ਤੇ ਵਾਪਸ ਆ ਗਿਆ ਸੀ ਪਰ ਹੁਣ ਉਸ ਨੂੰ ਆਤਮ ਸਮਰਪਣ ਕਰਨਾ ਪਵੇਗਾ ਅਤੇ 7 ਦਿਨਾਂ ਅੰਦਰ ਜੇਲ੍ਹ ਜਾਣਾ ਪਵੇਗਾ। ਸੁਸ਼ੀਲ ਕੁਮਾਰ 'ਤੇ ਕਈ ਹੋਰਾਂ ਨਾਲ ਰਲ ਕੇ 4 ਮਈ, 2021 ਨੂੰ ਦਿੱਲੀ ਦੇ ਛਤਰਸਾਲ ਸਟੇਡੀਅਮ ਦੀ ਪਾਰਕਿੰਗ 'ਚ ਕਥਿਤ ਤੌਰ 'ਤੇ ਇਕ ਜਾਇਦਾਦ ਦੇ ਵਿਵਾਦ ਨੂੰ ਲੈ ਕੇ ਧਨਖੜ ਅਤੇ ਉਸ ਦੇ ਦੋ ਦੋਸਤਾਂ ਸੋਨੂੰ ਅਤੇ ਅਮਿਤ ਕੁਮਾਰ 'ਤੇ ਹਮਲਾ ਕਰਨ ਦਾ ਦੋਸ਼ ਹੈ।

# ਗਿਆਨੀ ਹਰਪ੍ਰੀਤ ਸਿੰਘ ਦੀ ਸਿਆਸਤ 'ਚ ਐਂਟਰੀ 'ਤੇ ਗਿਆਨੀ ਰਘਬੀਰ ਸਿੰਘ ਵੱਲੋਂ ਇਤਰਾਜ਼ ਪ੍ਰਗਟ

**ਅੰਮ੍ਰਿਤਸਰ, (ਪੰਜਾਬ ਮੇਲ)**- ਗਿਆਨੀ ਹਰਪ੍ਰੀਤ ਸਿੰਘ ਦੀ ਸਿਆਸੀ ਮੈਦਾਨ 'ਚ



ਐਂਟਰੀ ਨੂੰ ਲੈ ਕੇ ਕਾਫ਼ੀ ਚਰਚਾ ਬਣੀ ਹੋਈ ਹੈ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਤੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਸਿਆਸਤ 'ਚ ਐਂਟਰੀ ਦੇ ਫੈਸਲੇ 'ਤੇ ਇਤਰਾਜ਼ ਜਤਾਇਆ ਹੈ। ਉਨ੍ਹਾਂ ਕਿਹਾ ਕਿ ਗੁਰੂ ਰਾਮਦਾਸ ਜੀ ਦੇ ਦਰ ਦੀ ਸੇਵਾ ਤੋਂ ਵੱਡੀ ਕੋਈ ਹੋਰ ਸੇਵਾ ਨਹੀਂ ਹੈ ਅਤੇ ਇਸ ਦਰ ਨੂੰ ਛੱਡ ਕੇ ਕਿਸੇ ਹੋਰ ਦੀ ਚਾਕਰੀ 'ਚ ਜਾਣਾ ਸਹੀ ਨਹੀਂ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਗੁਰੂ ਦੇ ਦਰ ਦੀ ਮਹੱਤਤਾ ਬੇਮਿਸਾਲ ਹੈ ਅਤੇ ਗੁਰੂ ਦੇ ਦਰ ਨੂੰ ਛੱਡ ਕੇ ਸਿਆਸਤ 'ਚ ਜਾਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਇਕ ਜਥੇਦਾਰ ਦੀ ਪਦਵੀ ਪ੍ਰਧਾਨਗੀ ਦੀ ਪਦਵੀ ਨਾਲੋਂ ਬਹੁਤ ਵੱਡੀ ਹੈ, ਜਿਸ ਨੂੰ ਮਾਨਤਾ ਦਿੰਦੇ ਹੋਏ ਗਿਆਨੀ ਹਰਪ੍ਰੀਤ ਸਿੰਘ ਨੂੰ ਇਹ ਕਦਮ ਨਹੀਂ ਚੁੱਕਣਾ ਚਾਹੀਦਾ ਸੀ। ਇੱਥੇ ਦੱਸ ਦੇਈਏ ਕਿ ਗਿਆਨੀ ਹਰਪ੍ਰੀਤ ਸਿੰਘ ਸ਼੍ਰੋਮਣੀ ਅਕਾਲੀ ਦਲ (ਬਾਗੀ) ਦੇ ਪ੍ਰਧਾਨ ਨਵੇਂ ਪ੍ਰਧਾਨ ਬਣੇ ਹਨ।

ਇਸ ਦੇ ਨਾਲ ਹੀ ਗਿਆਨੀ ਰਘਬੀਰ ਸਿੰਘ ਨੇ ਲਾਲ ਕਿਲ੍ਹੇ 'ਤੇ ਹੋ ਰਹੇ ਸਮਾਗਮ 'ਚ ਵਿਸ਼ੇਸ਼ ਸੱਦੇ 'ਤੇ ਗਏ ਅੰਮ੍ਰਿਤਧਾਰੀ ਗੁਰਸਿੱਖ ਸਰਪੰਚ ਗੁਰਧਿਆਨ ਸਿੰਘ ਨੂੰ ਕਿਰਪਾਨ ਕਾਰਨ ਦਾਖਲ ਹੋਣ ਤੋਂ ਰੋਕਣ 'ਤੇ ਵੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਅਫਸੋਸ ਦੀ ਗੱਲ ਹੈ ਕਿ ਆਜ਼ਾਦੀ ਤੋਂ ਬਾਅਦ ਵੀ ਸਿੱਖਾਂ ਨਾਲ ਅਜਿਹਾ ਵਿਤਕਰਾ ਹੋ ਰਿਹਾ ਹੈ। ਉਨ੍ਹਾਂ ਨੂੰ ਲਾਲ ਕਿਲ੍ਹੇ ਵਿਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਕਿਉਂਕਿ ਉਨ੍ਹਾਂ ਨੇ ਕਿਰਪਾਨ ਪਹਿਨੀ ਹੋਈ ਸੀ, ਜੋ ਕਿ ਸਾਡਾ ਧਾਰਮਿਕ ਚਿੰਨ੍ਹ ਹੈ। ਅਸੀਂ ਹਮੇਸ਼ਾ ਕਹਿੰਦੇ ਰਹੇ ਹਾਂ ਕਿ ਸਿੱਖਾਂ ਨਾਲ ਇਹ ਵਿਤਕਰਾ ਆਜ਼ਾਦੀ ਤੋਂ ਬਾਅਦ ਵੀ ਜਾਰੀ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਸਿੱਖ ਗੁਰੂਆਂ ਅਤੇ ਪ੍ਰਮੁੱਖ ਸ਼ਖਸੀਅਤਾਂ ਬਾਰੇ ਸੋਸ਼ਲ ਮੀਡੀਆ 'ਤੇ ਵੱਡੀ ਗਿਣਤੀ ਵਿਚ ਏ.ਆਈ. ਵੀਡੀਓ ਅਤੇ ਫੋਟੋਆਂ ਪ੍ਰਸਾਰਿਤ ਕੀਤੀਆਂ ਜਾ ਰਹੀਆਂ ਹਨ। ਹਾਲ ਹੀ ਵਿਚ ਇਕ ਏ.ਆਈ. ਵੀਡੀਓ ਵੀ ਸੋਸ਼ਲ ਮੀਡੀਆ 'ਤੇ ਪ੍ਰਸਾਰਿਤ ਕੀਤੀ ਗਈ ਸੀ, ਜਿਸ ਵਿਚ ਹਰਿਮੰਦਰ ਸਾਹਿਬ ਨੂੰ ਢਾਹਿਆ ਦਿਖਾਇਆ ਗਿਆ ਸੀ, ਜੋ ਕਿ ਬਹੁਤ ਮੰਦਭਾਗਾ ਹੈ। ਇਸ ਲਈ, ਅਸੀਂ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਨੂੰ ਇੱਕ ਸ਼ਿਕਾਇਤ ਵੀ ਦਰਜ ਕਰਵਾਈ ਹੈ, ਜਿਸ ਵਿਚ ਅਜਿਹੇ ਏ.ਆਈ ਵੀਡੀਓ ਬਣਾਉਣ ਵਾਲਿਆਂ ਵਿਰੁੱਧ ਢੁੱਕਵੀਂ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਅੱਗੇ ਬੋਲਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੁਆਰਾ ਸਿਰ ਢੱਕਣ ਲਈ ਰੁਮਾਲ, ਹਰਿਮੰਦਰ ਸਾਹਿਬ ਦੇ ਸਾਰੇ ਦਰਵਾਜ਼ਿਆਂ 'ਤੇ ਉਪਲਬਧ ਕਰਵਾਏ ਗਏ ਹਨ। ਉਨ੍ਹਾਂ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਖੰਡੇ ਦੇ ਚਿੰਨ੍ਹ ਵਾਲੇ ਰੁਮਾਲ ਨਾ ਬਣਾਉਣ ਕਿਉਂਕਿ ਮੱਥਾ ਟੇਕਣ ਤੋਂ ਬਾਅਦ ਲੋਕ ਅਕਸਰ ਇਨ੍ਹਾਂ ਰੁਮਾਲਾਂ ਨੂੰ ਸੜਕਾਂ 'ਤੇ ਸੁੱਟ ਦਿੰਦੇ ਹਨ, ਜੋ ਸਿੱਖ ਧਾਰਮਿਕ ਚਿੰਨ੍ਹ ਦਾ ਨਿਰਾਦਰ ਕਰਦਾ ਹੈ।




# ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਕਰੋ ਅਤੇ ਸਾਲਾਂ ਤੋਂ ਜੇਲ੍ਹਾਂ ਵਿਚ ਸੜ ਰਹੇ ਸਿੱਖ ਕੈਦੀਆਂ ਨੂੰ ਰਿਹਾਅ ਕਰੋ: ਡੀ.ਐੱਸ.ਜੀ.ਐੱਮ.ਸੀ. ਪ੍ਰਧਾਨ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਮੰਗ ਕੀਤੀ ਕਿ ਬੰਦੀ ਸਿੱਖਾਂ ਨੂੰ, ਜੋ ਪਿਛਲੇ 30-35 ਸਾਲਾਂ ਤੋਂ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਹਨ ਅਤੇ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ, ਤੁਰੰਤ ਰਿਹਾਅ ਕੀਤਾ ਜਾਵੇ।



ਸ. ਕਾਲਕਾ ਨੇ ਕਿਹਾ ਕਿ ਇਹ ਮੰਗ 12 ਅਗਸਤ ਨੂੰ ਸੁਪਰੀਮ ਕੋਰਟ ਵੱਲੋਂ ਦਿੱਤੇ ਗਏ ਆਦੇਸ਼ਾਂ ਤੋਂ ਬਾਅਦ ਹੋਰ ਮਜ਼ਬੂਤ ਹੋ ਗਈ ਹੈ, ਜਿਸ ਵਿਚ ਅਦਾਲਤ ਨੇ ਚਿੰਤਾ ਪ੍ਰਗਟਾਈ ਕਿ ਕਈ ਕੈਦੀ ਸਜ਼ਾ ਪੂਰੀ ਕਰਨ ਤੋਂ ਬਾਅਦ ਵੀ ਜੇਲ੍ਹਾਂ ਵਿਚ ਡੱਕੇ ਹੋਏ ਹਨ। ਕੋਰਟ ਨੇ ਸਾਰੀਆਂ ਰਾਜ ਸਰਕਾਰਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਹੁਕਮ ਦਿੱਤਾ ਕਿ ਜਿਹੜਾ ਵੀ ਕੈਦੀ ਕਿਸੇ ਹੋਰ ਕੇਸ ਵਿਚ ਸ਼ਾਮਲ ਨਹੀਂ ਹੈ, ਉਸ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

ਸ. ਕਾਲਕਾ ਨੇ ਕਿਹਾ, "ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਨੂੰ ਹੁਣ ਸੁਪਰੀਮ ਕੋਰਟ ਦੇ ਆਦੇਸ਼ਾਂ ਤੋਂ ਬਾਅਦ ਹੋਰ ਵਧੇਰੇ ਤਾਕਤ ਮਿਲੀ ਹੈ।" ਪ੍ਰੈੱਸ ਬਿਆਨ ਵਿਚ ਹਰਮੀਤ ਸਿੰਘ ਕਾਲਕਾ ਕਿਹਾ ਕਿ ਸੁਪਰੀਮ ਕੋਰਟ ਨੇ ਹੁਕਮ ਦਿੱਤਾ ਹੈ ਕਿ ਇਸ ਆਦੇਸ਼ ਦੀ ਕਾਪੀ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਗ੍ਰਹਿ ਸਕੱਤਰਾਂ ਨੂੰ ਭੇਜੀ ਜਾਵੇ, ਤਾਂ ਜੋ ਪਤਾ ਲੱਗ ਸਕੇ ਕਿ ਕੋਈ ਵੀ ਦੋਸ਼ੀ ਜਾਂ ਦੋਸ਼ ਸਾਬਤ ਸ਼ੁਦਾ ਵਿਅਕਤੀ ਸਜ਼ਾ ਪੂਰੀ ਹੋਣ ਤੋਂ ਬਾਅਦ ਵੀ ਜੇਲ੍ਹ ਵਿਚ ਤਾਂ ਨਹੀਂ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਇਹ ਹੁਕਮਾਂ ਇੰਨ-ਬਿੰਨ ਲਾਗੂ ਕੀਤੇ ਜਾਣੇ ਚਾਹੀਦੇ ਹਨ। ਸ. ਕਾਲਕਾ ਨੇ ਜ਼ੋਰ ਦਿੰਦਿਆਂ ਕਿਹਾ ਅਤੇ ਸਿੱਖ ਕੈਦੀਆਂ ਦੀ ਰਿਹਾਈ ਲਈ ਭਾਵੁਕ ਅਪੀਲ ਕੀਤੀ।

ਸੁਪਰੀਮ ਕੋਰਟ ਨੇ ਹੋਰ ਵੀ ਸਪੱਸ਼ਟ ਕੀਤਾ ਕਿ "ਜੇਕਰ ਕੋਈ ਦੋਸ਼ੀ ਹੋਰ ਕਿਸੇ ਕੇਸ ਵਿਚ ਸ਼ਾਮਲ ਨਹੀਂ ਹੈ, ਤਾਂ ਉਸ ਦੀ ਰਿਹਾਈ ਲਈ ਹੁਕਮ ਜਾਰੀ ਕੀਤੇ ਜਾਣ। ਇਸਦੇ ਨਾਲ ਹੀ ਇੱਕ ਨਕਲ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ ਦੇ ਮੈਂਬਰ ਸਕੱਤਰ ਨੂੰ ਭੇਜੀ ਜਾਵੇ, ਤਾਂ ਜੋ ਇਹ ਆਦੇਸ਼ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ ਕਾਨੂੰਨੀ ਸੇਵਾਵਾਂ ਅਥਾਰਿਟੀ ਦੇ ਮੈਂਬਰ ਸਕੱਤਰਾਂ ਨੂੰ ਭੇਜਿਆ ਜਾ ਸਕੇ ਅਤੇ ਉਹ ਆਪਣੇ-ਆਪਣੇ ਜ਼ਿਲ੍ਹਾ ਕਾਨੂੰਨੀ ਸੇਵਾ ਅਥਾਰਿਟੀ ਰਾਹੀਂ ਇਸ ਫੈਸਲੇ ਨੂੰ ਲਾਗੂ ਕਰ ਸਕਣ।"

ਸ. ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਕਈ ਸਿੱਖ ਕੈਦੀ ਅਜਿਹੇ ਵੀ ਹਨ, ਜੋ ਗ੍ਰਿਫਤਾਰ ਹੋਣ ਤੋਂ ਬਾਅਦ ਨਾ ਤਾਂ ਕਦੇ ਪੈਰੋਲ 'ਤੇ ਬਾਹਰ ਆਏ ਅਤੇ ਨਾ ਹੀ ਫਰਲੋ 'ਤੇ ਘਰ ਜਾ ਸਕੇ। ਪਰ ਹੁਣ ਉਹ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ। ਸ. ਕਾਲਕਾ ਨੇ ਕਿਹਾ, "ਉਹ ਬਦਲੇ ਹੋਏ ਵਿਅਕਤੀ ਹਨ ਅਤੇ ਹਾਲਾਤ ਵੀ ਉਹ ਨਹੀਂ ਰਹੇ, ਜਿਹੜੇ ਉਸ ਸਮੇਂ ਸਨ, ਜਦ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ।" ਸ.ਕਾਲਕਾ ਨੇ ਵੱਖ-ਵੱਖ ਰਾਜ ਸਰਕਾਰਾਂ ਅਤੇ ਕੇਂਦਰ ਨੂੰ ਅਪੀਲ ਕੀਤੀ ਕਿ ਬੰਦੀ ਸਿੱਖਾਂ ਦੀ ਰਿਹਾਈ ਲਈ ਬਕਾਇਆ ਮਾਮਲਿਆਂ ਨੂੰ ਤੁਰੰਤ ਨਿਪਟਾਇਆ ਜਾਵੇ।


## MATRIMONIAL

South Indian man, 65, (Look's 50), 5'-7", transportation business. looking a good loving girl of any age. Down to earth, anyone interested to living together. Pls send a photograph and little information with phone number. He can live anywhere in USA. Cell: 727-870-0052

855

## ਮੈਟਰੀਮੋਨੀਅਲ

ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5'-9", ਦਸਤਾਰਧਾਰੀ, ਯੂ.ਐੱਸ.ਏ. ਵਿਚ ਸਟੱਡੀ ਵੀਜ਼ੇ 'ਤੇ PhD ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ।

ਵਟਸਐੱਪ ਨੰਬਰ : (706) 206-2516

845


# ਮੋਹਾਲੀ ਅਦਾਲਤ ਵੱਲੋਂ ਬਿਕਰਮ ਮਜੀਠੀਆ ਦੀ ਜ਼ਮਾਨਤ ਅਰਜ਼ੀ ਖਾਰਜ



**ਮੋਹਾਲੀ, (ਪੰਜਾਬ ਮੇਲ)-** ਆਮਦਨ ਤੋਂ ਵੱਧ ਜਾਇਦਾਦ ਰੱਖਣ ਦੇ ਮਾਮਲੇ 'ਚ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੰਤਰੀ ਅਤੇ ਸੀਨੀਅਰ ਆਗੂ ਬਿਕਰਮ ਮਜੀਠੀਆ ਦੀ ਜ਼ਮਾਨਤ ਅਰਜ਼ੀ 'ਤੇ ਵੱਡਾ ਫ਼ੈਸਲਾ ਆ ਗਿਆ ਹੈ। ਮੋਹਾਲੀ ਅਦਾਲਤ ਨੇ ਸਰਕਾਰੀ ਧਿਰ ਅਤੇ ਬਚਾਅ ਪੱਖ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮਜੀਠੀਆ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਹੈ।

ਅਦਾਲਤ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਹਾਲੇ ਜਾਰੀ ਹੈ, ਜਿਸ ਕਰਕੇ ਜ਼ਮਾਨਤ ਨਹੀਂ ਦਿੱਤੀ ਜਾ ਸਕਦੀ।

ਬਿਕਰਮ ਮਜੀਠੀਆ ਦੇ ਵਕੀਲ ਅਰਸ਼ਦੀਪ ਸਿੰਘ ਕਲੇਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਅਦਾਲਤ ਦਾ ਫੈਸਲਾ ਪੜ੍ਹਨ ਮਗਰੋਂ ਇਸ ਮਾਮਲੇ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦੇਣਗੇ।

ਦੱਸਣਯੋਗ ਹੈ ਕਿ ਬੀਤੀ ਸੁਣਵਾਈ ਦੌਰਾਨ ਅਦਾਲਤ ਨੇ ਮਜੀਠੀਆ ਦੀ ਜ਼ਮਾਨਤ ਪਟੀਸ਼ਨ ਸਬੰਧੀ ਫ਼ੈਸਲਾ ਰਾਖਵਾਂ ਰੱਖ ਲਿਆ ਸੀ।

ਇਹ ਵੀ ਦੱਸ ਦੇਈਏ ਕਿ ਮਜੀਠੀਆ ਇਸ ਵੇਲੇ ਨਾਭਾ ਜੇਲ੍ਹ 'ਚ ਬੰਦ ਹਨ। ਉਨ੍ਹਾਂ ਨੂੰ 25 ਜੂਨ ਨੂੰ ਅੰਮ੍ਰਿਤਸਰ ਰਿਹਾਇਸ਼ ਤੋਂ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ 'ਚ ਵਿਜੀਲੈਂਸ ਵਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ।


ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com



# ਰਾਹੁਲ ਨੇ ਬਿਹਾਰ 'ਚ 'ਮ੍ਰਿਤ' ਵੋਟਰਾਂ ਨਾਲ ਚਾਹ ਪੀਤੀ; ਚੋਣ ਕਮਿਸ਼ਨ ਦਾ ਕੀਤਾ ਧੰਨਵਾਦ

ਨਵੀਂ ਦਿੱਲੀ, (ਪੰਜਾਬ ਮੇਲ)- ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਉਨ੍ਹਾਂ ਨੂੰ ਬਿਹਾਰ ਦੇ ਕੁਝ 'ਮ੍ਰਿਤ' ਵੋਟਰਾਂ ਨਾਲ ਚਾਹ ਪੀ ਕੇ ਨਿਵੇਕਲਾ ਤਜ਼ਰਬਾ ਹੋਇਆ, ਜਿਸ ਲਈ ਉਨ੍ਹਾਂ ਚੋਣ ਕਮਿਸ਼ਨ ਦਾ ਧੰਨਵਾਦ ਕੀਤਾ ਹੈ। ਬਿਹਾਰ ਦੇ ਸੱਤ ਵੋਟਰਾਂ ਨੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਨਾਲ ਇਥੇ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕਰਕੇ ਚੋਣ ਕਮਿਸ਼ਨ ਵੱਲੋਂ 'ਮ੍ਰਿਤ' ਐਲਾਨੇ ਜਾਣ ਅਤੇ ਵੋਟਰ ਸੂਚੀਆਂ 'ਚੋਂ ਨਾਂ ਹਟਾਏ ਜਾਣ ਦੇ ਆਪਣੇ ਤਜਰਬੇ ਸਾਂਝੇ ਕੀਤੇ।



ਲੋਕਾਂ ਨਾਲ ਗੱਲਬਾਤ ਕਰਨ ਮੌਕੇ ਚਾਹ ਦੀਆਂ ਚੁਸਕੀਆਂ ਲੈਂਦੇ ਹੋਏ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ।

ਰਾਹੁਲ ਗਾਂਧੀ ਨੇ 'ਐਕਸ' 'ਤੇ ਕਿਹਾ, "ਜ਼ਿੰਦਗੀ 'ਚ ਕਈ ਤਰ੍ਹਾਂ ਦੇ ਦਿਲਚਸਪ ਤਜ਼ਰਬੇ ਹੁੰਦੇ ਹਨ ਪਰ ਮੈਨੂੰ 'ਮ੍ਰਿਤ ਲੋਕਾਂ' ਨਾਲ ਚਾਹ ਪੀਣ ਦਾ ਪਹਿਲਾਂ ਕਦੇ ਵੀ ਮੌਕਾ ਨਹੀਂ ਮਿਲਿਆ ਸੀ। ਇਸ ਨਿਵੇਕਲੇ ਤਜਰਬੇ ਲਈ ਮੈਂ ਚੋਣ ਕਮਿਸ਼ਨ ਦਾ ਧੰਨਵਾਦ ਕਰਦਾ ਹਾਂ।" ਉਨ੍ਹਾਂ 'ਮ੍ਰਿਤ' ਵੋਟਰਾਂ ਨਾਲ ਮੀਟਿੰਗ ਦੀ ਵੀਡੀਓ ਵੀ ਸਾਂਝੀ ਕੀਤੀ ਹੈ। ਵੀਡੀਓ 'ਚ ਰਾਹੁਲ 'ਮ੍ਰਿਤ' ਵੋਟਰਾਂ ਨੂੰ ਇਹ ਆਖਦੇ ਸੁਣਾਈ ਦੇ ਰਹੇ ਹਨ ਕਿ ਉਹ ਦਿੱਲੀ 'ਚ ਘੁੰਮਣ-ਫਿਰਨ ਕਿਉਂਕਿ 'ਮਰੇ' ਹੋਏ ਬੰਦਿਆਂ ਤੋਂ ਟਿਕਟ ਨਹੀਂ ਲਈ ਜਾ ਸਕਦੀ ਹੈ। ਇਨ੍ਹਾਂ ਵਿਅਕਤੀਆਂ ਨੇ ਰਾਹੁਲ ਗਾਂਧੀ ਨੂੰ ਦੱਸਿਆ ਕਿ ਉਹ ਆਪਣਾ ਵੋਟਿੰਗ ਹੱਕ ਵਾਪਸ ਲੈਣ ਲਈ ਸੁਪਰੀਮ ਕੋਰਟ ਅੱਗੇ ਵੀ ਪੇਸ਼ ਹੋਏ ਸਨ। ਇਹ ਸਾਰੇ ਆਰ.ਜੇ.ਡੀ. ਆਗੂ ਤੇਜਸਵੀ ਯਾਦਵ ਦੇ ਹਲਕੇ ਰਾਘੋਪੁਰ ਦੇ ਵੋਟਰ ਸਨ ਅਤੇ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਦੌਰਾਨ ਉਨ੍ਹਾਂ ਦੇ ਨਾਂ ਕੱਟ ਦਿੱਤੇ ਗਏ ਹਨ।

ਕਾਂਗਰਸ ਨੇ ਕਿਹਾ ਕਿ ਇਹ ਕੋਈ ਕਲੈਰੀਕਲ ਖਾਮੀ ਨਹੀਂ, ਸਗੋਂ ਸਿਆਸੀ ਪੱਧਰ 'ਤੇ ਵੋਟ ਦੇ ਹੱਕ ਤੋਂ ਵਾਂਝੇ ਕਰਨ ਦਾ ਮਾਮਲਾ ਹੈ। ਪਾਰਟੀ ਨੇ ਕਿਹਾ ਕਿ ਬੰਗਲੂਰੂ 'ਚ 'ਵੋਟ ਚੋਰੀ' ਦਾ ਪਰਦਾਫ਼ਾਸ਼ ਹੋਣ ਮਗਰੋਂ ਹੁਣ ਬਿਹਾਰ 'ਚ ਵੀ ਸਪੱਸ਼ਟ ਹੋ ਗਿਆ ਹੈ ਕਿ 'ਐੱਸ.ਆਈ.ਆਰ.' ਰਾਹੀਂ ਵੋਟਰ ਸੂਚੀਆਂ 'ਚ ਛੇੜਖਾਨੀ ਕੀਤੀ ਜਾ ਰਹੀ ਹੈ।

# ਦਿੱਲੀ ਦੀ ਮੁੱਖ ਮੰਤਰੀ 'ਤੇ ਹਮਲਾ

ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ 'ਤੇ ਬੁੱਧਵਾਰ ਨੂੰ ਇੱਕ ਜਨਤਕ ਸੁਣਵਾਈ ਦੌਰਾਨ ਹਮਲਾ ਕੀਤੇ ਜਾਣ ਦਾ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ।



ਪ੍ਰੋਗਰਾਮ ਦੌਰਾਨ ਉੱਥੇ ਮੌਜੂਦ ਇੱਕ ਨੌਜਵਾਨ ਨੇ ਅਚਾਨਕ ਸਟੇਜ 'ਤੇ ਚੜ੍ਹ ਕੇ ਮੁੱਖ ਮੰਤਰੀ ਨੂੰ ਥੱਪੜ ਮਾਰ ਦਿੱਤਾ। ਨੌਜਵਾਨ ਵਲੋਂ ਕੀਤੀ ਗਈ ਇਸ ਹਰਕਤ ਕਾਰਨ ਮੌਕੇ 'ਤੇ ਹਫ਼ੜਾ-ਦਫ਼ੜੀ ਮਚ ਗਈ। ਸੁਰੱਖਿਆ ਕਰਮਚਾਰੀਆਂ ਨੇ ਮੁਸਤੈਦੀ ਦਿਖਾਉਂਦੇ ਹੋਏ ਦੋਸ਼ੀ ਨੌਜਵਾਨ ਨੂੰ ਮੌਕੇ 'ਤੇ ਕਾਬੂ ਕਰ ਲਿਆ ਅਤੇ ਪੁਲਿਸ ਦੇ ਹਵਾਲੇ ਕਰ ਦਿੱਤਾ।

ਭਾਰਤੀ ਜਨਤਾ ਪਾਰਟੀ (ਭਾਜਪਾ) ਵਲੋਂ ਇਸ ਦੀ ਜਾਣਕਾਰੀ ਦਿੱਤੀ ਗਈ ਹੈ। ਦਿੱਲੀ ਪੁਲਿਸ ਨੇ ਕਿਹਾ ਕਿ ਮੁੱਖ ਮੰਤਰੀ 'ਤੇ ਹਮਲਾ ਕਰਨ ਵਾਲੇ ਵਿਅਕਤੀ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਦਿੱਲੀ ਭਾਜਪਾ ਪ੍ਰਧਾਨ ਵੀਰੇਂਦਰ ਸਚਦੇਵਾ ਨੇ ਇਸ ਘਟਨਾ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਨੇ ਇਸਨੂੰ ਲੋਕਤੰਤਰ 'ਤੇ ਹਮਲਾ ਦੱਸਿਆ ਅਤੇ ਕਿਹਾ ਕਿ ਜਨ ਪ੍ਰਤੀਨਿਧੀਆਂ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਸਚਦੇਵਾ ਨੇ ਪੂਰੀ ਘਟਨਾ ਦੀ ਜਾਂਚ ਅਤੇ ਦੋਸ਼ੀ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਪਾਰਟੀ ਸੂਤਰਾਂ ਨੇ ਦੱਸਿਆ ਕਿ ਮੁੱਖ ਮੰਤਰੀ ਰੇਖਾ ਗੁਪਤਾ 'ਤੇ ਲਗਭਗ 35 ਸਾਲ ਦੀ ਉਮਰ ਦੇ ਇੱਕ ਵਿਅਕਤੀ ਨੇ "ਹਮਲਾ" ਕੀਤਾ। ਉਨ੍ਹਾਂ ਕਿਹਾ ਕਿ ਜਨਤਕ ਸੁਣਵਾਈ ਦੌਰਾਨ ਵਿਅਕਤੀ ਨੇ ਪਹਿਲਾਂ ਮੁੱਖ ਮੰਤਰੀ ਨੂੰ ਕੁਝ ਕਾਗਜ਼ਾਤ ਦਿੱਤੇ ਅਤੇ ਫਿਰ ਕਥਿਤ ਤੌਰ 'ਤੇ ਉਨ੍ਹਾਂ 'ਤੇ ਹਮਲਾ ਕੀਤਾ। ਪੁਲਿਸ ਵਲੋਂ ਗ੍ਰਿਫ਼ਤਾਰ ਕੀਤੇ ਵਿਅਕਤੀ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਮੁੱਢਲੀ ਜਾਣਕਾਰੀ ਅਨੁਸਾਰ, ਉਹ ਕਿਸੇ ਨਿੱਜੀ ਸਮੱਸਿਆ ਨੂੰ ਲੈ ਕੇ ਜਨਤਕ ਸੁਣਵਾਈ ਵਿੱਚ ਆਇਆ ਸੀ ਪਰ ਉਸਦਾ ਵਿਵਹਾਰ ਅਚਾਨਕ ਹਮਲਾਵਰ ਵਰਗਾ ਹੋ ਗਿਆ।

# ਅਦਾਲਤ ਵੱਲੋਂ ਤਹੱਵੁਰ ਰਾਣਾ ਦੀ ਨਿਆਂਇਕ ਹਿਰਾਸਤ 'ਚ 8 ਸਤੰਬਰ ਤੱਕ ਦਾ ਵਾਧਾ

ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਦੀ ਇਕ ਅਦਾਲਤ ਨੇ 26/11 ਮੁੰਬਈ ਹਮਲੇ ਦੇ ਦੋਸ਼ੀ ਤਹੱਵੁਰ ਹੁਸੈਨ ਰਾਣਾ ਨੂੰ ਇਸ ਮਹੀਨੇ ਆਪਣੇ ਭਰਾ ਨਾਲ ਤਿੰਨ ਫੋਨ ਕਾਲਾਂ ਕਰਨ ਦੀ ਇਜਾਜ਼ਤ ਦਿੱਤੀ ਹੈ, ਤਾਂ ਜੋ ਉਹ ਇਕ ਨਿੱਜੀ ਵਕੀਲ ਨੂੰ ਸ਼ਾਮਲ ਕਰਨ ਬਾਰੇ ਚਰਚਾ ਕਰ ਸਕਣ। ਵਿਸ਼ੇਸ਼ ਜੱਜ ਚੰਦਰਜੀਤ ਸਿੰਘ ਨੇ ਦੋਸ਼ੀ ਦੇ ਵਰਚੁਅਲ ਤੌਰ 'ਤੇ ਪੇਸ਼ ਹੋਣ ਤੋਂ ਬਾਅਦ ਰਾਣਾ ਦੀ ਨਿਆਇਕ ਹਿਰਾਸਤ 8 ਸਤੰਬਰ ਤੱਕ ਵਧਾ ਦਿੱਤੀ ਹੈ।



## ■ ਆਪਣੇ ਰਿਸ਼ਤੇਦਾਰਾਂ ਨਾਲ 3 ਫੋਨ ਕਾਲਾਂ ਦੀ ਦਿੱਤੀ ਇਜਾਜ਼ਤ

ਸੂਤਰਾਂ ਅਨੁਸਾਰ, ਇਨ-ਚੈਂਬਰ ਕਾਰਵਾਈ ਦੌਰਾਨ ਜੱਜ ਨੇ ਕਿਹਾ ਕਿ ਰਾਣਾ ਵੱਲੋਂ ਕੀਤੀਆਂ ਗਈਆਂ ਫੋਨ ਕਾਲਾਂ ਨੂੰ ਰਿਕਾਰਡ ਕੀਤਾ ਜਾਵੇਗਾ ਅਤੇ ਜੇਲ੍ਹ ਅਧਿਕਾਰੀਆਂ ਦੀ ਮੌਜੂਦਗੀ ਵਿਚ ਗੱਲਬਾਤ ਅੰਗਰੇਜ਼ੀ ਜਾਂ ਹਿੰਦੀ ਵਿਚ ਹੋਣੀ ਚਾਹੀਦੀ ਹੈ।

ਕਾਨੂੰਨੀ ਸਹਾਇਤਾ ਵਕੀਲ ਪਿਊਸ਼ ਸਚਦੇਵਾ ਨੂੰ ਚਾਰਜਸ਼ੀਟ ਅਤੇ ਜ਼ਿਮਨੀ ਚਾਰਜਸ਼ੀਟ ਵਿਚ ਕੁਝ ਦਸਤਾਵੇਜ਼ਾਂ ਦੀ ਜਾਂਚ ਕਰਨ ਲਈ ਅਦਾਲਤ ਤੋਂ ਸਮਾਂ ਮੰਗਣ ਬਾਰੇ ਕਿਹਾ ਗਿਆ ਸੀ। ਰਾਣਾ ਕਥਿਤ ਤੌਰ 'ਤੇ 26/11 ਦੇ ਮੁੱਖ ਸਾਜ਼ਿਸ਼ਕਰਤਾ ਡੇਵਿਡ ਕੋਲਮੈਨ ਹੈਡਲੀ ਉਰਫ਼ ਦਾਊਦ ਗਿਲਾਨੀ, ਇਕ ਅਮਰੀਕੀ ਨਾਗਰਿਕ ਦਾ ਨਜ਼ਦੀਕੀ ਸਾਥੀ ਹੈ।

4 ਅਪ੍ਰੈਲ ਨੂੰ ਅਮਰੀਕੀ ਸੁਪਰੀਮ ਕੋਰਟ ਵੱਲੋਂ ਭਾਰਤ ਹਵਾਲਗੀ ਵਿਰੁੱਧ ਉਸ ਦੀ ਸਮੀਖਿਆ ਪਟੀਸ਼ਨ ਖਾਰਜ ਕਰਨ ਤੋਂ ਬਾਅਦ ਉਸ ਨੂੰ ਭਾਰਤ ਲਿਆਂਦਾ ਗਿਆ ਸੀ।

# ਸੰਸਦ 'ਚ ਜਸਟਿਸ ਵਰਮਾ ਨੂੰ ਹਟਾਉਣ ਦਾ ਅਮਲ ਸ਼ੁਰੂ

ਨਵੀਂ ਦਿੱਲੀ, (ਪੰਜਾਬ ਮੇਲ)- ਇਲਾਹਾਬਾਦ ਹਾਈ ਕੋਰਟ ਦੇ ਜੱਜ ਜਸਟਿਸ ਯਸ਼ਵੰਤ ਵਰਮਾ ਨੂੰ ਹਟਾਉਣ ਦਾ ਅਮਲ ਸੰਸਦ 'ਚ ਸ਼ੁਰੂ ਹੋ ਗਿਆ ਹੈ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਜਸਟਿਸ ਵਰਮਾ ਖ਼ਿਲਾਫ਼ ਮਹਾਦੋਸ਼ ਦਾ ਪ੍ਰਸਤਾਵ ਸਵੀਕਾਰ ਕਰ ਲਿਆ ਹੈ। ਇਹ ਪ੍ਰਸਤਾਵ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਭਾਜਪਾ ਸੰਸਦ ਮੈਂਬਰ ਰਵੀ ਸ਼ੰਕਰ ਪ੍ਰਸਾਦ ਸਮੇਤ 146 ਸੰਸਦ ਮੈਂਬਰਾਂ ਦੇ ਦਸਤਖ਼ਤਾਂ ਨਾਲ ਪੇਸ਼ ਕੀਤਾ ਗਿਆ ਸੀ। ਸਪੀਕਰ ਬਿਰਲਾ ਨੇ ਜਸਟਿਸ ਵਰਮਾ ਖ਼ਿਲਾਫ਼ ਸ਼ਿਕਾਇਤ ਨੂੰ ਗੰਭੀਰ ਮੰਨਦਿਆਂ ਇਸ ਮਾਮਲੇ ਦੀ ਜਾਂਚ ਲਈ 3 ਮੈਂਬਰੀ ਕਮੇਟੀ ਦੇ ਗਠਨ ਦਾ ਐਲਾਨ ਕਰ ਦਿੱਤਾ।









# ਭਾਰਤ ਤੇ ਅਮਰੀਕਾ ਵਿਚਾਲੇ ਮਿੰਨੀ ਟ੍ਰੇਡ ਡੀਲ ਫਾਈਨਲ ਹੋਣ ਲਈ ਕਰਨਾ ਪੈ ਸਕਦੈ ਹੋਰ ਇੰਤਜ਼ਾਰ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਅਤੇ ਅਮਰੀਕਾ ਵਿਚਾਲੇ ਮਿੰਨੀ ਟ੍ਰੇਡ ਡੀਲ ਫਾਈਨਲ ਹੋਣ ਲਈ ਹੋਰ ਇੰਤਜ਼ਾਰ ਕਰਨਾ ਪੈ ਸਕਦਾ ਹੈ। ਇਸ ਦੀ ਵਜ੍ਹਾ ਹੈ ਕਿ ਭਾਰਤ ਨਾਲ ਅਗਲੇ ਦੌਰ ਦੀ ਗੱਲਬਾਤ ਲਈ ਅਮਰੀਕੀ ਡੈਲੀਗੇਸ਼ਨ ਦਾ 25 ਅਗਸਤ ਦਾ ਦੌਰਾ ਹੁਣ ਨਹੀਂ ਹੋਵੇਗਾ। ਇਸ ਨੂੰ ਕਿਸੇ ਹੋਰ ਤਰੀਕ ਲਈ ਰੀ-ਸ਼ਡਿਊਲ ਕੀਤਾ ਜਾ ਰਿਹਾ ਹੈ। ਭਾਰਤ ਅਤੇ ਅਮਰੀਕਾ ਵਿਚਾਲੇ ਪ੍ਰਸਤਾਵਿਤ ਦੋਪੱਖੀ ਵਪਾਰ ਸਮਝੌਤੇ (ਬੀ.ਟੀ.ਏ.) 'ਤੇ ਅੱਗੇ ਦੀ ਗੱਲਬਾਤ ਲਈ ਅਗਲੇ ਦੌਰ ਦੀ ਚਰਚਾ ਨਵੀਂ ਦਿੱਲੀ 'ਚ ਹੋਣ ਦੀ ਉਮੀਦ ਸੀ। 6ਵੇਂ ਦੌਰ ਦੀ ਗੱਲਬਾਤ 25-29 ਅਗਸਤ ਤੱਕ ਨਿਰਧਾਰਿਤ ਸੀ।

ਇਕ ਸਰਕਾਰੀ ਅਧਿਕਾਰੀ ਦਾ ਕਹਿਣਾ ਹੈ ਕਿ ਅਮਰੀਕੀ ਡੈਲੀਗੇਸ਼ਨ ਦੇ ਦੌਰੇ ਨੂੰ ਰੀ-ਸ਼ਡਿਊਲ ਕੀਤਾ ਜਾਵੇਗਾ ਅਤੇ ਇਹ ਪਹਿਲਾਂ ਦੀ ਯੋਜਨਾ ਅਨੁਸਾਰ 25 ਅਗਸਤ ਨੂੰ ਨਹੀਂ ਹੋ ਰਿਹਾ ਹੈ। ਦੋਵਾਂ ਦੇਸ਼ਾਂ ਨੇ ਟ੍ਰੇਡ ਡੀਲ 'ਤੇ ਗੱਲਬਾਤ ਇਸ ਸਾਲ ਮਾਰਚ 'ਚ ਸ਼ੁਰੂ ਕੀਤੀ ਸੀ। ਉਦੋਂ ਤੋਂ ਹੁਣ ਤੱਕ 5 ਰਾਊਂਡ ਦੀ ਗੱਲਬਾਤ

### ■ ਅਜੇ ਨਹੀਂ ਆਵੇਗਾ ਅਮਰੀਕੀ ਡੈਲੀਗੇਸ਼ਨ

ਹੋ ਚੁੱਕੀ ਹੈ। ਆਖਰੀ ਵਾਰ ਦੋਵਾਂ ਦੇਸ਼ਾਂ ਦੇ ਅਧਿਕਾਰੀ ਜੁਲਾਈ 'ਚ ਅਮਰੀਕਾ 'ਚ ਮਿਲੇ ਸਨ। ਟ੍ਰੇਡ ਡੀਲ ਨੂੰ ਇਸ ਸਾਲ ਸਤੰਬਰ ਤੱਕ ਫਾਈਨਲ ਕੀਤੇ ਜਾਣ ਦਾ ਪਲਾਨ ਹੈ।

ਟ੍ਰੇਡ ਡੀਲ 'ਤੇ ਗੱਲਬਾਤ ਦਾ 6ਵਾਂ ਰਾਊਂਡ ਰੀ-ਸ਼ਡਿਊਲ ਹੋਣਾ ਟੈਰਿਫ ਟੈਨਸ਼ਨ ਵਿਚਾਲੇ ਮਾਅਨੇ ਰੱਖਦਾ ਹੈ। ਅਮਰੀਕਾ ਜਾਣ ਵਾਲੇ ਭਾਰਤੀ ਸਾਮਾਨ 'ਤੇ 25 ਫੀਸਦੀ ਦੇ ਐਡੀਸ਼ਨਲ ਟੈਰਿਫ ਜਾਂ ਸੈਕੰਡਰੀ ਟੈਰਿਫ 27 ਅਗਸਤ ਤੋਂ ਲਾਗੂ ਹੋਣ ਵਾਲੇ ਹਨ। ਇਸ ਨਾਲ ਟੈਰਿਫ ਦੀ ਕੁੱਲ ਦਰ 50 ਫੀਸਦੀ ਹੋ ਜਾਵੇਗੀ। 25 ਫੀਸਦੀ ਦੀ ਇਕ ਦਰ ਪਹਿਲਾਂ ਹੀ 7 ਅਗਸਤ ਤੋਂ ਲਾਗੂ ਹੋ ਚੁੱਕੀ ਹੈ। ਹਾਲਾਂਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹੁਣ ਸੰਕੇਤ ਦਿੱਤਾ ਹੈ ਕਿ ਉਨ੍ਹਾਂ ਦਾ ਪ੍ਰਸ਼ਾਸਨ ਹੋ ਸਕਦਾ ਹੈ ਕਿ ਰੂਸੀ ਕੱਚੇ ਤੇਲ ਦੀ ਖਰੀਦ ਜਾਰੀ ਰੱਖਣ ਵਾਲੇ ਦੇਸ਼ਾਂ 'ਤੇ ਸੈਕੰਡਰੀ ਟੈਰਿਫ ਨਾ ਲਾਵੇ।

15 ਅਗਸਤ ਨੂੰ ਰੂਸੀ ਰਾਸ਼ਟਰਪਤੀ ਪੁਤੀਨ ਨਾਲ ਟਰੰਪ ਦੀ ਮੀਟਿੰਗ ਹੋਈ। ਇਸ ਮੀਟਿੰਗ ਦਾ ਉਦੇਸ਼ ਯੂਕਰੇਨ 'ਚ ਜੰਗ ਨੂੰ ਖਤਮ ਕਰਨ ਲਈ ਜੰਗਬੰਦੀ ਦੀ ਸਥਾਪਨਾ ਕਰਨਾ ਸੀ। ਹਾਲਾਂਕਿ ਇਹ ਬੈਠਕ ਬੇਨਤੀਜਾ ਰਹੀ। ਟਰੰਪ 18 ਅਗਸਤ ਨੂੰ ਵਾਸ਼ਿੰਗਟਨ 'ਚ ਯੂਕਰੇਨੀ ਰਾਸ਼ਟਰਪਤੀ ਜੇਲੇਂਸਕੀ ਨਾਲ ਮਿਲਣਗੇ ਅਤੇ ਰੂਸ ਨਾਲ ਸ਼ਾਂਤੀ ਸਮਝੌਤੇ 'ਤੇ ਅੱਗੇ ਗੱਲਬਾਤ ਕਰਨਗੇ। ਮਾਸਕੋ 'ਚ ਟਰੰਪ ਅਤੇ ਪੁਤੀਨ ਦੀ ਇਕ ਹੋਰ ਮੀਟਿੰਗ ਹੋਣ ਦੇ ਵੀ ਸੰਕੇਤ ਹਨ।

ਅਮਰੀਕਾ ਨੂੰ ਭੇਜੇ ਜਾਣ ਵਾਲੇ ਜ਼ਿਆਦਾ ਭਾਰਤੀ ਸਾਮਾਨਾਂ 'ਤੇ ਫਿਲਹਾਲ 25 ਫੀਸਦੀ ਟੈਰਿਫ ਲੱਗ ਰਿਹਾ ਹੈ। ਭਾਰਤ ਦਾ ਟੀਚਾ ਅਮਰੀਕਾ ਦੇ ਨਾਲ ਵਪਾਰ ਸਮਝੌਤੇ ਜ਼ਰੀਏ ਆਪਣੀ ਬਰਾਮਦ 'ਤੇ ਲੱਗਣ ਵਾਲੇ ਟੈਰਿਫ ਨੂੰ ਘੱਟ ਕਰਨਾ ਹੈ। ਪਿਛਲੇ 10 ਸਾਲਾਂ 'ਚ ਅਮਰੀਕਾ ਦੇ ਨਾਲ ਭਾਰਤ ਦਾ ਟ੍ਰੇਡ ਲੱਗਭਗ ਦੁੱਗਣਾ ਹੋ ਗਿਆ ਹੈ। 2013 'ਚ ਇਹ 64.6 ਅਰਬ ਡਾਲਰ 'ਤੇ ਸੀ ਪਰ 2024 'ਚ ਵਧ ਕੇ 118.4 ਅਰਬ ਡਾਲਰ ਹੋ ਗਿਆ।

## ਪੰਜਾਬ 'ਚ ਪੰਚਾਇਤ ਸਮਿਤੀ ਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਦੀ ਤਿਆਰੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਰਾਜ ਚੋਣ ਕਮਿਸ਼ਨ ਨੇ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦ ਦੀਆਂ ਚੋਣਾਂ ਕਰਵਾਉਣ ਲਈ ਤਿਆਰੀਆਂ ਖਿੱਚ ਦਿੱਤੀਆਂ ਹਨ। ਇਹ ਕਦਮ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਵੱਲੋਂ 5 ਅਕਤੂਬਰ ਤੱਕ ਚੋਣਾਂ ਕਰਵਾਉਣ ਦੀ ਕੀਤੀ ਗਈ ਅਪੀਲ ਤੋਂ ਬਾਅਦ ਚੁੱਕਿਆ ਗਿਆ ਹੈ। ਰਾਜ ਚੋਣ ਕਮਿਸ਼ਨ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ 3 ਮਾਰਚ 2025 ਨੂੰ ਪ੍ਰਕਾਸ਼ਿਤ ਹੋਈਆਂ ਪੰਚਾਇਤੀ ਵੋਟਰ ਸੂਚੀਆਂ ਪਹਿਲੀ ਸਤੰਬਰ 2025 ਦੀ ਯੋਗਤਾ ਮਿਤੀ ਅਨੁਸਾਰ ਅਪਡੇਟ ਕਰਨ ਦੇ ਨਿਰਦੇਸ਼ ਦਿੱਤੇ ਹਨ।

ਰਾਜ ਚੋਣ ਕਮਿਸ਼ਨ ਨੇ ਕਿਹਾ ਕਿ ਮੌਜੂਦਾ ਵੋਟਰ ਸੂਚੀਆਂ ਦਾ ਖਰੜਾ 19 ਅਗਸਤ ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ। ਇਸ ਤੋਂ ਬਾਅਦ 20 ਤੋਂ 27 ਅਗਸਤ ਤੱਕ ਵੋਟਰ ਸੂਚੀਆਂ 'ਤੇ ਦਾਅਵੇ ਅਤੇ ਇਤਰਾਜ਼ ਦਾਇਰ ਕੀਤੇ ਜਾ ਸਕਣਗੇ। ਪਹਿਲੀ ਸਤੰਬਰ ਤੱਕ ਦਾਅਵਿਆਂ ਅਤੇ ਇਤਰਾਜ਼ਾਂ ਦਾ ਨਿਬੇੜਾ ਕੀਤਾ ਜਾਵੇਗਾ, ਜਦਕਿ 3 ਸਤੰਬਰ ਨੂੰ ਵੋਟਰ ਸੂਚੀਆਂ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਰਾਜ ਚੋਣ ਕਮਿਸ਼ਨ ਦੇ ਤਰਜਮਾਨ ਨੇ ਕਿਹਾ ਕਿ ਇਸ ਮੰਤਵ ਲਈ ਸਾਰੇ ਯੋਗ ਵਿਅਕਤੀ ਵੋਟਰ ਸੂਚੀ ਵਿਚ ਆਪਣਾ ਨਾਮ ਦਰਜ ਕਰਵਾ ਸਕਦੇ ਹਨ।

# ਪ੍ਰਸਿੱਧ ਪ੍ਰਕਾਸ਼ਕ ਅਤੇ ਸ਼ਾਇਰ ਸਤੀਸ਼ ਗੁਲਾਟੀ ਨੂੰ ਸਦਮਾ; ਦਾਮਾਦ ਅੰਮ੍ਰਿਤ ਪਾਲ ਦੀ ਅਚਾਨਕ ਮੌਤ



**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਚੇਤਨਾ ਪ੍ਰਕਾਸ਼ਨ ਲੁਧਿਆਣਾ ਅਤੇ ਗੁਲਾਟੀ ਪਬਲਿਸ਼ਰਜ਼ ਸਰੀ ਦੇ ਸੰਚਾਲਕ ਅਤੇ ਪ੍ਰਸਿੱਧ ਪੰਜਾਬੀ ਸ਼ਾਇਰ ਸਤੀਸ਼ ਗੁਲਾਟੀ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ, ਜਦੋਂ ਉਨ੍ਹਾਂ ਦੇ ਦਾਮਾਦ ਅੰਮ੍ਰਿਤ ਪਾਲ ਸਿੰਘ ਖਹਿਰਾ (ਸਪੁੱਤਰ ਸ. ਦਲਜੀਤ ਸਿੰਘ ਖਹਿਰਾ) ਸਦੀਵੀ ਵਿਛੋੜਾ ਦੇ ਗਏ। ਸਤੀਸ਼ ਗੁਲਾਟੀ ਦੀ ਬੇਟੀ ਸ਼ਹਿਨਾਜ਼ ਅਤੇ ਅੰਮ੍ਰਿਤ ਪਾਲ ਸਿੰਘ ਦਾ ਵਿਆਹ ਪਿਛਲੇ ਸਾਲ ਹੀ ਮਾਰਚ ਵਿਚ ਹੋਇਆ ਸੀ।

ਗੁਲਾਟੀ ਪਰਿਵਾਰ ਅਤੇ ਖਹਿਰਾ ਪਰਿਵਾਰ ਲਈ ਇਹ ਦੁੱਖ ਬੇਹੱਦ ਅਸਹਿ ਹੈ। ਇਸ ਦੁੱਖ ਦੀ ਘੜੀ ਵਿਚ ਸਤੀਸ਼ ਗੁਲਾਟੀ ਦੇ ਬਹੁਤ ਸਾਰੇ ਮਿੱਤਰਾਂ ਅਤੇ ਲੇਖਕਾਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ ਅਤੇ ਦੋਹਾਂ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਜਾ ਰਹੀ ਹੈ। ਕੈਨੇਡਾ ਵਸਦੇ ਪੰਜਾਬੀ ਸ਼ਾਇਰ ਜਸਵਿੰਦਰ, ਨਾਵਲਕਾਰ ਜਰਨੈਲ ਸਿੰਘ ਸੇਖਾ, ਮੋਹਨ ਗਿੱਲ, ਸੁਰਿੰਦਰਪਾਲ ਕੌਰ ਬਰਾੜ, ਤਰਲੋਚਨ ਸਿੰਘ ਤਰਨ ਤਾਰਨ, ਸੁਖਵਿੰਦਰ ਸਿੰਘ ਚੋਹਲਾ, ਰਾਜਵੰਤ ਚਿਲਾਣਾ, ਪਾਲ ਢਿੱਲੋਂ, ਡਾ. ਅਮਰਜੀਤ ਭੁੱਲਰ, ਹਰਕੀਰਤ ਕੌਰ ਚਾਹਲ, ਅੰਗਰੇਜ਼ ਬਰਾੜ, ਡਾ. ਸਾਧੂ ਸਿੰਘ, ਸੁਰਿੰਦਰ ਚਹਿਲ, ਕੁਲਵਿੰਦਰ (ਯੂ.ਐੱਸ.ਏ.), ਜਗਜੀਤ ਨੌਸ਼ਹਿਰਵੀ, ਅਜੇ ਤਨਵੀਰ, ਡੀ.ਪੀ. ਅਰਸ਼ੀ, ਰਾਜਿੰਦਰ ਸਿੰਘ ਪੰਧੇਰ ਅਤੇ ਸੁਰਿੰਦਰ ਸੰਘਾ ਨੇ ਵੱਖ-ਵੱਖ ਸ਼ੋਕ ਸੁਨੇਹਿਆਂ ਰਾਹੀਂ ਸਤੀਸ਼ ਗੁਲਾਟੀ ਅਤੇ ਦੋਹਾਂ ਪਰਿਵਾਰਾਂ ਨਾਲ ਦਿਲੀ ਹਮਦਰਦੀ ਦਾ ਇਜ਼ਹਾਰ ਕੀਤਾ ਹੈ।


**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**


# ਟਰੰਪ ਦੇ ਪਾਕਿ ਵੱਲ ਝੁਕਾਅ ਨੇ ਅਮਰੀਕਾ-ਭਾਰਤ ਵਿਚਾਲੇ ਸੰਬੰਧਾਂ ਨੂੰ ਨੁਕਸਾਨ ਪਹੁੰਚਾਇਆ : ਰਿਪੋਰਟ

**ਸੈਕਰਾਮੈਂਟੋ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਾਕਿਸਤਾਨ ਵੱਲ ਵਧੇ ਝੁਕਾਅ ਨੇ ਭਾਰਤ-ਅਮਰੀਕਾ ਵਿਚਾਲੇ ਪਿਛਲੇ 2 ਦਹਾਕਿਆਂ ਦੌਰਾਨ ਸਖਤ ਮੁਸ਼ੱਕਤ ਨਾਲ ਬਣੇ ਸੰਬੰਧਾਂ ਨੂੰ ਡੂੰਘੀ ਸੱਟ ਮਾਰੀ ਹੈ। ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਟਰੰਪ ਦੇ ਰਵੱਈਏ ਨੇ ਕਿਸੇ ਵੇਲੇ ਦੋਵਾਂ ਦੇਸ਼ਾਂ ਵਿਚਾਲੇ ਸਮਝੀ ਜਾਂਦੀ ਮਿਸਾਲੀ ਭਾਈਵਾਲੀ ਨੂੰ ਵੀ ਵਰਣਨਯੋਗ ਨੁਕਸਾਨ ਪਹੁੰਚਾਇਆ ਹੈ। ਰਿਪੋਰਟ ਅਨੁਸਾਰ ਟੈਰਿਫ਼ ਤੋਂ ਇਲਾਵਾ ਰਾਸ਼ਟਰਪਤੀ ਟਰੰਪ ਨੇ ਜਾਣਬੁੱਝ ਕੇ ਭਾਰਤ ਦੀਆਂ ਕੌਮੀ ਸੁਰੱਖਿਆ ਚਿੰਤਾਵਾਂ ਵਿਸ਼ੇਸ਼ ਤੌਰ 'ਤੇ ਕਸ਼ਮੀਰ ਮੁੱਦੇ 'ਤੇ ਨਵੀਂ ਦਿੱਲੀ ਨੂੰ ਵਾਰ-ਵਾਰ ਚੁਣੌਤੀ ਦਿੱਤੀ ਹੈ। ਇਸ ਦੇ ਨਾਲ ਹੀ ਟਰੰਪ ਨੇ ਪਾਕਿਸਤਾਨ ਦੀ ਜਨਤਕ ਤੌਰ 'ਤੇ ਪ੍ਰਸ਼ੰਸਾ ਕੀਤੀ। ਇਸ ਦੇ ਅਨੁਸਾਰ ਹਾਲ ਹੀ 'ਚ ਪਾਕਿ ਫੌਜ ਦੇ ਮੁਖੀ ਆਸਿਮ ਮੁਨੀਰ ਲਈ ਵੀ ਅਮਰੀਕਾ ਪਲੇਟਫਾਰਮ ਬਣਿਆ ਰਿਹਾ, ਜਿਥੋਂ ਉਸ ਨੇ ਭਾਰਤ ਨੂੰ ਪ੍ਰਮਾਣੂ ਧਮਕੀਆਂ ਦਿੱਤੀਆਂ। ਰਿਪੋਰਟ 'ਚ ਵਿਸ਼ਵ ਪੱਧਰ 'ਤੇ ਹੋਈਆਂ ਕੂਟਨੀਤਿਕ ਸਰਗਰਮੀਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ, ਜਿਵੇਂ ਕਿ ਬੀਜਿੰਗ ਨੇ ਭਾਰਤ ਵੱਲ ਵਰਣਨਯੋਗ ਨਰਮ ਪਹੁੰਚ ਅਪਣਾਈ। ਜਿਵੇਂ ਕਿ ਚੀਨ ਦੀ ਸਰਕਾਰੀ ਅਖਬਾਰ ਗਲੋਬਲ ਟਾਈਮਜ਼ ਨੇ ਖੇਤਰੀ ਸ਼ਕਤੀਆਂ ਚੀਨ ਤੇ ਭਾਰਤ ਨੂੰ ਵਿਸ਼ੇਸ਼ ਤੌਰ 'ਤੇ ਉਭਾਰਿਆ ਹੈ ਤੇ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਸੰਬੰਧ ਨਾ ਕੇਵਲ ਖੇਤਰੀ, ਸਗੋਂ ਵਿਸ਼ਵ ਪੱਧਰ 'ਤੇ ਵੀ ਪ੍ਰਭਾਵ ਪਾਉਣ ਦੇ ਸਮਰੱਥ ਹਨ।

# ਮੂਸੇਵਾਲਾ ਕੇਸ 'ਚ ਸ਼ੂਟਰਾਂ ਨੂੰ ਫੜਨ ਵਾਲੇ ਡੀ.ਜੀ.ਪੀ. ਧਾਲੀਵਾਲ ਨੂੰ ਰਾਸ਼ਟਰਪਤੀ ਮੈਡਲ ਦਾ ਐਲਾਨ



**ਚੰਡੀਗੜ੍ਹ, (ਪੰਜਾਬ ਮੇਲ)-** ਗ੍ਰਹਿ ਮੰਤਰਾਲੇ ਨੇ ਭਾਰਤ ਦੇ 79ਵੇਂ ਅਜ਼ਾਦੀ ਦਿਹਾੜੇ ਮੌਕੇ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਹਰਗੋਬਿੰਦਰ ਸਿੰਘ ਧਾਲੀਵਾਲ ਨੂੰ ਵਿਲੱਖਣ ਸੇਵਾ ਲਈ ਰਾਸ਼ਟਰਪਤੀ ਪੁਲਿਸ ਮੈਡਲ ਦਾ ਐਲਾਨ ਕੀਤਾ ਹੈ। ਧਾਲੀਵਾਲ ਨੂੰ ਕੌਮਾਂਤਰੀ ਪਛਾਣ ਉਦੋਂ ਮਿਲੀ, ਜਦੋਂ ਉਸ ਦੀ ਟੀਮ ਨੇ ਗਾਇਕ ਸਿੱਧੂ ਮੂਸੇਵਾਲਾ ਕੇਸ ਵਿਚ ਛੇ ਵਿਚੋਂ ਤਿੰਨ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਰਾਸ਼ਟਰਪਤੀ ਮੈਡਲ ਸਿਰਫ਼ ਇੱਕ ਮਾਮਲੇ ਲਈ ਬਲਕਿ ਵਿਲੱਖਣ ਸੇਵਾ ਲਈ ਦਿੱਤਾ ਜਾਂਦਾ ਹੈ।

ਉਹ ਪਟਿਆਲਾ ਨਾਲ ਸਬੰਧਤ ਹਨ ਅਤੇ ਨਾਭਾ ਦੇ ਪੰਜਾਬ ਪਬਲਿਕ ਸਕੂਲ ਦੇ ਸਾਬਕਾ ਵਿਦਿਆਰਥੀ ਹਨ। ਆਈ.ਪੀ.ਐੱਸ. ਵਿਚ ਸ਼ਾਮਲ ਹੋਣ ਤੋਂ ਪਹਿਲਾਂ ਉਨ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐੱਮ.ਬੀ.ਏ. ਅਤੇ ਐੱਲ.ਐੱਲ.ਬੀ. ਦੀਆਂ ਡਿਗਰੀਆਂ ਪੂਰੀਆਂ ਕੀਤੀਆਂ ਹਨ।

1997 ਬੈਚ ਦਾ ਏ.ਜੀ.ਐੱਮ.ਯੂ.ਟੀ. ਕੇਡਰ ਦੇ ਆਈ.ਪੀ.ਐੱਸ. ਅਧਿਕਾਰੀ ਧਾਲੀਵਾਲ ਨੇ ਆਪਣੀ ਤਿੱਖੀ ਜਾਂਚ ਸਮਰੱਥਾ ਅਤੇ ਉੱਚ-ਪ੍ਰੋਫਾਈਲ ਅਪਰਾਧਿਕ ਮਾਮਲਿਆਂ ਵਿਚ ਲੀਡਰਸ਼ਿਪ ਲਈ ਸਾਖ ਪ੍ਰਾਪਤ ਕੀਤੀ ਹੈ। ਹਾਲ ਹੀ ਦੇ ਸਾਲਾਂ ਵਿਚ ਉਨ੍ਹਾਂ ਦਾ ਸਭ ਤੋਂ ਮਹੱਤਵਪੂਰਨ ਯੋਗਦਾਨ ਸਿੱਧੂ ਮੂਸੇਵਾਲਾ ਕਤਲ ਕੇਸ ਦੀ ਜਾਂਚ ਵਿਚ ਉਨ੍ਹਾਂ ਦੀ ਮੁੱਖ ਭੂਮਿਕਾ ਸੀ, ਜਿਸ ਨੇ ਕੌਮੀ ਅਤੇ ਕੌਮਾਂਤਰੀ ਧਿਆਨ ਖਿੱਚਿਆ।

ਉਸ ਸਮੇਂ ਦਿੱਲੀ ਪੁਲਿਸ ਸਪੈਸ਼ਲ ਸੈੱਲ ਦੇ ਮੁਖੀ ਵਜੋਂ ਧਾਲੀਵਾਲ ਨੇ ਇਸ ਅਪਰੇਸ਼ਨ ਦੀ ਅਗਵਾਈ ਕੀਤੀ, ਜਿਸ ਨਾਲ ਪ੍ਰਸਿੱਧ ਪੰਜਾਬੀ ਗਾਇਕ ਮੂਸੇਵਾਲਾ ਦੇ ਕਤਲ ਵਿਚ ਸ਼ਾਮਲ ਤਿੰਨ ਮੁੱਖ ਸ਼ੂਟਰਾਂ ਪ੍ਰਿਯਵਰਤ ਫੌਜੀ, ਅੰਕਿਤ ਸਰਸਾ ਅਤੇ ਕਸ਼ਿਸ਼ ਨੂੰ ਗ੍ਰਿਫਤਾਰ ਕੀਤਾ ਗਿਆ। ਉਸ ਦੀ ਟੀਮ ਨੇ ਦੂਜੀਆਂ ਏਜੰਸੀਆਂ ਨਾਲ ਮਿਲ ਕੇ ਦੀਪਕ ਮੁੰਡੀ ਨੂੰ ਟਰੈਕ ਕੀਤਾ, ਜਿਸ ਨੂੰ ਬਾਅਦ ਵਿਚ ਨੇਪਾਲ ਸਰਹੱਦ ਨੇੜੇ ਗ੍ਰਿਫ਼ਤਾਰ ਕੀਤਾ ਗਿਆ। ਧਾਲੀਵਾਲ ਦੀ ਲੀਡਰਸ਼ਿਪ ਨੇ ਪੱਤਰਕਾਰ ਸੌਮਿਆ ਵਿਸ਼ਵਨਾਥਨ, ਆਈ.ਟੀ. ਐਗਜ਼ੀਕਿਊਟਿਵ ਜਿਗੀਸ਼ਾ ਘੋਸ਼ ਅਤੇ ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਕਤਲ ਵਰਗੇ ਕਈ ਹੋਰ ਵੱਡੇ ਮਾਮਲਿਆਂ ਨੂੰ ਸੁਲਝਾਉਣ ਵਿਚ ਵੀ ਅਹਿਮ ਭੂਮਿਕਾ ਨਿਭਾਈ।

ਉਸ ਨੇ 2008 ਦੇ ਦਿੱਲੀ ਸੀਰੀਅਲ ਬਲਾਸਟ ਅਤੇ ਬਾਟਲਾ ਹਾਊਸ ਮੁਕਾਬਲੇ ਦੀ ਜਾਂਚ ਵਿਚ ਵੀ ਮੁੱਖ ਭੂਮਿਕਾ ਨਿਭਾਈ। ਉਸ ਨੇ ਉਨ੍ਹਾਂ ਟੀਮਾਂ ਦੀ ਅਗਵਾਈ ਕੀਤੀ, ਜਿਨ੍ਹਾਂ ਨੇ ਸੌਮਿਆ ਵਿਸ਼ਵਨਾਥਨ, ਰਾਧਿਕਾ ਤਨਵਰ ਅਤੇ ਜਿਗੀਸ਼ਾ ਘੋਸ਼ ਦੇ ਸਨਸਨੀਖੇਜ਼ ਕਤਲ ਮਾਮਲਿਆਂ ਨੂੰ ਨਾ ਸਿਰਫ ਸੁਲਝਾਇਆ, ਬਲਕਿ ਅੰਤਮ ਸਜ਼ਾ ਤੱਕ ਪੀੜਤ ਪਰਿਵਾਰਾਂ ਨਾਲ ਸੰਪਰਕ ਵਿਚ ਰਹੇ, ਜਿਸ ਕਾਰਨ ਦਿੱਲੀ ਪੁਲੀਸ ਨੂੰ ਪੀੜਤ ਪਰਿਵਾਰਾਂ ਦੁਆਰਾ ਪ੍ਰਸ਼ੰਸਾ ਮਿਲੀ। ਉਸ ਨੇ ਦਿੱਲੀ ਸੀਰੀਅਲ ਬਲਾਸਟ ਮਾਮਲੇ ਨੂੰ ਸੁਲਝਾਇਆ, ਜਿਸ ਨਾਲ ਇੰਡੀਅਨ ਮੁਜਾਹਿਦੀਨ ਦੇ ਤਿੰਨ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਸਪੈਸ਼ਲ ਸੈੱਲ ਵਜੋਂ ਉਨ੍ਹਾਂ ਨੇ ਟੀਮਾਂ ਦੀ ਅਗਵਾਈ ਕੀਤੀ, ਜਿਨ੍ਹਾਂ ਨੇ ਪੰਜਾਬ ਦੇ ਪ੍ਰਸਿੱਧ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਸਨਸਨੀਖੇਜ਼ ਮਾਮਲੇ ਨੂੰ ਸੁਲਝਾਇਆ, ਜਿਸ ਨਾਲ ਯੂ.ਬੀ.ਜੀ.ਐੱਲ., ਗ੍ਰਨੇਡ ਆਦਿ ਬਰਾਮਦ ਹੋਏ।







# ਪੰਜਾਬ ’ਚ ਦੋ ਕਰੋੜ ਬੈਂਕ ਖਾਤਿਆਂ ’ਚ 10 ਹਜ਼ਾਰ ਕਰੋੜ ਦੀ ਰਾਸ਼ੀ ਜਮ੍ਹਾਂ

### ■ ਖਾਤਿਆਂ ’ਚ ਨਹੀਂ ਹੋ ਰਿਹਾ ਕੋਈ ਲੈਣ-ਦੇਣ

### ਪੰਜਾਬ ’ਚ ਇਨਐਕਟਿਵ ਖਾਤੇ: ਇੱਕ ਝਾਤ

| ਬੈਂਕ ਦਾ ਨਾਮ | ਇਨਐਕਟਿਵ ਖਾਤੇ ਖਾਤਿਆਂ ’ਚ ਜਮ੍ਹਾਂ ਰਾਸ਼ੀ |
|---|---|
| ਪੰਜਾਬ ਨੈਸ਼ਨਲ ਬੈਂਕ | 59.00 ਲੱਖ 3323.85 ਕਰੋੜ |
| ਸਟੇਟ ਬੈਂਕ ਆਫ਼ ਇੰਡੀਆ | 31.04 ਲੱਖ 1621.17 ਕਰੋੜ |
| ਪੰਜਾਬ ਐਂਡ ਸਿੰਧ ਬੈਂਕ | 2.38 ਲੱਖ 1364.33 ਕਰੋੜ |
| ਸਟੇਟ ਕੋਆਪਰੇਟਿਵ ਬੈਂਕ | 18.71 ਲੱਖ 904.66 ਕਰੋੜ |

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ’ਚ ਅਜਿਹੇ ਦੋ ਕਰੋੜ ਬੈਂਕ ਖਾਤੇ ਸ਼ਨਾਖ਼ਤ ਹੋਏ ਹਨ, ਜਿਨ੍ਹਾਂ ’ਚ ਦੋ ਸਾਲਾਂ ਤੋਂ ਕੋਈ ਲੈਣ-ਦੇਣ ਹੀ ਨਹੀਂ ਹੋਇਆ ਹੈ। ਪੰਜਾਬ ’ਚ ਇਨ੍ਹਾਂ 2.01 ਕਰੋੜ ਬੈਂਕ ਖਾਤਿਆਂ ’ਚ 10,437 ਕਰੋੜ ਰੁਪਏ ਜਮ੍ਹਾਂ ਪਏ ਹਨ, ਜਿਨ੍ਹਾਂ ਨੂੰ ਦੋ ਸਾਲਾਂ ਤੋਂ ਕਦੇ ਛੇੜਿਆ ਨਹੀਂ ਗਿਆ ਹੈ। ਸੁਆਲ ਉਠਦਾ ਹੈ ਕਿ ਇਹ ਕਿਹੜੇ ਪੰਜਾਬੀ ਹਨ, ਜਿਨ੍ਹਾਂ ਨੇ ਬੈਂਕ ਖਾਤਿਆਂ ’ਚ ਪਈ 10 ਹਜ਼ਾਰ ਕਰੋੜ ਤੋਂ ਉਪਰ ਦੀ ਰਾਸ਼ੀ ਦੀ ਕਦੇ ਸਾਰ ਹੀ ਨਹੀਂ ਲਈ। ਇੰਝ ਲੱਗਦਾ ਹੈ ਕਿ ਜਿਵੇਂ ਪੰਜਾਬੀ ਰੱਖ-ਰੱਖ ਭੁੱਲਦੇ ਹੋਣ। ਸਮੁੱਚੇ ਪੰਜਾਬ ਦੀ ਅਬਾਦੀ ਸਵਾ ਤਿੰਨ ਕਰੋੜ ਹੈ ਪਰ ਬੈਂਕਾਂ ’ਚ ਖਾਤਿਆਂ ਦਾ ਕੁੱਲ ਅੰਕੜਾ 6.38 ਕਰੋੜ ਹੈ।

ਰਾਜ ਪੱਧਰੀ ਬੈਂਕਰਜ਼ ਕਮੇਟੀ ਦੀ 30 ਜੂਨ 2025 ਤੱਕ ਦੀ ਰਿਪੋਰਟ ਅਨੁਸਾਰ ਪੰਜਾਬ ’ਚ 2.01 ਕਰੋੜ ਬੈਂਕ ਖਾਤਿਆਂ ’ਚ 24 ਮਹੀਨਿਆਂ ਤੋਂ ਕੋਈ ਲੈਣ-ਦੇਣ ਨਹੀਂ ਹੋਇਆ ਹੈ। ਇਹ ਰਾਸ਼ੀ ਬੈਂਕਾਂ ’ਚ ਹੀ ਬਿਨਾਂ ਵਰਤੋਂ ਦੇ ਪਈ ਹੈ। ਰਿਜ਼ਰਵ ਬੈਂਕ ਆਫ਼ ਇੰਡੀਆ ਅਨੁਸਾਰ ਜਿਹੜੇ ਬੈਂਕ ਖਾਤਿਆਂ ’ਚ ਲਗਾਤਾਰ ਦੋ ਸਾਲਾਂ ਤੋਂ ਕੋਈ ਲੈਣ ਦੇਣ ਨਾ ਹੋਵੇ, ਉਸ ਨੂੰ ਇਨਐਕਟਿਵ ਜਾਂ ਇਨਅਪਰੇਟਿਵ ਐਲਾਨ ਦਿੱਤਾ ਜਾਂਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਪਹਿਲੀ ਪਾਰੀ ਦੀ ਸ਼ੁਰੂਆਤ ਮੌਕੇ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਤਹਿਤ ‘ਜ਼ੀਰੋ ਬੈਲੈਂਸ’ ਵਾਲੇ ਖਾਤੇ ਵੀ ਖੁੱਲ੍ਹਵਾਏ ਸਨ। ਪੰਜਾਬ ’ਚ ਇਸ ਯੋਜਨਾ ਤਹਿਤ ਇਸ ਵੇਲੇ 90.97 ਲੱਖ ਬੈਂਕ ਖਾਤੇ ਹਨ, ਜਿਨ੍ਹਾਂ ’ਚੋਂ 25.30 ਲੱਖ ਖਾਤੇ ਅਜਿਹੇ ਹਨ, ਜਿਨ੍ਹਾਂ ’ਚ ਦੋ ਸਾਲਾਂ ਤੋਂ ਕੋਈ ਲੈਣ-ਦੇਣ ਹੀ ਨਹੀਂ ਹੋਇਆ ਹੈ ਅਤੇ ਇਨ੍ਹਾਂ ਖਾਤਿਆਂ ਵਿਚ 301.45 ਕਰੋੜ ਰੁਪਏ ਪਏ ਹਨ। ਸਮੁੱਚੇ ਸੇਵਿੰਗ ਖਾਤਿਆਂ ’ਤੇ ਨਜ਼ਰ ਮਾਰੀਏ, ਤਾਂ ਪੰਜਾਬ ਵਿਚ ਸਭ ਤੋਂ ਵੱਧ ਸੇਵਿੰਗ ਖਾਤੇ ਸਟੇਟ ਬੈਂਕ ਆਫ਼ ਇੰਡੀਆ ਦੇ ਹਨ, ਜੋ ਕਿ 1.42 ਕਰੋੜ ਹਨ। ਦੂਜੇ ਨੰਬਰ ’ਤੇ ਪੰਜਾਬ ਨੈਸ਼ਨਲ ਬੈਂਕ ਦੇ 1.31 ਕਰੋੜ ਸੇਵਿੰਗ ਖਾਤੇ ਹਨ। ਸਹਿਕਾਰੀ ਬੈਂਕਾਂ ’ਚ 31.30 ਲੱਖ ਸੇਵਿੰਗ ਖਾਤੇ ਹਨ।

ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਨੈਸ਼ਨਲ ਬੈਂਕ ’ਚ ਇਸ ਵੇਲੇ 59 ਲੱਖ ਬੈਂਕ ਖਾਤੇ ਹਨ, ਜਿਨ੍ਹਾਂ ’ਚ ਦੋ ਸਾਲ ਤੋਂ ਕੋਈ ਲੈਣ-ਦੇਣ ਨਹੀਂ ਹੋਇਆ ਅਤੇ ਇਨ੍ਹਾਂ ਅਜਿਹੇ ਬੈਂਕ ਖਾਤਿਆਂ ਵਿਚ ਸਭ ਤੋਂ ਵੱਧ 3323.85 ਕਰੋੜ ਰੁਪਏ ਪਏ ਹਨ। ਦੂਸਰੇ ਨੰਬਰ ’ਤੇ ਸਟੇਟ ਬੈਂਕ ਆਫ਼ ਇੰਡੀਆ ਦੇ 31.04 ਲੱਖ ਬੈਂਕ ਖਾਤਿਆਂ ’ਚ 1621.17 ਕਰੋੜ ਪਏ ਹਨ। ਤੀਜੇ ਨੰਬਰ ’ਤੇ ਪੰਜਾਬ ਐਂਡ ਸਿੰਧ ਬੈਂਕ ਦੇ 2.38 ਲੱਖ ਬੈਂਕ ਖਾਤਿਆਂ ’ਚ ਅਜਿਹੇ 1364.33 ਕਰੋੜ ਰੁਪਏ ਹਨ, ਜੋ ਇਨਅਪਰੇਟਿਵ ਹਨ। ਇਸੇ ਤਰ੍ਹਾਂ ਸਹਿਕਾਰੀ ਬੈਂਕਾਂ ਦੇ 18.71 ਲੱਖ ਬੈਂਕ ਖਾਤਿਆਂ ’ਚ 904.66 ਕਰੋੜ ਰੁਪਏ ਅਜਿਹੇ ਹਨ, ਜੋ ਇਨਐਕਟਿਵ ਹਨ। ਯੈੱਸ ਬੈਂਕ ’ਚ 481.04 ਕਰੋੜ ਅਤੇ ਐੱਚ.ਡੀ.ਐੱਫ.ਸੀ. ’ਚ 21.60 ਕਰੋੜ ਰੁਪਏ ਇਨਐਕਟਿਵ ਖਾਤਿਆਂ ’ਚ ਪਏ ਹਨ।

ਬੈਂਕ ਅਧਿਕਾਰੀ ਦੱਸਦੇ ਹਨ ਕਿ ਜਿਹੜੇ ਖਾਤਾਧਾਰਕ ਵਿਦੇਸ਼ ਚਲੇ ਜਾਂਦੇ ਹਨ ਜਾਂ ਜਿਨ੍ਹਾਂ ਦੇ ਬੱਚੇ ਖਾਤਾ ਖੁੱਲ੍ਹਵਾਉਣ ਮਗਰੋਂ ਵਿਦੇਸ਼ ਚਲੇ ਗਏ, ਉਨ੍ਹਾਂ ਦੇ ਖਾਤਿਆਂ ’ਚ ਕੋਈ ਲੈਣ-ਦੇਣ ਨਹੀਂ ਹੁੰਦਾ ਹੈ। ਸੇਵਾਮੁਕਤ ਮੁਲਾਜ਼ਮਾਂ ਤੋਂ ਇਲਾਵਾ ਮੌਤ ਸਬੰਧੀ ਮਾਮਲਿਆਂ ’ਚ ਵੀ ਅਜਿਹਾ ਹੋ ਜਾਂਦਾ ਹੈ। ਸੂਤਰ ਦੱਸਦੇ ਹਨ ਕਿ ਜਿਨ੍ਹਾਂ ਖਾਤਿਆਂ ’ਚ ਸਿਰਫ਼ ਪੈਸਾ ਜਮ੍ਹਾਂ ਹੀ ਹੋ ਰਿਹਾ ਹੈ, ਉਨ੍ਹਾਂ ਨੂੰ ਵੀ ਕਈ ਵਾਰ ਇਨਐਕਟਿਵ ਖਾਤਾ ਮੰਨ ਲਿਆ ਜਾਂਦਾ ਹੈ। ਪਿਛਲੇ ਸਮੇਂ ਦੌਰਾਨ ਧਿਆਨ ’ਚ ਆਇਆ ਹੈ ਕਿ ਜਨ ਧਨ ਯੋਜਨਾ ਦੇ ਖਾਤਿਆਂ ’ਚ ਡਿਜ਼ੀਟਲ ਘਪਲੇ ਜ਼ਿਆਦਾ ਹੋ ਰਹੇ ਹਨ। ਗ਼ਲਤ ਅਨਸਰ ਜਨ ਧਨ ਯੋਜਨਾ ਦੇ ਖਾਤਾਧਾਰਕਾਂ ਤੋਂ ਖਾਤਾ ਕਿਰਾਏ ’ਤੇ ਲੈ ਲੈਂਦੇ ਹਨ ਅਤੇ ਉਸ ਦਾ ਗ਼ਲਤ ਇਸਤੇਮਾਲ ਕਰਦੇ ਹਨ। ਪੰਜਾਬ ’ਚ ਇੱਕ ਕੇਸ ਅਜਿਹਾ ਸਾਹਮਣੇ ਆਇਆ ਸੀ ਕਿ ਜਦੋਂ ਪੁਲਿਸ ਨੇ ਦੂਸਰੇ ਸੂਬੇ ਵਿਚ ਖਾਤਾਧਾਰਕ ਤੱਕ ਪਹੁੰਚ ਕੀਤੀ ਤਾਂ ਉਸ ਨੇ ਦੱਸਿਆ ਕਿ ਉਸ ਨੂੰ ਖਾਤੇ ਦੀ ਵਰਤੋਂ ਬਦਲੇ ਕੁਝ ਮਾਮੂਲੀ ਰਾਸ਼ੀ ਕੁਝ ਲੋਕ ਦੇ ਦਿੰਦੇ ਹਨ।

ਮੁਲਕ ਦੀਆਂ ਬੈਂਕਾਂ ਵਿਚ 67,000 ਕਰੋੜ ਰੁਪਏ ਦੀ ਰਾਸ਼ੀ ਨੂੰ ‘ਲਾਵਾਰਿਸ’ ਐਲਾਨਿਆ ਜਾ ਚੁੱਕਾ ਹੈ ਅਤੇ ਇਸ ਰਾਸ਼ੀ ’ਤੇ ਕਿਸੇ ਵੀ ਵਿਅਕਤੀ ਨੇ ਦਾਅਵਾ ਨਹੀਂ ਕੀਤਾ। ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਨਿਯਮਾਂ ਅਨੁਸਾਰ ਜਿਸ ਬੈਂਕ ਖਾਤੇ ਵਿਚਲੀ ਰਾਸ਼ੀ ’ਤੇ ਕੋਈ ਦਸ ਸਾਲ ਤੱਕ ਕਲੇਮ ਨਹੀਂ ਕਰਦਾ ਹੈ ਤਾਂ ਉਹ ਰਾਸ਼ੀ ‘ਦਿ ਡਿਪਾਜ਼ਿਟਰ ਐਜੂਕੇਸ਼ਨ ਐਂਡ ਅਵੇਅਰਨੈੱਸ ਫ਼ੰਡ ਸਕੀਮ-2014’ ਵਿਚ ਟਰਾਂਸਫ਼ਰ ਹੋ ਜਾਂਦੀ ਹੈ।

# ਫਰਾਂਸ, ਕੈਨੇਡਾ, ਮੈਕਸੀਕੋ ਅਤੇ ਆਸਟ੍ਰੇਲੀਆ ਵੱਲੋਂ ਨਾਗਰਿਕਾਂ ਨੂੰ ਯੂ.ਕੇ. ਦੀ ਯਾਤਰਾ ਨਾ ਕਰਨ ਸਬੰਧੀ ਚਿਤਾਵਨੀਆਂ

**ਲੰਡਨ, (ਪੰਜਾਬ ਮੇਲ)-** ਕਈ ਵਿਦੇਸ਼ੀ ਸਰਕਾਰਾਂ ਨੇ ਯੂ.ਕੇ. ਜਾਣ ਵਾਲੇ ਯਾਤਰੀਆਂ ਨੂੰ ਚਿਤਾਵਨੀਆਂ ਜਾਰੀ ਕੀਤੀਆਂ ਹਨ, ਕਿਉਂਕਿ ਦੇਸ਼ ਭਰ ਵਿਚ ਅਪਰਾਧ ਦਰਾਂ ਵਧ ਰਹੀਆਂ ਹਨ। ਪਿਛਲੇ ਸਾਲ ਯੂ.ਕੇ. ਵਿਚ ਅੰਦਾਜ਼ਨ 9.6 ਮਿਲੀਅਨ ਮੁੱਖ ਅਪਰਾਧ ਦੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ ਸਨ। ਇਨ੍ਹਾਂ ਵਿਚ ਚੋਰੀ, ਡਕੈਤੀ, ਅਪਰਾਧਿਕ ਨੁਕਸਾਨ, ਧੋਖਾਧੜੀ, ਕੰਪਿਊਟਰ ਦੀ ਦੁਰਵਰਤੋਂ, ਅਤੇ ਸੱਟ ਦੇ ਨਾਲ ਜਾਂ ਬਿਨਾਂ ਹਿੰਸਾ ਸ਼ਾਮਲ ਹੈ।

ਇਹ 2023 ਵਿਚ 14% ਵਾਧਾ ਦਰਸਾਉਂਦਾ ਹੈ, ਜ਼ਿਆਦਾਤਰ ਧੋਖਾਧੜੀ ਅਤੇ ਚੋਰੀ ਵਿਚ ਵਾਧੇ ਦੇ ਕਾਰਨ ਮਾਮਲੇ ਵਧੇ ਹਨ। ਪਰੇਸ਼ਾਨ ਕਰਨ ਵਾਲੀਆਂ ਅਪਰਾਧ ਦਰਾਂ ਨੇ ਕਈ ਵਿਦੇਸ਼ੀ ਸਰਕਾਰਾਂ ਨੂੰ ਆਪਣੇ ਨਾਗਰਿਕਾਂ ਲਈ ਯੂ.ਕੇ. ਲਈ ਆਪਣੀ ਐਡਵਾਇਜ਼ਰੀ ਨੂੰ ਅਪਡੇਟ ਕਰਨ ਲਈ ਪ੍ਰੇਰਿਤ ਕੀਤਾ ਹੈ। ਆਸਟ੍ਰੇਲੀਆਈ ਸਰਕਾਰ ਨੇ ਯੂ.ਕੇ. ਦੀ ਯਾਤਰਾ ਲਈ ਆਪਣੇ ਜ਼ੋਖਮ ਮੁਲਾਂਕਣ ਨੂੰ ਪੱਧਰ 1 ਤੋਂ ਪੱਧਰ 2 ਤੱਕ ਵਧਾ ਦਿੱਤਾ ਹੈ। ਕੈਨਬਰਾ ਆਸਟ੍ਰੇਲੀਆਈ ਲੋਕਾਂ ਨੂੰ ਬ੍ਰਿਟੇਨ ਦੀ ਯਾਤਰਾ ਕਰਦੇ ਸਮੇਂ “ਉੱਚ ਪੱਧਰ ਦੀ ਸਾਵਧਾਨੀ ਵਰਤਣ” ਦੀ ਅਪੀਲ ਕਰ ਰਿਹਾ ਹੈ। ਅਧਿਕਾਰੀ ਸਮਾਰਟ ਟ੍ਰੈਵਲਰ ਵੈੱਬਸਾਈਟ ’ਤੇ ਨੋਟ ਕਰਦੇ ਹਨ ਕਿ “ਛੋਟਾ ਅਪਰਾਧ ਆਮ ਹੈ, ਜਿਸ ਵਿਚ ਜੇਬ ਕਟਾਈ ਵੀ ਸ਼ਾਮਲ ਹੈ” ਅਤੇ ਪਾਠਕਾਂ ਨੂੰ ਉਨ੍ਹਾਂ ਚੋਰਾਂ ਬਾਰੇ ਚਿਤਾਵਨੀ ਦਿੰਦੇ ਹਨ, ਜੋ “ਸਾਮਾਨ ਖੋਹਣ ਲਈ ਸਕੂਟਰ ਅਤੇ ਸਾਈਕਲਾਂ” ਦੀ ਵਰਤੋਂ ਕਰਦੇ ਹਨ।

ਆਸਟ੍ਰੇਲੀਆ ਵਿਚ ਯਾਤਰਾ ਚਿਤਾਵਨੀਆਂ ਦੇ ਮਾਮਲੇ ਵਿਚ ਸਿਰਫ਼ ਚਾਰ ਜ਼ੋਖਮ ਪੱਧਰ ਹਨ: ਪੱਧਰ 1 ਦਰਸਾਉਂਦਾ ਹੈ ਕਿ ਇੱਕ ਦੇਸ਼ ਸੁਰੱਖਿਆ ਦੇ ਮਾਮਲੇ ਵਿਚ ਆਸਟ੍ਰੇਲੀਆ ਵਰਗਾ “ਸਾਮਾਨ” ਹੈ, ਜਦੋਂਕਿ ਪੱਧਰ 4 “ਯਾਤਰਾ ਨਾ ਕਰੋ” ਕਿਉਂਕਿ “ਤੁਹਾਡੀ ਸਿਹਤ ਅਤੇ ਸੁਰੱਖਿਆ ਬਹੁਤ ਜ਼ਿਆਦਾ ਜ਼ੋਖਮ ਵਿਚ ਹੈ”। ਯੂ.ਕੇ. ਯਾਤਰਾ ਚਿਤਾਵਨੀਆਂ ਫਰਾਂਸ, ਕੈਨੇਡਾ, ਨਿਊਜ਼ੀਲੈਂਡ, ਯੂ.ਏ.ਈ. ਅਤੇ ਮੈਕਸੀਕੋ ਦੁਆਰਾ ਵੀ ਜਾਰੀ ਕੀਤੀਆਂ ਗਈਆਂ ਹਨ, ਜਿਨ੍ਹਾਂ ਦੀਆਂ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਅਪਰਾਧਾਂ ਨਾਲ ਆਪਣੀਆਂ ਸਮੱਸਿਆਵਾਂ ਹਨ। ਖਾਸ ਤੌਰ ’ਤੇ ਯਾਤਰੀਆਂ ਨੂੰ ਲੰਡਨ ਜਾਣ ਵੇਲੇ ਆਪਣੇ ਚੌਕਸ ਰਹਿਣ ਦੀ ਅਪੀਲ ਕੀਤੀ ਜਾਂਦੀ ਹੈ, ਜਿੱਥੇ ਮੋਬਾਈਲ ਫੋਨ ਚੋਰੀ ਇੱਕ ਆਮ ਸਮੱਸਿਆ ਹੈ। ਮੈਟਰੋਪੋਲੀਟਨ ਪੁਲਿਸ ਅਨੁਸਾਰ, ਰਾਜਧਾਨੀ ਵਿਚ ਹਰ 6 ਮਿੰਟਾਂ ਵਿਚ ਇੱਕ ਮੋਬਾਈਲ ਫੋਨ ਚੋਰੀ ਹੋ ਜਾਂਦਾ ਹੈ।

ਯੂ.ਏ.ਈ. ਦੂਤਾਵਾਸ ਦੀ ਵੈੱਬਸਾਈਟ ਆਪਣੇ ਨਾਗਰਿਕਾਂ ਨੂੰ ਲੰਡਨ ਵਿਚ “ਹਿੰਸਾ ਅਤੇ ਚਾਕੂ ਅਪਰਾਧ ਵਿਚ ਹਾਲ ਹੀ ਵਿਚ ਹੋਏ ਵਾਧੇ” ਬਾਰੇ ਵੀ ਚਿਤਾਵਨੀ ਦਿੱਤੀ ਗਈ ਹੈ। ਅਰਬ ਖਾੜੀ ਰਾਜਾਂ ਦੇ ਨਾਗਰਿਕਾਂ ’ਤੇ ਕਈ ਹਮਲੇ ਦੇ ਮਾਮਲੇ ਵੀ ਸ਼ਾਮਲ ਹਨ।

# ਕੈਨੇਡਾ ’ਚ ਵਧਿਆ ਰੁਜ਼ਗਾਰ ਸੰਕਟ; ਪੰਜਾਬੀ ਭਾਈਚਾਰਾ ਸਭ ਤੋਂ ਵੱਧ ਪ੍ਰਭਾਵਿਤ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ’ਚ ਰੁਜ਼ਗਾਰ ਸੰਕਟ ਵਧਦਾ ਜਾ ਰਿਹਾ ਹੈ। ਮਿਲੀ ਜਾਣਕਾਰੀ ਮੁਤਾਬਕ ਕੈਨੇਡਾ ਵਿਚ ਜੁਲਾਈ ਵਿਚ 40 ਹਜ਼ਾਰ ਤੋਂ ਵੱਧ ਲੋਕਾਂ ਨੇ ਆਪਣੀਆਂ ਨੌਕਰੀਆਂ ਗੁਆ ਦਿੱਤੀਆਂ। ਉੱਥੇ ਕੰਮ ਕਰਨ ਵਾਲੇ ਲੋਕਾਂ ਦੀ ਗਿਣਤੀ ਅੱਠ ਮਹੀਨਿਆਂ ਦੇ ਹੇਠਲੇ ਪੱਧਰ ’ਤੇ ਪਹੁੰਚ ਗਈ ਹੈ। ਬੇਰੁਜ਼ਗਾਰੀ ਦਰ 6.9 ਪ੍ਰਤੀਸ਼ਤ ’ਤੇ ਸਥਿਰ ਰਹੀ ਪਰ ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਇਸਨੂੰ 7 ਪ੍ਰਤੀਸ਼ਤ ਦੇ ਅੰਕੜੇ ਨੂੰ ਪਾਰ ਕਰਨ ਵਿਚ ਬਹੁਤਾ ਸਮਾਂ ਨਹੀਂ ਲੱਗੇਗਾ। ਪੰਜਾਬੀ ਮੂਲ ਦੇ ਲੋਕ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਜਿਨ੍ਹਾਂ ਖੇਤਰਾਂ ਵਿਚ ਵਧੇਰੇ ਨੌਕਰੀਆਂ ਖੁੱਸੀਆਂ ਹਨ, ਉਨ੍ਹਾਂ ਨੂੰ ਪੰਜਾਬੀ ਭਾਈਚਾਰੇ ਦਾ ਗੜ੍ਹ ਮੰਨਿਆ ਜਾਂਦਾ ਹੈ। ਅਜਿਹਾ ਹੋਣ ਦੇ ਪਿੱਛੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਟੈਰਿਫ ਨੀਤੀ ਨੂੰ ਮੰਨਿਆ ਗਿਆ ਹੈ। ਟਰੰਪ ਦੇ ਟੈਰਿਫ ਦਾ ਅਸਰ ਪ੍ਰਮੁੱਖ ਉਦਯੋਗਾਂ ’ਤੇ ਪਿਆ ਹੈ।

ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਨੇ ਦਿਖਾਇਆ ਹੈ ਕਿ ਅਰਥਵਿਵਸਥਾ ਨੇ ਜੂਨ ਵਿਚ 83,000 ਨੌਕਰੀਆਂ ਪੈਦਾ ਕੀਤੀਆਂ ਪਰ ਜੁਲਾਈ ਵਿਚ 40,800 ਨੌਕਰੀਆਂ ਗੁਆ ਦਿੱਤੀਆਂ, ਜਿਸ ਨਾਲ ਉਸ ਲਾਭ ਦਾ ਲਗਭਗ ਅੱਧਾ ਹਿੱਸਾ ਖਤਮ ਹੋ ਗਿਆ। ਕੈਨੇਡੀਅਨ ਮਾਮਲਿਆਂ ਦੇ ਇਕ ਮਾਹਰ ਦਾ ਕਹਿਣਾ ਹੈ ਕਿ ਅੰਕੜੇ ਦੱਸਦੇ ਹਨ ਅਰਥਵਿਵਸਥਾ ਵਿਚ ਮੰਦੀ ਦੇ ਸੰਕੇਤ ਹਨ। ਸਭ ਤੋਂ ਵੱਧ ਨੌਕਰੀਆਂ ਸੂਚਨਾ, ਸੱਭਿਆਚਾਰ ਅਤੇ ਮਨੋਰੰਜਨ ਉਦਯੋਗ ਵਿਚ ਗਈਆਂ ਹਨ, ਜਿੱਥੇ 29,000 ਨੌਕਰੀਆਂ ਦੇ ਮੌਕੇ ਖ਼ਤਮ ਹੋ ਗਏ। ਉਸਾਰੀ ਖੇਤਰ ਨੂੰ ਵੀ ਭਾਰੀ ਨੁਕਸਾਨ ਹੋਇਆ। ਇਕੱਲੇ ਅਲਬਰਟਾ ਵਿਚ ਹੀ 17,000 ਨੌਕਰੀਆਂ ਖ਼ਤਮ ਹੋ ਗਈਆਂ ਅਤੇ ਸੂਬੇ ਦੇ ਨਿਰਮਾਣ ਖੇਤਰ ਵਿਚ 20,000 ਤੋਂ ਵੱਧ ਰੁਜ਼ਗਾਰ ਦੇ ਮੌਕੇ ਖਤਮ ਹੋ ਗਏ। ਨੌਕਰੀਆਂ ਦੇ ਨੁਕਸਾਨ ਦਾ ਸਭ ਤੋਂ ਵੱਡਾ ਕਾਰਨ 15 ਤੋਂ 24 ਸਾਲ ਦੀ ਉਮਰ ਦੇ ਲੋਕਾਂ ਵਿਚ ਰੁਜ਼ਗਾਰ ਦੇ ਪੱਧਰ ਵਿਚ ਗਿਰਾਵਟ ਹੈ ਅਤੇ 1998 ਤੋਂ ਬਾਅਦ ਪਹਿਲੀ ਵਾਰ ਇਸ ਉਮਰ ਸਮੂਹ ਦੇ ਸਿਰਫ 53.6 ਪ੍ਰਤੀਸ਼ਤ ਕਾਮੇ ਕੰਮ ਕਰ ਰਹੇ ਹਨ। ਜੁਲਾਈ ਵਿਚ 16 ਲੱਖ ਕਾਮਿਆਂ ਨੂੰ ਬੇਰੁਜ਼ਗਾਰ ਮੰਨਿਆ ਗਿਆ ਸੀ ਅਤੇ ਵਿਦਿਆਰਥੀਆਂ ਵਿਚ ਬੇਰੁਜ਼ਗਾਰੀ ਦਰ 17.4 ਪ੍ਰਤੀਸ਼ਤ ਦਰਜ ਕੀਤੀ ਗਈ ਸੀ।

ਕੈਨੇਡਾ ਵਿਚ ਪੰਜਾਬੀ ਮੂਲ ਦੇ ਵੱਡੀ ਗਿਣਤੀ ਵਿਚ ਲੋਕ ਸਟੱਡੀ ਵੀਜ਼ਿਆਂ ’ਤੇ ਹਨ। ਇਸ ਲਈ ਉਹ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ। ਓਨਟਾਰੀਓ ਦੇ ਕਾਲਜਾਂ ਵਿਚ ਵਿਦਿਆਰਥੀ ਵੀਜ਼ਿਆਂ ’ਤੇ ਪਾਬੰਦੀ ਤੋਂ ਬਾਅਦ ਲਗਭਗ 10 ਹਜ਼ਾਰ ਕਾਲਜ ਫੈਕਲਟੀ ਅਤੇ ਸਹਾਇਕ ਸਟਾਫ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ ਜਾਂ ਉਨ੍ਹਾਂ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਗਈਆਂ ਹਨ। ਓਨਟਾਰੀਓ ਪਬਲਿਕ ਸਰਵਿਸ ਇੰਪਲਾਈਜ਼ ਯੂਨੀਅਨ ਨੇ ਚੇਤਾਵਨੀ ਦਿੱਤੀ ਹੈ ਕਿ ਕਾਲਜ ਰੁਜ਼ਗਾਰ ਵਿਚ ਗਿਰਾਵਟ ਇੱਕ ਵੱਡੇ ਲੇਬਰ ਮਾਰਕੀਟ ਸੰਕਟ ਦਾ ਹਿੱਸਾ ਹੈ। ਕੈਨੇਡਾ ਵਿਚ ਓਨਟਾਰੀਓ ਵਿਚ ਟੋਰਾਂਟੋ, ਬਰੈਂਪਟਨ ਅਤੇ ਮਿਸੀਸਾਗਾ ਵਰਗੇ ਖੇਤਰ ਹਨ, ਜਿੱਥੇ ਪੰਜਾਬੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਕੈਨੇਡਾ ਦੇ ਬੀ.ਸੀ. ਦੇ ਇਕ ਵਸਨੀਕ ਦਾ ਕਹਿਣਾ ਹੈ ਕਿ ਇੱਥੇ ਸਥਿਤੀ ਵਿਗੜਦੀ ਜਾ ਰਹੀ ਹੈ। ਵਿਦਿਆਰਥੀਆਂ ਕੋਲ ਕੰਮ ਨਹੀਂ ਹੈ। ਭਾਵੇਂ ਉਨ੍ਹਾਂ ਨੂੰ ਨੌਕਰੀ ਮਿਲ ਜਾਵੇ, ਪੀ.ਆਰ. ਫਾਈਲ ਨੂੰ ਕਲੀਅਰ ਕਰਨਾ ਅਸੰਭਵ ਹੈ।

# ਮਨੁੱਖੀ ਤਸਕਰੀ ਤੇ ਇਮੀਗ੍ਰੇਸ਼ਨ ਧੋਖਾਧੜੀ ਦੇ ਦੋਸ਼ਾਂ ਤਹਿਤ 5 ਭਾਰਤੀ ਮੂਲ ਦੇ ਵਿਅਕਤੀ ਗ੍ਰਿਫ਼ਤਾਰ

**ਸੈਕਰਾਮੈਂਟੋ, (ਪੰਜਾਬ ਮੇਲ)-** ਓਮਾਹਾ, ਨੇਬਰਸਕਾ ’ਚ ਫੈਡਰਲ, ਸਟੇਟ ਤੇ ਸਥਾਨਕ ਅਧਿਕਾਰੀਆਂ ਨੇ ਮਨੁੱਖੀ ਤੇ ਡਰੱਗ ਤਸਕਰੀ ਤੇ ਇਮੀਗ੍ਰੇਸ਼ਨ ਧੋਖਾਧੜੀ ਦੇ ਦੋਸ਼ਾਂ ਤਹਿਤ ਭਾਰਤੀ ਮੂਲ ਦੇ 5 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਉਹ ਇਹ ਗੈਰ-ਕਾਨੂੰਨੀ ਕੰਮ ਅਨੇਕਾਂ ਹੋਟਲਾਂ ਦੀ ਮਿਲੀਭੁਗਤ ਨਾਲ ਕਰਦੇ ਸਨ। ਯੂ.ਐੱਸ. ਅਟਾਰਨੀ ਲੇਸਲੀ ਨੇ ਇਕ ਬਿਆਨ ’ਚ ਕਿਹਾ ਹੈ ਕਿ ਗ੍ਰਿਫਤਾਰ ਵਿਅਕਤੀਆਂ ’ਚ ਕੇਂਨਤਾ ਕੁਮਾਰ ਚੌਧਰੀ ਵਾਸੀ ਐਲਕਹਾਰਨ (36), ਰਸ਼ਮੀ ਅਜੀਤ ਸਾਮਨੀ (42) ਵਾਸੀ ਐਲਕਹਾਰਨ, ਅਮਿਤ ਪ੍ਰਾਹਲਾਦਭਾਈ ਚਨਧਰੀ (32) ਵਾਸੀ ਓਮਾਹਾ, ਅਮਿਤ ਬਾਬੂਭਾਈ ਚੌਧਰੀ (33) ਵਾਸੀ ਓਮਾਹਾ ਤੇ ਮਹੇਸ਼ਕੁਮਾਰ ਚੌਧਰੀ (38) ਵਾਸੀ ਨਾਰਫੋਲਕ ਸ਼ਾਮਲ ਹਨ।

ਇਨ੍ਹਾਂ ਸਾਰਿਆਂ ਉਪਰ ਦੋਸ਼ ਹੈ ਕਿ ਇਨ੍ਹਾਂ ਨੇ 12 ਸਾਲ ਤੋਂ ਘੱਟ ਉਮਰ ਦੇ 10 ਬੱਚਿਆਂ ਤੇ 17 ਬਾਲਗਾਂ ਕੋਲੋਂ ਹੋਟਲਾਂ ’ਚ ਗੰਦੇ ਹਾਲਾਤ ’ਚ ਲੰਮਾ ਸਮਾਂ ਕੰਮ ਕਰਵਾਇਆ। ਇਸਤਗਾਸਾ ਪੱਖ ਅਨੁਸਾਰ ਇਹ ਸਾਰੇ ਮਨੁੱਖੀ ਤਸਕਰੀ ਸਾਜ਼ਿਸ਼ ਵੀ ਸ਼ਾਮਲ ਹਨ। ਇਹ ਹਟੋਲ ਮੈਨਜਮੈਂਟ ਦੀ ਮਿਲੀਭੁਗਤ ਨਾਲ ਬੱਚਿਆਂ ਤੇ ਬਾਲਗਾਂ ਦੋਹਾਂ ਨੂੰ ਨਿਸ਼ਾਨਾ ਬਣਾਉਂਦੇ ਸਨ। ਇਹ ਲੋਕ ਹੋਟਲਾਂ ਨੂੰ ਡਰੱਗ ਤਸਕਰੀ ਲਈ ਹੱਬ ਵਜੋਂ ਵਰਤਦੇ ਸਨ। ਇਸ ਤੋਂ ਇਲਾਵਾ ਇਹ ਲੋਕ ਇਮੀਗ੍ਰੇਸ਼ਨ ਧੋਖਾਧੜੀ ਸਕੀਮਾਂ ’ਚ ਵੀ ਸ਼ਾਮਲ ਸਨ। ਇਹ ਲੋਕ ਭਾਰਤ ਤੋਂ ਲੋਕਾਂ ਨੂੰ ਗੈਰ-ਕਾਨੂੰਨੀ ਢੰਗ-ਤਰੀਕੇ ਨਾਲ ਲਿਆਉਂਦੇ ਸਨ।

# ਤਖਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਤੇ ਸਾਬਕਾ ਜਥੇਦਾਰ ਵਿਚਾਲੇ ਵਿਵਾਦ ਖਤਮ

### ■ ਅਕਾਲ ਤਖ਼ਤ ਦੇ ਹੁਕਮਾਂ ਮਗਰੋਂ ਗਿਆਨੀ ਰਣਜੀਤ ਸਿੰਘ ਗੌਹਰ ਨੇ ਕਮੇਟੀ ਖ਼ਿਲਾਫ਼ ਕੇਸ ਵਾਪਸ ਲਿਆ

**ਅੰਮ੍ਰਿਤਸਰ, (ਪੰਜਾਬ ਮੇਲ)-** ਤਖ਼ਤ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਵਿਚਾਲੇ ਪਿਛਲੇ ਤਿੰਨ ਸਾਲਾਂ ਤੋਂ ਚੱਲ ਰਿਹਾ ਵਿਵਾਦ ਐਤਵਾਰ ਨੂੰ ਖ਼ਤਮ ਹੋ ਗਿਆ। ਇਹ ਮਾਮਲਾ ਅਕਾਲ ਤਖ਼ਤ ਤੋਂ 14 ਜੁਲਾਈ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਹੋਏ ਆਦੇਸ਼ ਅਨੁਸਾਰ ਮਿਲ-ਬੈਠ ਕੇ ਅਤੇ ਪੰਥਕ ਇਕਜੁੱਟਤਾ ਦੀ ਭਾਵਨਾ ਨਾਲ ਹੱਲ ਕੀਤਾ ਗਿਆ ਹੈ।

ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਤਖ਼ਤ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ, ਪ੍ਰਬੰਧਕ ਕਮੇਟੀ ਅਤੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੇ ਅਕਾਲ ਤਖ਼ਤ ਦੀ ਸਰਬਉੱਚਤਾ ਨੂੰ ਸਮਰਪਿਤ ਹੁੰਦਿਆਂ ਇਥੋਂ ਹੋਏ ਆਦੇਸ਼ਾਂ ਦੀ ਪਾਲਣਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ ਦੇ ਮੱਦੇਨਜ਼ਰ ਮੌਜੂਦਾ ਸਮਾਂ ਸਿੱਖ ਸ਼ਕਤੀ ਨੂੰ ਇਕਜੁੱਟ ਕਰਨ ਅਤੇ ਸਿੱਖ ਸੰਸਥਾਵਾਂ ਨੂੰ ਪੰਥਕ ਏਕਤਾ ਦੀ ਭਾਵਨਾ ਅਨੁਸਾਰ ਮਜ਼ਬੂਤ ਕਰਨ ਦਾ ਹੈ। ਉਨ੍ਹਾਂ ਕਿਹਾ ਕਿ ਪੰਜ ਤਖ਼ਤਾਂ ਦਾ ਪੰਥਕ ਮਾਮਲਿਆਂ ਵਿਚ ਆਪਸੀ ਤਾਲਮੇਲ ਅਤੇ ਇਕਸੁਰਤਾ ਹੈ।

ਤਖ਼ਤ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਨੇ ਦੱਸਿਆ ਕਿ ਸਾਲ 2022 ਵਿਚ ਤਤਕਾਲੀ ਪ੍ਰਧਾਨ ਅਵਤਾਰ ਸਿੰਘ ਹਿੱਤ ਵੱਲੋਂ ਕੁਝ ਕਾਰਨਾਂ ਕਰਕੇ ਜਥੇਦਾਰ ਰਣਜੀਤ ਸਿੰਘ ਗੌਹਰ ਦੀਆਂ ਸੇਵਾਵਾਂ ’ਤੇ ਰੋਕ ਲਗਾ ਦਿੱਤੀ ਗਈ ਸੀ, ਜਿਸ ਤੋਂ ਬਾਅਦ ਉਨ੍ਹਾਂ ਪ੍ਰਬੰਧਕ ਕਮੇਟੀ ਵਿਰੁੱਧ ਅਦਾਲਤ ਵਿਚ ਕੇਸ ਕੀਤਾ ਸੀ। ਇਸ ਮਾਮਲੇ ਵਿਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸਮੇਤ ਪੰਜ ਸਿੰਘ ਸਾਹਿਬਾਨ ਨੇ ਆਦੇਸ਼ ਜਾਰੀ ਕਰਕੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਸਾਰੇ ਅਦਾਲਤੀ ਕੇਸ ਵਾਪਸ ਲੈਣ ਅਤੇ ਪ੍ਰਬੰਧਕ ਕਮੇਟੀ ਨੂੰ ਉਨ੍ਹਾਂ ਦਾ ਬਣਦਾ ਬਕਾਇਆ ਦੇਣ ਲਈ ਕਿਹਾ ਗਿਆ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਹਾਰਾਸ਼ਟਰ ਤੋਂ ਮੈਂਬਰ ਗੁਰਵਿੰਦਰ ਸਿੰਘ ਬਾਵਾ ਅਤੇ ਮੁੰਬਈ ਤੋਂ ਜਸਬੀਰ ਸਿੰਘ ਧਾਮ ਵੱਲੋਂ ਦੋਵੇਂ ਧਿਰਾਂ ਵਿਚਕਾਰ ਸਹਿਮਤੀ ਬਣਾਉਣ ਲਈ ਕੀਤੇ ਗਏ ਯਤਨਾਂ ਤੋਂ ਬਾਅਦ ਕੱਲ੍ਹ ਸਾਬਕਾ ਜਥੇਦਾਰ ਰਣਜੀਤ ਸਿੰਘ ਗੌਹਰ ਨੂੰ ਪ੍ਰਬੰਧਕ ਕਮੇਟੀ ਵੱਲੋਂ ਬਣਦਾ ਬਕਾਇਆ ਅਦਾ ਕਰ ਦਿੱਤਾ ਗਿਆ, ਜਿਸ ਮਗਰੋਂ ਪੰਜ ਪਿਆਰਿਆਂ ਨੇ ਸਿਰੋਪਾਓ ਦੇ ਕੇ ਉਨ੍ਹਾਂ ਨੂੰ ਸਨਮਾਨ ਨਾਲ ਵਿਦਾਈ ਦਿੱਤੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

# ਅਮਰੀਕਾ 'ਚ ਭਾਰਤੀਆਂ ਦੇ ਚਾਰ ਹੋਟਲਾਂ 'ਤੇ ਛਾਪੇਮਾਰੀ ਦੌਰਾਨ 5 ਭਾਰਤੀ ਗ੍ਰਿਫ਼ਤਾਰ

**■ ਮਜ਼ਦੂਰ ਤਸਕਰੀ ਤੋਂ ਲੈ ਕੇ ਸੈਕਸ ਤਸਕਰੀ ਅਤੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਰੁਜ਼ਗਾਰ ਦੇਣ ਦੀਆਂ ਗਤੀਵਿਧੀਆਂ 'ਚ ਸ਼ਾਮਲ**



ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)— ਬੀਤੇ ਦਿਨੀਂ ਐੱਫ.ਬੀ.ਆਈ. ਅਤੇ ਨਿਆਂ ਵਿਭਾਗ ਵੱਲੋਂ ਅਮਰੀਕਾ ਦੇ ਸੂਬੇ ਨੇਬਰਾਸਕਾ 'ਚ ਚਾਰ ਹੋਟਲਾਂ 'ਚ ਛਾਪੇਮਾਰੀ ਕੀਤੀ ਗਈ, ਜੋ ਕਿ ਮਜ਼ਦੂਰ ਤਸਕਰੀ ਤੋਂ ਲੈ ਕੇ ਸੈਕਸ ਤਸਕਰੀ ਅਤੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਰੁਜ਼ਗਾਰ ਦੇਣ ਤੱਕ ਦੀਆਂ ਗਤੀਵਿਧੀਆਂ ਵਿਚ ਸ਼ਾਮਲ ਸਨ। ਇਨ੍ਹਾਂ ਹੋਟਲਾਂ ਦੇ ਮਾਲਕ ਇੱਕੋ ਹੀ ਪਰਿਵਾਰ ਦੇ ਮੈਂਬਰ ਹਨ, ਜਿਸ ਵਿਚ ਓਮਾਹਾ ਮੈਟਰੋ ਖੇਤਰ ਅਤੇ ਕੇਂਦਰੀ ਨੇਬਰਾਸਕਾ ਦੇ ਹੋਟਲ ਸ਼ਾਮਲ ਹਨ।

ਸਰਚ ਵਾਰੰਟ ਦੇ ਆਧਾਰ 'ਤੇ ਸਵੇਰੇ-ਸਵੇਰੇ ਇਨ੍ਹਾਂ ਹੋਟਲਾਂ 'ਤੇ ਛਾਪੇਮਾਰੀ ਕੀਤੀ ਗਈ, ਜਿਸ ਵਿਚ 11 ਵੱਖ-ਵੱਖ ਏਜੰਸੀਆਂ ਦੇ ਲਗਭਗ 300 ਅਧਿਕਾਰੀਆਂ ਨੇ ਹਿੱਸਾ ਲਿਆ। ਸੰਯੁਕਤ ਰਾਜ ਦੇ ਅਟਾਰਨੀ ਲੈਸਲੀ ਏ. ਵੁੱਡਸ ਅਨੁਸਾਰ ਕੁੱਲ ਚਾਰ ਹੋਟਲਾਂ - ਜਿਨ੍ਹਾਂ ਦੇ ਨਾਂਅ ਦ ਅਮਰੀਕਨ ਇਨ, ਦ ਇਨ, ਦ ਨਿਊ ਵਿਕਟੋਰੀਅਨ ਅਤੇ ਦ ਰੋਡਵੇਅ ਇਨ 'ਤੇ ਛਾਪੇਮਾਰੀ ਕੀਤੀ ਗਈ। ਇਸ ਕਾਰਵਾਈ ਵਿਚ ਗ੍ਰਿਫ਼ਤਾਰ ਕੀਤੇ ਗਏ ਪੰਜ ਲੋਕਾਂ ਵਿਚ ਭਾਰਤੀ ਮੂਲ ਦੇ ਕੇਤਨ ਉਰਫ਼ ਕੇਨ ਚੌਧਰੀ ਅਤੇ ਉਸਦੀ ਪਤਨੀ ਰਸ਼ਮੀ ਉਰਫ਼ ਫਾਲਗੁਨੀ, ਕੇਤਨ ਦਾ ਭਰਾ ਅਮਿਤ ਬਾਬੂਲਾਲ ਚੌਧਰੀ ਅਤੇ ਜੀਜਾ ਅਮਿਤ ਪ੍ਰਹਿਲਾਦਭਾਈ ਚੌਧਰੀ ਅਤੇ ਮਹੇਸ਼ ਚੌਧਰੀ ਸ਼ਾਮਲ ਹਨ।

ਇਸ ਤੋਂ ਇਲਾਵਾ ਚਾਰ ਲੋਕਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਨੂੰ ਪਹਿਲਾਂ ਵਾਰੰਟ ਜਾਰੀ ਕੀਤੇ ਗਏ ਸਨ, ਪਰ ਪੁਲਿਸ ਨੇ ਉਨ੍ਹਾਂ ਦੇ ਨਾਮ ਜਾਰੀ ਨਹੀਂ ਕੀਤੇ ਹਨ। ਆਈ.ਸੀ.ਈ. ਨੇ ਇਹ ਵੀ ਪੁਸ਼ਟੀ ਕੀਤੀ ਹੈ ਕਿ ਛਾਪੇਮਾਰੀ ਵਿਚ ਦਸ ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਸੀ। ਸੰਘੀ, ਰਾਜ ਅਤੇ ਸਥਾਨਕ ਕਾਨੂੰਨ ਲਾਗੂ ਕਰਨ ਵਾਲਿਆਂ ਨੇ 14 ਕਾਰੋਬਾਰਾਂ ਦੇ ਨਾਲ-ਨਾਲ ਦੋ ਰਿਹਾਇਸ਼ੀ ਸਥਾਨਾਂ ਵਿਰੁੱਧ ਜਾਰੀ ਕੀਤੇ ਗਏ ਸਰਚ ਵਾਰੰਟ ਲਾਗੂ ਕੀਤੇ। ਜਾਂਚ ਦੌਰਾਨ ਹੋਟਲਾਂ ਸਮੇਤ ਇਨ੍ਹਾਂ ਕਾਰੋਬਾਰਾਂ ਵਿਚ ਕੰਮ ਕਰਨ ਵਾਲੇ 10 ਨਾਬਾਲਗਾਂ ਨੂੰ ਮਜ਼ਦੂਰ ਤਸਕਰੀ ਤੋਂ ਵੀ ਬਚਾਇਆ ਗਿਆ, ਜਿਨ੍ਹਾਂ ਵਿਚੋਂ ਕੁਝ 12 ਸਾਲ ਤੋਂ ਘੱਟ ਉਮਰ ਦੇ ਸਨ ਅਤੇ ਉਨ੍ਹਾਂ ਨੂੰ ਬਹੁਤ ਘੱਟ ਜਾਂ ਬਿਨਾਂ ਤਨਖਾਹ 'ਤੇ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਸੀ। ਇਸ ਤੋਂ ਇਲਾਵਾ 17 ਹੋਰ ਬਾਲਗਾਂ ਨੂੰ ਕੁੱਲ 27 ਪੀੜਤਾਂ ਸਮੇਤ ਬਚਾਇਆ ਗਿਆ ਅਤੇ 565,000 ਹਜ਼ਾਰ ਡਾਲਰ ਦੀ ਨਕਦੀ ਵੀ ਜ਼ਬਤ ਕੀਤੀ ਗਈ ਹੈ।

ਪੰਜ ਮੁਲਜ਼ਮ ਜਿਨ੍ਹਾਂ ਦਾ ਉਪਨਾਮ ਚੌਧਰੀ ਹੈ, ਨੂੰ ਕਈ ਤਰ੍ਹਾਂ ਦੇ ਸੰਘੀ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਨ੍ਹਾਂ ਨੂੰ ਸਰਕਾਰੀ ਵਕੀਲ ਮਜ਼ਦੂਰ ਤਸਕਰੀ, ਸੈਕਸ ਤਸਕਰੀ ਅਤੇ ਗੈਰਕਾਨੂੰਨੀ ਦਸਤਾਵੇਜ਼ੀ ਪ੍ਰਵਾਸ਼ੀਆ ਨੂੰ ਪਨਾਹ ਦੇਣ ਦੀ ਸ਼ਾਜਿਸ਼ ਵਜੋਂ ਦਰਸਾਉਂਦੇ ਹਨ ਅਤੇ ਜਿਸ ਹੋਟਲ ਵਿਚ ਇਨ੍ਹਾਂ ਲੋਕਾਂ ਨੂੰ ਰੱਖਿਆ ਗਿਆ ਸੀ, ਉਹ ਬਹੁਤ ਗੰਦਾ ਅਤੇ ਖ਼ਤਰਨਾਕ ਸੀ ਅਤੇ ਹੋਟਲ ਵਿਚ ਠਹਿਰੇ ਕੁਝ ਲੋਕਾਂ ਨੇ ਔਨਲਾਈਨ ਸਮੀਖਿਆਵਾਂ ਵਿਚ ਵੀ ਇਸਦਾ ਜ਼ਿਕਰ ਕੀਤਾ ਸੀ। ਵਕੀਲ ਦੇ ਦਫ਼ਤਰ ਨੇ ਇਹ ਵੀ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਇੱਕ ਤੋਂ ਵੱਧ ਮੁਲਜ਼ਮ ਸੈਕਸ ਤਸਕਰੀ ਵਿਚ ਵੀ ਸ਼ਾਮਲ ਸਨ, ਜਿਸ ਵਿਚ ਨਾਬਾਲਗਾਂ ਤੋਂ ਇਲਾਵਾ ਬਾਲਗਾਂ ਤੋਂ ਇਹ ਕੰਮ ਕਰਵਾਇਆ ਜਾ ਰਿਹਾ ਸੀ ਅਤੇ ਇਨ੍ਹਾਂ ਹੋਟਲਾਂ ਵਿਚ ਨਸ਼ੀਲੇ ਪਦਾਰਥਾਂ ਦੀ ਗਤੀਵਿਧੀ ਵੀ ਚੱਲ ਰਹੀ ਸੀ।

# ਕਾਂਗਰਸ ਨੂੰ ਛੱਡ ਪੰਜਾਬ ਦੇ ਮੁੱਦਿਆਂ 'ਤੇ ਸਾਥ ਦੇਣ ਵਾਲੀ ਪਾਰਟੀ ਨਾਲ ਕੀਤਾ ਜਾ ਸਕਦੈ ਗੱਠਜੋੜ : ਗਿਆਨੀ ਹਰਪ੍ਰੀਤ ਸਿੰਘ



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੁੰਦੇ ਹੋਏ ਗਿਆਨੀ ਹਰਪ੍ਰੀਤ ਸਿੰਘ ਤੇ ਹੋਰ।

**■ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ**

ਸ੍ਰੀ ਆਨੰਦਪੁਰ ਸਾਹਿਬ, (ਪੰਜਾਬ ਮੇਲ)-ਸ਼੍ਰੋਮਣੀ ਅਕਾਲੀ ਦਲ ਦੇ ਬਾਗ਼ੀ ਧੜੇ ਵੱਲੋਂ ਪਾਰਟੀ ਦਾ ਪ੍ਰਧਾਨ ਥਾਪੇ ਜਾਣ ਤੋਂ ਬਾਅਦ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਪ੍ਰੇਮ ਸਿੰਘ ਚੰਦੂਮਾਜਰਾ, ਇਕਬਾਲ ਸਿੰਘ ਝੂੰਦਾ, ਸੁੱਚਾ ਸਿੰਘ ਛੋਟੇਪੁਰ ਸਣੇ ਕਈ ਆਗੂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਪਾਰਟੀ ਵਰਕਰਾਂ ਨੇ ਉਨ੍ਹਾਂ ਨੂੰ ਸਿਰੋਪੇ ਤੇ ਹਾਰ ਪਾ ਕੇ ਸਨਮਾਨਿਤ ਕੀਤਾ।

ਇਸ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ ਨੂੰ ਵੱਡੀ ਜ਼ਿੰਮੇਵਾਰੀ ਦਿੱਤੀ ਗਈ ਹੈ ਤੇ ਉਹ ਪ੍ਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ ਤੇ ਕੇਂਦਰ ਵੱਲੋਂ ਸੜਕਾਂ ਬਣਾਉਣ ਲਈ ਦਿੱਤੇ ਗਏ 800 ਕਰੋੜ ਰੁਪਏ ਵਾਪਸ ਹੋਣਾ ਪੰਜਾਬ ਸਰਕਾਰ ਦੀ ਨਾਕਾਮੀ ਹੈ। ਭਾਜਪਾ ਨਾਲ ਚੋਣ ਸਮਝੌਤਾ ਕਰਨ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਕਾਂਗਰਸ ਨੂੰ ਛੱਡ ਕੇ ਹਰ ਉਸ ਪਾਰਟੀ ਨਾਲ ਚੋਣ ਸਮਝੌਤਾ ਕੀਤਾ ਜਾ ਸਕਦਾ ਹੈ, ਜੋ ਪੰਜਾਬ ਤੇ ਪੰਜਾਬੀਅਤ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਉਨ੍ਹਾਂ ਦਾ ਸਾਥ ਦੇਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਲੈਣ ਤੋਂ ਬਾਅਦ ਪੂਰੇ ਪਾਰਦਰਸ਼ੀ ਢੰਗ ਨਾਲ ਇਸ ਨੂੰ ਚਲਾਇਆ ਜਾਵੇਗਾ।

ਜਥੇਦਾਰਾਂ ਦੀ ਨਿਯੁਕਤੀ ਤੇ ਬਰਖ਼ਾਸਤਗੀ ਬਾਰੇ ਨਿਯਮਾਂ ਸਬੰਧੀ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਚੋਣਾਂ ਜਿੱਤਣ ਤੋਂ ਬਾਅਦ ਇਹ ਸਾਰੇ ਨਿਯਮ ਬਣਾਏ ਜਾਣਗੇ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਰੁਤਬਾ ਅਕਾਲੀ ਦਲ ਦੇ ਪ੍ਰਧਾਨ ਤੋਂ ਵੀ ਵੱਡਾ ਕੀਤਾ ਜਾਵੇਗਾ। ਇਸ ਮੌਕੇ ਪ੍ਰੇਮ ਸਿੰਘ ਚੰਦੂਮਾਜਰਾ ਨੇ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੇ ਧੜੇ ਦੇ ਆਗੂਆਂ ਨੂੰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਇਕੱਠੇ ਹੋਣ ਦੀ ਅਪੀਲ ਕੀਤੀ।

# ਭਾਜਪਾ ਨੇ ਤਰਨ ਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਹਰਜੀਤ ਸੰਧੂ ਨੂੰ ਐਲਾਨਿਆ ਉਮੀਦਵਾਰ

**■ 'ਆਪ' ਵਿਧਾਇਕ ਕਸ਼ਮੀਰ ਸਿੰਘ ਸੋਹਲ ਦੀ ਮੌਤ ਤੋਂ ਬਾਅਦ ਖਾਲੀ ਹੋਈ ਸੀ ਸੀਟ**

ਚੰਡੀਗੜ੍ਹ, (ਪੰਜਾਬ ਮੇਲ)- ਭਾਜਪਾ ਨੇ ਵੀਰਵਾਰ ਨੂੰ ਪੰਜਾਬ ਦੇ ਤਰਨ ਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਹਰਜੀਤ ਸਿੰਘ ਸੰਧੂ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। ਇਹ ਸੀਟ ਜੂਨ ਵਿਚ 'ਆਪ' ਵਿਧਾਇਕ ਕਸ਼ਮੀਰ ਸਿੰਘ ਸੋਹਲ ਦੀ ਮੌਤ ਤੋਂ ਬਾਅਦ ਖਾਲੀ ਹੋ ਗਈ ਸੀ। ਚੋਣ ਕਮਿਸ਼ਨ ਵੱਲੋਂ ਜ਼ਿਮਨੀ ਚੋਣ ਦੀਆਂ ਤਾਰੀਖ਼ਾਂ ਦਾ ਹਾਲੇ ਐਲਾਨ ਕੀਤਾ ਜਾਣਾ ਹੈ। ਸੰਧੂ (40) ਤਰਨ ਤਾਰਨ ਦੀ ਭਾਜਪਾ ਜ਼ਿਲ੍ਹਾ ਇਕਾਈ ਦੇ ਪ੍ਰਧਾਨ ਹਨ। ਉਹ 2022 'ਚ ਭਾਜਪਾ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨਾਲ ਸਨ।

ਉਹ 2007 ਵਿਚ ਯੂਥ ਅਕਾਲੀ ਦਲ ਵਿਚ ਸ਼ਾਮਲ ਹੋਏ ਸਨ ਅਤੇ 2009 ਤੋਂ 2012 ਤੱਕ ਸਰਕਲ ਪ੍ਰਧਾਨ ਰਹੇ। ਉਹ ਯੂਥ ਅਕਾਲੀ ਦਲ ਦੇ ਜਨਰਲ ਸਕੱਤਰ ਵੀ ਰਹੇ ਸਨ। ਭਾਜਪਾ ਦੇ ਐਲਾਨ ਦੇ ਨਾਲ ਹੀ ਵਿਧਾਨ ਸਭਾ ਹਲਕਾ ਤਰਨ ਤਾਰਨ ਦੀ ਹੋਣ ਵਾਲੀ ਜ਼ਿਮਨੀ ਚੋਣਾਂ ਲਈ ਚੋਣ ਮੈਦਾਨ ਭਖ਼ ਗਿਆ ਹੈ। ਗ਼ੌਰਤਲਬ ਹੈ ਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੂੰ ਉਮੀਦਵਾਰ ਐਲਾਨਿਆ ਗਿਆ ਸੀ।

# ਸੁਪਰੀਮ ਕੋਰਟ ਦੇ ਨਿਰਦੇਸ਼ ਦੇ ਅਧਾਰ 'ਤੇ ਬੰਦੀ ਸਿੰਘ ਤੁਰੰਤ ਰਿਹਾਅ ਕੀਤੇ ਜਾਣ : ਐਡਵੋਕੇਟ ਧਾਮੀ

**■ ਕਿਹਾ; ਤਿੰਨ ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿਚ ਬੰਦ ਰੱਖਣਾ ਸੰਵਿਧਾਨ ਦੀ ਉਲੰਘਣਾ**



ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੁਪਰੀਮ ਕੋਰਟ ਵੱਲੋਂ ਕੈਦੀਆਂ ਨੂੰ ਸਜ਼ਾ ਪੂਰੀ ਹੋਣ ਤੋਂ ਬਾਅਦ ਵੀ ਜੇਲ੍ਹਾਂ ਵਿਚ ਰੱਖਣ ਵਿਰੁੱਧ ਦਿੱਤੇ ਨਿਰਦੇਸ਼ਾਂ ਦਾ ਸਵਾਗਤ ਕਰਦਿਆਂ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਸਜ਼ਾ ਪੂਰੀ ਕਰਨ ਵਾਲੇ ਕੈਦੀਆਂ ਨੂੰ ਰਿਹਾਅ ਕਰਨ ਦੇ ਨਿਰਦੇਸ਼ ਮਾਨਵੀ ਅਧਿਕਾਰਾਂ ਦੀ ਤਰਜਮਾਨੀ ਹਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕੇਂਦਰ ਸਰਕਾਰ ਅਤੇ ਸਬੰਧਤ ਰਾਜ ਸਰਕਾਰਾਂ ਨੂੰ ਅਪੀਲ ਕੀਤੀ ਕਿ ਇਸ ਫੈਸਲੇ ਦੀ ਰੌਸ਼ਨੀ ਵਿਚ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਕਿਉਂਕਿ ਇਨ੍ਹਾਂ ਨੇ ਉਮਰ ਕੈਦ ਤੋਂ ਵੀ ਦੁਗਣੀਆਂ ਸਜ਼ਾਵਾਂ ਭੁਗਤ ਲਈਆਂ ਹਨ ।

ਉਨ੍ਹਾਂ ਕਿਹਾ ਕਿ ਭਾਈ ਗੁਰਦੀਪ ਸਿੰਘ ਖੇੜਾ, ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਜਗਤਾਰ ਸਿੰਘ ਹਵਾਰਾ, ਭਾਈ ਦੇਵਿੰਦਰਪਾਲ ਸਿੰਘ ਭੁੱਲਰ, ਭਾਈ ਜਗਤਾਰ ਸਿੰਘ ਤਾਰਾ ਅਤੇ ਹੋਰਨਾਂ ਨੇ ਕਰੀਬ 30 ਸਾਲਾਂ ਤੋਂ ਵੱਧ ਸਮਾਂ ਜੇਲ੍ਹਾਂ ਵਿਚ ਬਿਤਾਇਆ ਹੈ, ਪਰ ਸਰਕਾਰੀ ਨੀਤੀਆਂ ਕਾਰਨ ਉਨ੍ਹਾਂ ਨੂੰ ਰਿਹਾਈ ਨਹੀਂ ਮਿਲ ਰਹੀ। ਉਨ੍ਹਾਂ ਕਿਹਾ ਕਿ ਇਹ ਨਾ ਸਿਰਫ਼ ਮਨੁੱਖੀ ਅਧਿਕਾਰਾਂ ਅਤੇ ਸੰਵਿਧਾਨ ਦੀ ਘੋਰ ਉਲੰਘਣਾ ਹੈ, ਬਲਕਿ ਸਿੱਖ ਭਾਵਨਾਵਾਂ ਨਾਲ ਵੀ ਬੇਇਨਸਾਫ਼ੀ ਹੈ, ਜਿਸ ਨਾਲ ਪੰਜਾਬ ਅਤੇ ਸਿੱਖ ਭਾਈਚਾਰੇ ਵਿਚ ਰੋਸ ਵਧ ਰਿਹਾ ਹੈ।

ਸਫਾ 1 ਦਾ ਬਾਕੀ

## ਅਮਰੀਕੀ ਪ੍ਰਸ਼ਾਸਨ ਵੱਲੋਂ ਵੀਜ਼ਾ...

ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਡ੍ਰੌਪਬਾਕਸ ਨੀਤੀ ਨੂੰ ਹਟਾਉਣ ਨਾਲ ਸਿੱਖਿਆ, ਨੌਕਰੀਆਂ ਅਤੇ ਕਾਰੋਬਾਰੀ ਉਦੇਸ਼ਾਂ ਲਈ ਅਮਰੀਕਾ ਦੀ ਯਾਤਰਾ ਕਰਨ ਵਾਲਿਆਂ, ਖਾਸ ਕਰਕੇ ਐੱਚ-1ਬੀ ਵੀਜ਼ਾ 'ਤੇ ਆਈ.ਟੀ. ਕਰਮਚਾਰੀਆਂ ਲਈ ਨਵੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਨਵੇਂ ਨਿਯਮਾਂ ਨਾਲ ਅਮਰੀਕੀ ਵੀਜ਼ਾ ਅਪੁਆਇੰਟਮੈਂਟਾਂ ਲਈ ਪਹਿਲਾਂ ਹੀ ਲੰਬੇ ਸਮੇਂ ਤੋਂ ਉਡੀਕ ਦਾ ਸਮਾਂ ਹੋਰ ਵਧਣ ਵਾਲਾ ਹੈ। ਅਜਿਹਾ ਲੱਗਦਾ ਹੈ ਕਿ ਐੱਚ-1ਬੀ ਵੀਜ਼ਾ 'ਤੇ ਕੰਮ ਕਰਨ ਵਾਲੇ ਤਕਨੀਕੀ ਕਰਮਚਾਰੀਆਂ ਦੇ ਨਵੀਨੀਕਰਨ ਵਿਚ ਦੇਰੀ ਕਾਰਨ ਅਮਰੀਕਾ ਵਿਚ ਪ੍ਰੋਜੈਕਟਾਂ ਅਤੇ ਕੰਪਨੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦੂਜੇ ਪਾਸੇ, ਇਹ ਖੁਲਾਸਾ ਹੋਇਆ ਹੈ ਕਿ ਅਗਸਤ ਅਤੇ ਸਤੰਬਰ ਲਈ ਨਿਰਧਾਰਤ ਡ੍ਰੌਪਬਾਕਸ ਅਪੌਇੰਟਮੈਂਟਾਂ ਨੂੰ ਵੀ ਰੱਦ ਕਰ ਦਿੱਤਾ ਗਿਆ ਹੈ ਅਤੇ ਵੀਜ਼ਾ ਧਾਰਕਾਂ ਨੂੰ ਨਵੀਨੀਕਰਨ ਲਈ ਸਿੱਧੇ ਇੰਟਰਵਿਊ ਲਈ ਬੁਲਾਇਆ ਜਾ ਰਿਹਾ ਹੈ। ਮਾਹਿਰਾਂ ਦਾ ਸੁਝਾਅ ਹੈ ਕਿ ਡ੍ਰੌਪਬਾਕਸ ਪ੍ਰਕਿਰਿਆ ਲਈ ਯੋਗ ਲੋਕਾਂ, ਖਾਸ ਕਰਕੇ ਐੱਚ-1ਬੀ ਵੀਜ਼ਾ ਧਾਰਕਾਂ ਨੂੰ, ਜੇਕਰ ਸੰਭਵ ਹੋਵੇ ਤਾਂ 2 ਸਤੰਬਰ, 2025 ਤੋਂ ਪਹਿਲਾਂ ਆਪਣੇ ਵੀਜ਼ਾ ਦੀ ਨਵੀਨੀਕਰਨ ਪ੍ਰਕਿਰਿਆ ਪੂਰੀ ਕਰਨੀ ਚਾਹੀਦੀ ਹੈ। ਇਸ ਲਈ, ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਅਮਰੀਕੀ ਦੂਤਾਵਾਸ ਅਤੇ ਕੌਂਸਲੇਟਾਂ ਦੀਆਂ ਅਧਿਕਾਰਤ ਵੈੱਬਸਾਈਟਾਂ ਦੀ ਜਾਂਚ ਕਰਨੀ ਚਾਹੀਦੀ ਹੈ ਅਤੇ ਮੁਲਾਕਾਤ ਸਲਾਟਾਂ ਬਾਰੇ ਨਵੀਨਤਮ ਜਾਣਕਾਰੀ 'ਤੇ ਨਜ਼ਰ ਰੱਖਣੀ ਚਾਹੀਦੀ ਹੈ। ਅਮਰੀਕਾ ਨੇ ਖੁਲਾਸਾ ਕੀਤਾ ਹੈ ਕਿ ਡ੍ਰੌਪਬਾਕਸ ਨੀਤੀ ਨੂੰ ਰੱਦ ਕਰਨਾ ਹਰ ਕਿਸੇ 'ਤੇ ਲਾਗੂ ਨਹੀਂ ਹੁੰਦਾ। ਡ੍ਰੌਪਬਾਕਸ ਸਹੂਲਤ ਪਹਿਲਾਂ ਵਾਂਗ ਅਧਿਕਾਰਤ ਅਤੇ ਡਿਪਲੋਮੈਟਿਕ ਵੀਜ਼ਾ ਰੱਖਣ ਵਾਲਿਆਂ ਲਈ ਉਪਲਬਧ ਰਹੇਗੀ। ਨਾਲ ਹੀ, ਕੁਝ ਖਾਸ ਹਾਲਤਾਂ ਵਿਚ ਬੀ-1/ਬੀ-2 ਸੈਲਾਨੀ ਜਾਂ ਵਪਾਰਕ ਵੀਜ਼ਾ ਨਵੀਨੀਕਰਨ ਨੂੰ ਵੀ ਛੋਟ ਦਿੱਤੀ ਜਾ ਸਕਦੀ ਹੈ। ਪਰ ਅੰਤਿਮ ਫੈਸਲਾ ਕੌਂਸਲਰ ਅਧਿਕਾਰੀਆਂ ਦੇ ਹੱਥਾਂ ਵਿਚ ਹੀ ਹੋਵੇਗਾ।

ਸਫਾ 1 ਦਾ ਬਾਕੀ

## ਹੜ੍ਹਾਂ ਦੀ ਮਾਰ: ਬੀ.ਬੀ.ਐੱਮ.ਬੀ. ਨੇ ਭਾਖੜਾ ਡੈਮ ਦੇ ਚਾਰ ਫਲੱਡ ਗੇਟ ਖੋਲ੍ਹੇ...

ਵੇਰਵਿਆਂ ਅਨੁਸਾਰ ਭਾਖੜਾ ਡੈਮ 'ਚ ਪਹਾੜਾਂ 'ਚੋਂ ਪਾਣੀ ਦੀ ਸੰਭਾਵੀ ਆਮਦ ਵਜੋਂ ਜਗ੍ਹਾ ਬਣਾਈ ਜਾ ਰਹੀ ਹੈ। ਭਾਖੜਾ ਡੈਮ ਵਿਚ ਪਹਾੜਾਂ 'ਚੋਂ 80 ਹਜ਼ਾਰ ਕਿਊਸਿਕ ਪਾਣੀ ਆ ਰਿਹਾ ਸੀ, ਜੋ ਸ਼ਾਮ 6 ਵਜੇ 62 ਹਜ਼ਾਰ ਕਿਊਸਿਕ ਰਹਿ ਗਿਆ। ਭਾਖੜਾ ਡੈਮ 'ਚੋਂ 43,300 ਕਿਊਸਿਕ ਪਾਣੀ ਛੱਡਿਆ ਗਿਆ ਹੈ, ਜਿਸ 'ਚੋਂ ਕਰੀਬ 23 ਹਜ਼ਾਰ ਕਿਊਸਿਕ ਸਤਲੁਜ ਦਰਿਆ ਵਿਚ ਛੱਡਿਆ ਗਿਆ ਹੈ। ਭਾਖੜਾ ਡੈਮ ਦਾ ਸ਼ਾਮ 6 ਵਜੇ ਪਾਣੀ ਦਾ ਪੱਧਰ 1665.49 ਫੁੱਟ ਹੋ ਗਿਆ ਹੈ। ਬੀ.ਬੀ.ਐੱਮ.ਬੀ. ਅਨੁਸਾਰ ਭਾਖੜਾ ਡੈਮ ਦੇ ਪਾਣੀ ਦਾ ਪੱਧਰ 1662 ਫੁੱਟ ਹੋਣਾ ਚਾਹੀਦਾ ਸੀ। ਬਿਆਸ ਦਰਿਆ ਤੋਂ ਇਲਾਵਾ ਹੁਣ ਸਤਲੁਜ ਦਾ ਕਹਿਰ ਵੀ ਸਰਹੱਦੀ ਪਿੰਡਾਂ 'ਤੇ ਹੋਰ ਮਾਰ ਕਰ ਸਕਦਾ ਹੈ। ਇਸ ਤੋਂ ਇਲਾਵਾ 24-25 ਅਗਸਤ ਨੂੰ ਸਤਲੁਜ ਦੇ ਆਸ-ਪਾਸ ਦੇ ਖੇਤਰ 'ਚ ਭਾਰੀ ਮੀਂਹ ਪੈਣ ਬਾਰੇ ਮੌਸਮ ਵਿਭਾਗ ਨੇ ਪਹਿਲਾਂ ਹੀ ਪੇਸ਼ੀਨਗੋਈ ਕੀਤੀ ਹੋਈ ਹੈ।

ਪੌਂਗ ਡੈਮ ਵਿਚ ਐਤਕੀਂ ਪਹਾੜਾਂ 'ਚੋਂ ਆ ਰਹੇ ਪਾਣੀ ਦੀ ਆਮਦ ਹੈਰਾਨ ਕਰਨ ਵਾਲੀ ਰਹੀ ਹੈ। ਆਮ ਤੌਰ 'ਤੇ ਹਰ ਸੀਜ਼ਨ ਵਿਚ ਪੌਂਗ ਡੈਮ ਵਿਚ ਪਾਣੀ ਦੀ ਆਮਦ ਔਸਤ 40 ਹਜ਼ਾਰ ਕਿਊਸਿਕ ਦੀ ਰਹਿੰਦੀ ਹੈ ਪਰ ਐਤਕੀਂ ਡੇਢ ਮਹੀਨੇ ਤੋਂ ਇਹ ਔਸਤ 70 ਤੋਂ 80 ਹਜ਼ਾਰ ਕਿਊਸਿਕ ਰਹੀ ਹੈ। ਇਸ ਵੇਲੇ ਪੌਂਗ ਡੈਮ ਵਿਚ 60 ਹਜ਼ਾਰ ਕਿਊਸਿਕ ਪਾਣੀ ਆ ਰਿਹਾ ਹੈ ਅਤੇ ਏਨਾ ਪਾਣੀ ਹੀ ਬਿਆਸ ਦਰਿਆ ਵਿਚ ਛੱਡਿਆ ਜਾ ਰਿਹਾ ਹੈ। ਪੌਂਗ ਡੈਮ ਵਿਚ ਪਾਣੀ ਦਾ ਪੱਧਰ 1383.12 ਫੁੱਟ 'ਤੇ ਪਹੁੰਚ ਗਿਆ ਹੈ। ਮੰਡ ਖੇਤਰ 'ਚ ਹੜ੍ਹਾਂ ਦੀ ਮਾਰ ਕਾਫ਼ੀ ਵਧੀ ਹੈ। ਫ਼ਾਜ਼ਿਲਕਾ ਅਤੇ ਤਰਨ ਤਾਰਨ ਜ਼ਿਲ੍ਹੇ ਵਿਚ ਵੀ ਫ਼ਸਲਾਂ ਪ੍ਰਭਾਵਿਤ ਹੋਈਆਂ ਹਨ। ਹਰੀਕੇ ਹੈੱਡਵਰਕਸ 'ਤੇ 70 ਹਜ਼ਾਰ ਕਿਊਸਿਕ ਪਾਣੀ ਵਗ ਰਿਹਾ ਹੈ। ਇਸੇ ਤਰ੍ਹਾਂ ਰਾਵੀ ਦਰਿਆ 'ਚ ਧਰਮਕੋਟ ਖੇਤਰ ਕੋਲ 2.43 ਲੱਖ ਕਿਊਸਿਕ ਪਾਣੀ ਵਗਿਆ ਪਰ ਇਸ ਦਾ ਕੌਮਾਂਤਰੀ ਸਰਹੱਦ ਲਾਗੇ ਹੀ ਕੁੱਝ ਪਿੰਡਾਂ 'ਤੇ ਅਸਰ ਪੈਂਦਾ ਹੈ। ਘੱਗਰ 'ਚ ਇਸ ਵੇਲੇ 8700 ਕਿਊਸਿਕ ਪਾਣੀ ਵਗ ਰਿਹਾ ਹੈ। ਆਉਂਦੇ ਦਿਨਾਂ 'ਚ ਹੋਰ ਮੀਂਹ ਪੈਣ 'ਤੇ ਦਰਿਆਵਾਂ ਲਾਗਲੇ ਪਿੰਡਾਂ ਲਈ ਜ਼ਿੰਦਗੀ ਹੋਰ ਔਖੀ ਹੋ ਸਕਦੀ ਹੈ।

ਰੂਪਨਗਰ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਕਿਹਾ ਕਿ ਭਾਖੜਾ ਡੈਮ 'ਚੋਂ ਕਿੰਨਾ ਪਾਣੀ ਸਤਲੁਜ ਦਰਿਆ ਵਿਚ ਛੱਡਣਾ ਹੈ, ਇਸ ਦਾ ਫੈਸਲਾ ਟੈਕਨੀਕਲ ਕਮੇਟੀ ਲੈਂਦੀ ਹੈ। ਉਨ੍ਹਾਂ ਕਿਹਾ ਕਿ ਬੀ.ਬੀ.ਐੱਮ.ਬੀ. ਨੇ ਭਾਖੜਾ ਡੈਮ ਤੋਂ ਚਾਰ ਫਲੱਡ ਗੇਟਾਂ ਰਾਹੀਂ ਪਾਣੀ ਛੱਡਿਆ ਹੈ। ਸਥਿਤੀ ਕਾਬੂ ਵਿਚ ਰੱਖਣ ਲਈ ਫਲੱਡ ਗੇਟਾਂ ਰਾਹੀਂ ਪਾਣੀ ਛੱਡਣਾ ਪੈਂਦਾ ਹੈ। ਉਧਰ ਭਾਖੜਾ ਡੈਮ ਵਿਚ ਵਧ ਰਹੇ ਪਾਣੀ ਕਾਰਨ ਸਤਲੁਜ ਦਰਿਆ ਨੇੜੇ ਵਸੇ ਪਿੰਡਾਂ ਦੇ ਲੋਕ ਸਹਿਮੇ ਹੋਏ ਹਨ। ਇਨ੍ਹਾਂ ਪਿੰਡਾਂ ਦੇ ਲੋਕਾਂ ਨੇ ਪਿਛਲੀ ਵਾਰ ਵੀ ਹੜ੍ਹ ਕਾਰਨ ਕਾਫੀ ਨੁਕਾਸਨ ਝੱਲਿਆ ਸੀ।

ਸਫਾ 1 ਦਾ ਬਾਕੀ

## ਏਅਰ ਕੈਨੇਡਾ ਦੇ ਫਲਾਈਟ ਅਟੈਂਡੈਂਟਾਂ...

ਏਅਰ ਕੈਨੇਡਾ ਨੇ ਆਪਣੇ ਨਵੇਂ ਪ੍ਰਸਤਾਵ 'ਚ 4 ਸਾਲਾਂ ਲਈ 38 ਫ਼ੀਸਦੀ ਕੁੱਲ ਪੈਕੇਜ (ਤਨਖਾਹ, ਪੈਨਸ਼ਨ, ਸੁਵਿਧਾਵਾਂ ਸਮੇਤ) ਦੇਣ ਦੀ ਗੱਲ ਕੀਤੀ ਸੀ, ਪਰ ਯੂਨੀਅਨ ਨੇ ਇਸ ਨੂੰ ਨਾਕਾਫ਼ੀ ਮੰਨਿਆ। ਖ਼ਾਸ ਕਰ ਕੇ ਪਹਿਲੇ ਸਾਲ ਲਈ 8 ਫ਼ੀਸਦੀ ਵਾਧੇ ਨੂੰ ਉਨ੍ਹਾਂ ਨੇ ਮਹਿੰਗਾਈ ਦੇ ਮੱਦੇਨਜ਼ਰ ਘੱਟ ਕਰਾਰ ਦਿੱਤਾ ਸੀ। ਹੁਣ ਯੂਨੀਅਨ ਮੈਂਬਰ ਇਸ ਅਸਥਾਈ ਸਮਝੌਤੇ 'ਤੇ ਵੋਟਿੰਗ ਕਰਨਗੇ। ਉਥੇ ਹੀ, ਜਿਨ੍ਹਾਂ ਯਾਤਰੀਆਂ ਦੀਆਂ ਉਡਾਣਾਂ ਰੱਦ ਹੋਈਆਂ ਹਨ, ਉਹ ਏਅਰ ਕੈਨੇਡਾ ਦੀ ਵੈਬਸਾਈਟ ਜਾਂ ਐਪ ਰਾਹੀਂ ਪੂਰਾ ਰਿਫੰਡ ਲੈ ਸਕਣਗੇ।

# PUNJAB MAIL USA

## TV Channel, Newspaper, Radio

## All over America, Canada, Australia & Europe

### All over America, Canada, Australia & Europe

24 Hours 7 Days

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold #2867, Gem #375, TV Zon #6888, Glow TV #1828, Tashan #131, Real TV etc.*

*For any Information & Advertisement Call at*

**+1-916-320-9444**



# ਸਾਹਿਤ, ਸਿਆਸੀ ਖਚਰਾਪਨ ਅਤੇ ਮਨੁੱਖ ਦਾ ਸਿਰਜਣਾਤਮਿਕ ਵਿਕਾਸ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA





**ਸਿਆਸੀ ਖਚਰੇਪਨ ਨੇ ਸੰਸਾਰ ਦੀ ਸਮਾਜਿਕ, ਦਾਰਸ਼ਨਿਕ, ਇਤਿਹਾਸਕ ਅਤੇ ਸ਼ਬਦ ਸ਼ਕਤੀ ਵਿਵਸਥਾ ਵਿਚੋਂ ਮਨੁੱਖ ਦੇ ਸਿਰਜਣਾਤਮਿਕ ਵਿਕਾਸ ਨੂੰ ਲਾਂਭੇ ਕਰ ਦਿੱਤਾ ਹੈ ਅਤੇ ਉਸਦੀ ਥਾਂ ਜੰਤਰੀ ਅਤੇ ਮੰਤਰੀ ਵਿਕਾਸ ਨੇ ਲੈ ਲਈ ਹੈ। ਮਾਨਵ ਆਪਣੀ ਬੁਨਿਆਦੀ ਹੋਂਦ ਅਤੇ ਸਿਰਜਨਾਤਮਿਕ ਸ਼ਕਤੀ ਦੇ ਨੁਕਤੇ ਤੋਂ ਭਟਕ ਗਿਆ ਹੈ ਜਾਂ ਭਟਕਾ ਦਿੱਤਾ ਗਿਆ ਹੈ। ਇਥੇ ਸਿਆਸਤ ਕੰਮ ਕਰ ਰਹੀ ਹੈ।**

ਸਾਹਿਤ ਦਾ ਸੋਮਾ ਜੀਵਨ-ਧਾਰਾ ਦਾ ਵੇਗ ਹੈ। ਮਨੁੱਖ ਵਿਚੋਂ, ਮਨੁੱਖ ਰਾਹੀਂ ਅਤੇ ਮਨੁੱਖ ਲਈ ਕੀਤੀ ਗਈ ਰਚਨਾ ਹੀ ਅਸਲ ਵਿਚ ਸਾਹਿਤ ਅਖਵਾ ਸਕਦੀ ਹੈ। ਜਦੋਂ ਗੱਲ ਮਨੁੱਖ ਲਈ ਉਤੇ ਪੁੱਜਦੀ ਹੈ, ਤਾਂ ਇਸਦਾ ਸਿੱਧਾ ਸਬੰਧ ਪ੍ਰਤੀਬੱਧ ਰਾਜਨੀਤੀ ਨਾਲ ਜਾ ਜੁੜਦਾ ਹੈ। ਕੁਝ ਸਮੀਖਿਆਕਾਰ ਇਸ ਤਰ੍ਹਾਂ ਦੀ ਰਚਨਾ ਨੂੰ ਪ੍ਰਚਾਰ ਅਤੇ ਰਾਜਨੀਤਿਕ ਆਖਣਗੇ। ਪਰ ਇਸ ਗੱਲ ਨੂੰ ਕਦੇ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਲੋਕ ਹਿਤੈਸ਼ੀ ਲੇਖਕ ਦਾ ਪ੍ਰਚਾਰਕ ਅਤੇ ਸਿਆਸੀ ਹੋਣਾ ਕਠੋਰ ਸੱਚ ਹੈ।

ਸਿਆਸਤ ਜਾਂ ਰਾਜਨੀਤੀ ਨਿੱਜੀ ਜਾਂ ਸਮੂਹਿਕ ਪੱਧਰ 'ਤੇ ਲੋਕਾਂ ਨੂੰ ਪ੍ਰਭਾਵਤ ਕਰਨ ਦਾ ਅਮਲ ਅਤੇ ਸਿਧਾਂਤ ਹੈ। ਖ਼ਾਸ ਕਰਕੇ ਇੱਕ ਸਮਾਜ ਜਾਂ ਰਾਜ ਦੇ ਲੋਕਾਂ ਉੱਪਰ ਰਾਜ ਕਰਨਾ ਜਾਂ ਕੰਟਰੋਲ ਕਰਨਾ ਅਤੇ ਇਸਨੂੰ ਅੱਗੋਂ ਜਾਰੀ ਰੱਖਣਾ। ਸਿਆਸਤ ਦਾ ਉਦੇਸ਼ ਕਈ ਢੰਗਾਂ ਨਾਲ ਲੋਕਾਂ ਵਿਚ ਆਪਣੇ ਵਿਚਾਰ ਪ੍ਰਫੁਲਤ ਕਰਨੇ, ਕਾਨੂੰਨ ਬਣਾ ਕੇ ਲੋਕਾਂ 'ਤੇ ਲਾਗੂ ਕਰਨੇ ਅਤੇ ਵਿਰੋਧੀਆਂ ਖਿਲਾਫ਼ ਜੰਗ ਦੀ ਹੱਦ ਤੱਕ ਤਾਕਤ ਦੀ ਵਰਤੋਂ ਕਰਨਾ ਆਦਿ ਹੈ। ਇਸ ਸੰਬੰਧ ਵਿਚ ਪਲੇਟੋ ਅਤੇ ਕਨਫੂਸੀਅਸ਼ ਦੀਆਂ ਰਾਜਨੀਤੀ ਬਾਰੇ ਪੁਸਤਕਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ।

ਸਾਹਿਤ ਦੇ ਵੱਖੋ-ਵੱਖਰੇ ਰੂਪਾਂ ਦਾ ਫ਼ਾਇਦਾ ਹਮੇਸ਼ਾ ਰਾਜਨੀਤੀ ਨੇ ਲਿਆ ਹੈ। ਭਾਵੇਂ ਉਹ ਕਵਿਤਾ, ਨਾਵਲ, ਕਹਾਣੀ ਜਾਂ ਨਾਟਕ ਹੋਵੇ। ਸਾਹਿਤ ਨੂੰ ਪ੍ਰਭਾਸ਼ਿਤ ਕਰਨ ਲਈ ਭਾਰਤੀ ਕਾਵਿ ਸ਼ਾਸਤਰ ਅਨੁਸਾਰ ਸਾਹਿਤ ਨੂੰ "ਸੱਤਯਮ, ਸ਼ਿਵਮ, ਸੁੰਦਰਮ ਕਿਹਾ ਗਿਆ, ਭਾਵ ਸੱਚ ਕਲਿਆਣਕਾਰੀ ਅਤੇ ਸੁੰਦਰ ਹੋਵੇ। ਵਣਜਾਰਾ ਬੇਦੀ ਅਨੁਸਾਰ 'ਸਾਹਿਤ ਕੋਮਲ ਭਾਵਾਂ ਦਾ ਸੁਹਜਮਈ ਪ੍ਰਗਟਾਵਾ ਹੈ'। ਜੀਵਨ ਨੂੰ ਅਗਵਾਈ ਕਰਨ ਦੀ ਸ਼ਕਤੀ ਵੀ ਇਸ ਵਿਚ ਹੋਣੀ ਚਾਹੀਦੀ ਹੈ। ਐਮਰਸਨ ਸਾਹਿਤ ਨੂੰ ਮਹਾਨ ਵਿਚਾਰਾਂ ਦਾ ਸੰਗ੍ਰਹਿ ਮੰਨਦਾ ਹੈ। ਮੈਥਿਓ ਅਰਨਲਡ ਸਾਹਿਤ ਨੂੰ ਜੀਵਨ ਦੀ ਆਲੋਚਨਾ ਮੰਨਦਾ ਹੈ। ਸਾਹਿਤ ਭਾਵਨਾਵਾਂ, ਕਲਪਨਾਵਾਂ ਅਤੇ ਬੁੱਧੀ ਦੇ ਬਲ 'ਤੇ ਰਚਿਆ ਜਾਂਦਾ ਹੈ। ਪੱਛਮੀ ਵਿਦਵਾਨ ਸਾਹਿਤ ਨੂੰ ਪੰਜ ਕਲਾਵਾਂ ਵਿਚੋਂ ਇੱਕ ਮੰਨਦੇ ਹਨ। ਉਹ ਕਲਾਵਾਂ ਸੰਗੀਤ, ਕਵਿਤਾ, ਮੂਰਤੀਕਲਾ, ਭਵਨ ਨਿਰਮਾਣ ਅਤੇ ਨਾਚ ਹਨ। ਕਲਾ ਜਾਂ ਸਾਹਿਤ ਨੂੰ ਵੀ ਉਹ ਦੋ ਵੱਖਰੇ ਨਜ਼ਰੀਏ ਤੋਂ ਵੇਖਦੇ ਹਨ। ਜਿਵੇਂ ਸਾਹਿਤ ਕਲਾ ਲਈ ਜਾਂ ਸਾਹਿਤ ਜਾਂ ਕਲਾ ਜੀਵਨ ਲਈ।

ਸਿਆਸੀ ਖਚਰੇਪਨ ਨੇ ਸੰਸਾਰ ਦੀ ਸਮਾਜਿਕ, ਦਾਰਸ਼ਨਿਕ, ਇਤਿਹਾਸਕ ਅਤੇ ਸ਼ਬਦ ਸ਼ਕਤੀ ਵਿਵਸਥਾ ਵਿਚੋਂ ਮਨੁੱਖ ਦੇ ਸਿਰਜਣਾਤਮਿਕ ਵਿਕਾਸ ਨੂੰ ਲਾਂਭੇ ਕਰ ਦਿੱਤਾ ਹੈ ਅਤੇ ਉਸਦੀ ਥਾਂ ਜੰਤਰੀ ਅਤੇ ਮੰਤਰੀ ਵਿਕਾਸ ਨੇ ਲੈ ਲਈ ਹੈ। ਮਾਨਵ ਆਪਣੀ ਬੁਨਿਆਦੀ ਹੋਂਦ ਅਤੇ ਸਿਰਜਨਾਤਮਿਕ ਸ਼ਕਤੀ ਦੇ ਨੁਕਤੇ ਤੋਂ ਭਟਕ ਗਿਆ ਹੈ ਜਾਂ ਭਟਕਾ ਦਿੱਤਾ ਗਿਆ ਹੈ। ਇਥੇ ਸਿਆਸਤ ਕੰਮ ਕਰ ਰਹੀ ਹੈ। ਹਾਕਮ ਸਿਆਸੀ ਤਾਕਤ ਕਾਇਮ ਰੱਖਣ ਲਈ, ਕਿਧਰੇ ਰਾਸ਼ਟਰਵਾਦ ਕਿਧਰੇ ਕੱਟੜਤਾ ਦਾ ਨਾਹਰਾ ਦੇ ਕੇ ਸਮਾਜ ਨੂੰ ਪ੍ਰਭਾਵਤ ਕਰਦਾ ਹੈ ਅਤੇ ਉਸ ਕਿਸਮ ਦੇ ਸਾਹਿਤ ਨੂੰ ਉਤਸ਼ਾਹਤ ਕਰਦਾ ਹੈ, ਜੋ ਉਸਦੇ ਹਿੱਤਾਂ ਦੀ ਪੂਰਤੀ ਲਈ ਲਾਹੇਵੰਦ ਹੈ। ਇੱਕ ਕੌਮ, ਇੱਕ ਭਾਸ਼ਾ, ਇੱਕ ਸੱਭਿਆਚਾਰ ਦਾ ਪ੍ਰਚਾਰ ਇਸੇ ਤੱਥ ਦੀ ਤਰਜ਼ਮਾਨੀ ਕਰਦਾ ਹੈ।

ਕੌਮੀਅਤਾਂ ਦਾ ਮਸਲਾ ਭਾਰਤ ਦੀਆਂ ਵੱਖ-ਵੱਖ ਕੌਮੀਅਤਾਂ ਦੇ ਸੰਦਰਭ ਵਿਚ ਸਿਆਸੀ ਬਣ ਗਿਆ ਹੈ। ਕੇਂਦਰੀ ਸ਼ਕਤੀ ਦੀਆਂ ਮੁਦੱਈ ਰਾਜਨੀਤਕ ਸ਼ਕਤੀਆਂ ਭਾਰਤ ਨੂੰ ਵੱਖ-ਵੱਖ ਕੌਮੀਅਤਾਂ, ਭਾਸ਼ਾਈ ਇਕਾਈਆਂ, ਸੱਭਿਆਚਾਰਕ ਬਹੁ ਬਚਨੀ ਵਖਰੇਵਿਆਂ ਨੂੰ ਮਾਨਤਾ ਨਹੀਂ ਦਿੰਦੀਆਂ, ਸਗੋਂ ਇੱਕ ਕੌਮ, ਇੱਕ ਭਾਸ਼ਾ, ਇੱਕ ਸੱਭਿਆਚਾਰਕ ਦਾ ਪ੍ਰਚਾਰ ਹੀ ਨਹੀਂ ਕਰਦੀਆਂ, ਸਗੋਂ ਰਾਜ ਸ਼ਕਤੀ ਦੇ ਆਸਰੇ ਬਹੁ-ਕੌਮਾਂ, ਭਾਸ਼ਾਵਾਂ ਅਤੇ ਸੱਭਿਆਚਾਰਾਂ ਨੂੰ ਜਬਰੀ ਖ਼ਤਮ ਕਰਨ ਦੇ ਰਾਹ ਪਈਆਂ ਹਨ। ਸਿਆਸੀ ਚੇਤਨਾ ਨਾਲ ਉਤਪੋਤ ਸਾਹਿਤਕਾਰ, ਲੋਕ ਹਿੱਤਾਂ ਦੀ ਖ਼ਾਤਰ ਅਨਿਆ ਦੇ ਵਿਰੋਧ ਵਿਚ ਖੜ੍ਹਦੇ ਹਨ। ਸਾਹਿਤ ਰਚਦੇ ਹਨ ਅਤੇ ਸਿਆਸੀ ਜਬਰ ਸਹਿੰਦੇ ਹਨ। ਭਾਰਤ ਦੇ ਕੋਨੇ-ਕੋਨੇ 'ਚ ਸਾਹਿਤਕਾਰ, ਬੁੱਧੀਜੀਵੀ, ਪੱਤਰਕਾਰ ਮੌਜੂਦਾ ਹਾਕਮਾਂ ਵਲੋਂ ਚਲਾਏ ਦੇਸ਼ ਧ੍ਰੋਹ ਦੇ ਮੁਕੱਦਮਿਆਂ ਦਾ ਸਾਹਮਣਾ ਕਰਦੇ ਹੋਏ ਵੀ ਕੌਮੀਅਤਾਂ ਦੀ ਖ਼ੁਦਮੁਖਤਾਰ ਅਤੇ ਲੋਕ ਇਨਸਾਫ ਦਾ ਝੰਡਾ ਉੱਚਾ ਕਰੀ ਰੱਖਦੇ ਹਨ।

ਇਸ ਖਿੱਤੇ ਵਿਚ ਚਲੀਆਂ ਹੁਣ ਤੱਕ ਦੀਆਂ ਸਾਰੀਆਂ ਰਾਜਸੀ, ਧਾਰਮਿਕ, ਆਰਥਿਕ ਲਹਿਰਾਂ ਅਤੇ ਇਸ ਦੌਰਾਨ ਰਚੇ ਸਾਹਿਤ ਦਾ ਵਿਸਥਾਰ ਨਾਲ ਮੁਲਾਂਕਣ, ਲੇਖਾ-ਜੋਖਾ ਕਰਕੇ ਇਹ ਗੱਲ ਸਹਿਜੇ ਹੀ ਪ੍ਰਵਾਨ ਕਰਨ ਯੋਗ ਹੈ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੈ (ਲੈਨਿਨ)। ਇਸੇ ਗੱਲ ਨੂੰ ਅੱਗੇ ਤੋਰਦਿਆਂ ਟਰਾਟਸਕੀ ਕਹਿੰਦਾ ਹੈ ਕਿ ਸਾਹਿਤ ਸ਼ੀਸ਼ੇ ਵਿਚ ਸਮਾਜਿਕ ਵਿਵਸਥਾ ਦੀ ਸਥਿਤੀ ਨੂੰ ਦੇਖਦੇ ਉਸ ਵਿਚਲੇ ਚਿੱਬਾਂ ਨੂੰ ਠੀਕ ਕਰਨ ਲਈ ਇੱਕ ਹਥੌੜਾ ਵੀ ਹੈ। ਇਸੇ ਲਈ ਜਦੋਂ ਸਾਹਿਤਕ ਹਥੌੜਾ ਚੱਲਦਾ ਹੈ, ਤਾਂ ਸਿਆਸੀ ਧਿਰ ਉਪਰਾਮ ਹੁੰਦੀ ਹੈ ਅਤੇ ਸਾਹਿਤ ਨੂੰ ਆਪਣੇ ਨਿਸ਼ਾਨੇ 'ਤੇ ਲਿਆਉਂਦੀ ਹੈ। ਇਥੇ ਇਹ ਗੱਲ ਵੀ ਕਹਿਣੀ ਬਣਦੀ ਹੈ ਕਿ ਰਾਜਨੀਤੀ ਲੋਕਾਂ 'ਤੇ ਸ਼ਾਸਨ ਕਰਨ ਦੀ ਗੱਲ ਕਰਦੀ ਹੈ ਪਰ ਸਾਹਿਤ ਲੋਕਾਂ ਦੇ ਹਿੱਤ 'ਚ ਭੁਗਤਦਾ ਹੈ।

ਪੰਜਾਬ ਵਿਚ ਸਮਾਜਿਕ ਅਤੇ ਰਾਜਨੀਤਿਕ ਬਦਲਾਅ ਲਿਆਉਣ ਲਈ ਪੰਜਾਬੀ ਕਵੀਆਂ, ਪਾਸ਼, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਸੰਤ ਸੰਧੂ, ਰਵਿੰਦਰ ਸਹਿਰਾਅ ਵਰਗੇ ਦਰਜ਼ਨਾਂ ਕਵੀਆਂ ਨੇ ਲੋਕ ਚੇਤਨਾ ਪੈਦਾ ਕਰਨ ਦਾ ਯਤਨ ਕੀਤਾ, ਪਰ ਉਹ ਸਿਆਸੀ ਦੰਭ ਦਾ ਸ਼ਿਕਾਰ ਹੋਏ। ਸਟੇਟ ਪਾਵਰ ਨੇ ਉਨ੍ਹਾਂ ਦੀ ਆਵਾਜ਼ ਕੁਚਲਣ ਦਾ ਯਤਨ ਕੀਤਾ। ਜਸਵੰਤ ਸਿੰਘ ਕੰਵਲ ਆਪਣੇ ਲੋਕਾਂ ਦੀ ਸੰਘਰਸ਼ੀ ਧੁਨੀ ਦੀ ਪਛਾਣ ਕਰਦਿਆਂ ਰਾਤ ਬਾਕੀ ਹੈ, ਤਾਰੀਖ ਵੇਖਦੀ ਹੈ, ਲਹੂ ਦੀ ਲੋਅ, ਐਨਿਆਂ 'ਚੋਂ ਉਠਿਆ ਸੂਰਮਾ ਆਦਿ ਸਫ਼ਲ ਸਿਆਸੀ ਸੰਗਰਾਮਾਂ ਦੇ ਨਾਵਲਾਂ ਦੀ ਰਚਨਾ ਕਰਦਾ ਹੈ।

ਪੰਜਾਬ ਸਦਾ ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਸੰਘਰਸ਼ਾਂ ਦੀ ਕਰਮ ਭੂਮੀ ਰਿਹਾ ਹੈ, ਮੁਜ਼ਾਹਰਾ ਲਹਿਰ, ਕਿਰਤੀ-ਕਿਰਸਾਨ ਲਹਿਰ, ਪਰਜਾ ਮੰਡਲ ਲਹਿਰ, ਖੁਸ਼ ਹੈਸੀਅਤ ਟੈਕਸ ਵਿਰੋਧੀ ਲਹਿਰ ਅਤੇ ਮੌਜੂਦਾ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਲਹਿਰ ਨੂੰ ਧਿਆਨ 'ਚ ਰੱਖਦਿਆਂ ਲੇਖਕਾਂ ਨੇ ਸਾਹਿਤ ਰਚਨਾ ਕੀਤੀ। ਇਹ ਲੋਕ ਸਰੋਕਾਰਾਂ ਨੂੰ ਪਰਨਾਈ ਵਿਹਰਮੀ-ਸੁਰ ਵਾਲਾ ਸਾਹਿਤ ਹੈ।

ਸਾਹਿਤ ਅਤੇ ਰਾਜਨੀਤੀ ਜਾਂ ਸਿਆਸਤ ਦਾ ਮੁੱਢ ਕਦੀਮ ਤੋਂ ਆਪਸ ਵਿਚ ਟੱਕਰ ਰਹੀ। ਰਾਜਨੀਤੀ ਮਨੁੱਖ ਨੂੰ ਅਧੀਨ ਕਰਨ ਦੀ ਕੋਸ਼ਿਸ਼ ਕਰਦੀ ਹੈ, ਜਦੋਂਕਿ ਸਾਹਿਤ ਆਜ਼ਾਦੀ ਦਾ ਹਾਮੀ ਹੈ। ਸਿਆਸਤ ਨੇ ਸਾਹਿਤ ਨੂੰ ਲੋਕ ਹਿੱਤ ਵਰਤਣ ਦੀ ਬਜਾਏ ਆਪਣੇ ਹਿੱਤਾਂ ਲਈ ਵਰਤਣ ਦੀ ਕੋਸ਼ਿਸ਼ ਕੀਤੀ। ਪੰਜਾਬ ਵਿਚ ਬਾਬਾ ਫਰੀਦ ਜੀ ਦੇ ਸਲੋਕ ਵਿਚ ਬਗਾਵਤੀ ਸੁਰ ਦਿੱਸਦੀ ਹੈ, ਜਦੋਂ ਉਨ੍ਹਾਂ ਕਿਹਾ:-

ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਦੇਹਿ
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।

ਗੁਰਮਿਤ ਸਾਹਿਤ ਵਿਚ ਵੀ ਅਨੇਕਾਂ ਉਦਾਹਰਨਾਂ ਮਿਲਦੀਆਂ ਹਨ, ਜਿਵੇਂ ਕਬੀਰ, ਬਾਬਾ ਨਾਨਕ ਨੇ ਆਪਣੇ ਸਾਹਿਤ ਵਿਚ ਰਾਜਨੀਤੀ ਦੀਆਂ ਬੁਰੀਆਂ ਅਲਾਮਤਾਂ ਦੀਆਂ ਧੱਜੀਆਂ ਉਡਾਈਆਂ ਹਨ। ਬਾਬਾ ਨਾਨਕ ਨੇ ਉਸ ਸਮੇਂ ਦੇ ਸਾਸ਼ਕਾਂ ਨੂੰ ਸਿੱਧੇ ਤੌਰ 'ਤੇ ਵੰਗਾਰਿਆ ਸੀ।

'ਰਾਜੇ ਸ਼ੀਹ ਮੁਕੱਦਮ ਕੁਤੇ, ਜਾਇ ਜਗਾਇਨ ਬੈਠੇ ਸੁੱਤੇ'

'ਏਤੀ ਮਾਰ ਪਈ ਕੁਰਲਾਵੇ ਤੈ ਕਿ ਦਰਦ ਨਾ ਆਇਆ'।

ਬਾਬਰ ਦਾ ਅੱਤਿਆਚਾਰ ਦੇਖਦੇ ਹੋਏ ਉਨ੍ਹਾਂ ਨੇ ਉਸ ਸਮੇਂ ਦੀ ਰਾਜਨੀਤੀ ਨੂੰ ਲੋਕ ਹਿੱਤ ਵਿਚ ਨਾ ਹੋਣ ਕਰਕੇ ਪੂਰੀ ਤਰ੍ਹਾਂ ਭੰਡਿਆ। ਸ਼ਾਹ ਮੁਹੰਮਦ ਨੇ ਅਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਦਾ ਬਿਆਨ ਆਪਣੀਆਂ ਲਿਖਤਾਂ ਵਿਚ ਜ਼ਿਕਰ ਕੀਤਾ:-

ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ...।

ਇਹ ਵੀ ਜ਼ਿੰਦਗੀ ਸਾਹਿਤ ਤੇ ਸਿਆਸਤ ਦਾ ਇੱਕ ਦਸਤਾਵੇਜ਼ ਹੈ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾ ਵਾਰਸ ਸ਼ਾਹ ਨੂੰ' ਵੀ ਇੱਕ ਰਾਜਨੀਤੀ ਜਾਂ ਸਿਆਸਤ ਨੂੰ ਵੰਗਾਰ ਸੀ। ਹੁਣ ਵੀ ਜਦੋਂ ਰਾਜਨੀਤੀ ਲੋਕ ਹਿੱਤ ਵਿਚ ਨਹੀਂ ਤੁਰਦੀ, ਉਸ ਖਿਲਾਫ਼ ਸਾਹਿਤ ਮੈਦਾਨ ਵਿਚ ਨਿਤਰਦਾ ਹੈ - ਕਵੀ, ਲੇਖਕ, ਨਾਟਕਕਾਰ ਆਪਣੀਆਂ ਰਚਨਾਵਾਂ ਰਾਹੀਂ ਇਸ ਦਾ ਵਿਰੋਧ ਕਰਕੇ ਨੀਤੀਆਂ ਬਦਲਣ ਲਈ ਸੁਝਾਅ ਦਿੰਦੇ ਹਨ। ਨਿਡਰ ਹੋ ਕੇ ਮੈਦਾਨ ਵਿਚ ਆਉਂਦੇ ਹਨ, ਭਾਵੇਂ ਬਹੁਤ ਵਿਚਰਵਾਨਾਂ ਨੂੰ ਜੇਲ੍ਹਾਂ ਦੇ ਦਰਵਾਜ਼ੇ ਅੰਦਰ ਡੱਕਿਆ ਜਾਂਦਾ ਹੈ। ਬਹੁਤ ਸਾਰੇ ਸਾਹਿਤਕਾਰ ਜੇਲ੍ਹਾਂ ਵਿਚ ਸ਼ਹੀਦ ਵੀ ਹੋਏ ਤੇ ਹੋ ਰਹੇ ਹਨ। ਇਸੇ ਤਰ੍ਹਾਂ ਸਾਹਿਤ ਤੇ ਸਿਆਸਤ ਇੱਕ ਦੂਜੇ ਨੂੰ ਪ੍ਰਭਾਵਤ ਕਰਦੇ ਰਹਿੰਦੇ ਹਨ।

"ਰਾਜੇ ਸ਼ੀਹ ਮੁਕੱਦਮ ਕੁਤੇ" ਵਰਗੇ ਸ਼ਬਦ ਅਪਨਾਉਣ, ਸੱਚ ਨੂੰ ਪ੍ਰਚਾਰਣ ਲਈ ਗੁਰੂ ਨਾਨਕ ਦੇਵ ਜੀ ਨੂੰ ਚੱਕੀਆਂ ਪੀਸਣੀਆਂ ਪਈਆਂ। ਗੁਰੂ ਅਰਜਨ ਦੇਵ ਜੀ ਨੂੰ ਤੱਤੀਆਂ ਤਵੀਆਂ 'ਤੇ ਬੈਠਣਾ ਪਿਆ, ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੌਂਕ 'ਚ ਸੀਸ ਭੇਟ ਕਰਨਾ ਪਿਆ, ਗੁਰੂ ਗੋਬਿੰਦ ਸਿੰਘ ਜੀ ਨੂੰ ਸਰਬੰਸ ਵਾਰਨਾ ਪਿਆ। ਇਹ ਕੁਰਬਾਨੀਆਂ ਹੱਕ ਸੱਚ ਲਈ ਅਮੀਰ-ਗਰੀਬ, ਕਿਰਤੀ-ਵਿਹਲੜ, ਭਾਗੋ ਤੇ ਲਾਲੋ ਦੀ ਜਮਾਤੀ ਲੜਾਈ ਹੈ। ਇਸ 'ਚ ਲੋਕ ਹਿਤੈਸ਼ੀ 'ਸੱਚ ਸੁਣਾਇਸੀ ਸੱਚ ਦਾ ਵੇਲਾ' ਦੀ ਭਾਵਨਾ ਹੈ। ਸਿਆਸੀ ਦੰਭ ਨੂੰ ਇੱਕ ਲਲਕਾਰ ਹੈ। ਵਿਭਚਾਰੀ, ਭ੍ਰਿਸ਼ਟ ਸਿਆਸਤ ਨੂੰ ਸਿੱਧਾ ਚੈਲਿੰਜ ਹੈ ਅਤੇ ਭੈੜੇ ਸਿਆਸੀ ਤਾਣੇ-ਬਾਣੇ ਉਤੇ ਸਿੱਧੀ ਸੱਟ ਹੈ।

ਇਹ ਗੱਲ ਸਮਝਣ ਵਾਲੀ ਹੈ ਕਿ ਮਨੁੱਖੀ ਜ਼ਿੰਦਗੀ ਇੱਕ ਆਵੇਸ਼, ਅਕਸ, ਛਾਇਆ ਜਾਂ ਕਲਪਨਾ ਨਹੀਂ ਹੈ। ਸਗੋਂ ਇੱਕ ਪ੍ਰਵੇਸ਼-ਗੁਣ ਭਰਪੂਰ ਗਤੀਸ਼ੀਲਤਾ ਹੈ, ਜੋ ਟਿਮਟਿਮਾਉਣ, ਵਿਗਸਣ, ਬਿਨਸਨ ਦੇ ਨਾਲ-ਨਾਲ ਸ਼ਬਦ ਗ੍ਰੰਥ, ਸਮਾਜ, ਇਤਿਹਾਸ ਅਤੇ ਦਰਸ਼ਨ ਦੀ ਸਿਰਜਨਾ ਅਤੇ ਸੰਭਾਲ ਕਰਦੀ ਹੈ। ਮਾਨਵ ਪ੍ਰਕਿਤਰਿਕ ਆਵੇਸ਼ ਦਾ ਭਾਗ ਹੈ। ਉਹ ਇਸ ਵਿਚ ਵਿਵੇਕ ਭਰਪੂਰ ਪ੍ਰਵੇਸ਼ ਕਰਦਿਆਂ ਵਿਪਰਿਤ ਸਥਿਤੀਆਂ ਨਾਲ ਨਿਰੰਤਰ ਟਕਰਾਓ, ਤਣਾਓ ਅਤੇ ਸੰਘਰਸ ਵਿਚ ਰਹਿੰਦਾ ਹੈ। ਚੇਤਨਾ ਦਾ ਸੰਘਰਸ਼ ਉਸਨੂੰ ਸਾਹਿਤ ਰਚਨਾ ਲਈ ਪ੍ਰੇਰਿਤ ਕਰਦਾ ਹੈ। ਇਹੋ ਹੀ ਕਾਰਨ ਹੈ ਕਿ ਭਾਰਤੀ ਸਮਾਜਿਕ ਵਿਵਸਥਾ ਵਿਚ ਭ੍ਰਿਸ਼ਟਾਚਾਰ, ਦੁਰ-ਅਚਾਰ, ਰਾਜਨੀਤਿਕ ਮਕਾਰੀ, ਆਰਥਿਕ ਨਾ ਬਰਾਬਰੀ, ਜਾਤੀ-ਪਾਤੀ ਪ੍ਰਥਾ, ਮਿਹਨਤ ਦੀ ਲੁੱਟ, ਅਨੈਤਿਕ ਜਿਨਸੀ ਰਿਸ਼ਤਿਆਂ, ਸੱਭਿਆਚਾਰਕ ਗਿਰਾਵਟ, ਅਣ-ਮਨੁੱਖੀ ਵਿਵਹਾਰ ਨੂੰ ਹੀ ਸਾਹਿਤਕਾਰਾਂ ਨੇ ਨਿਸ਼ਾਨਾ ਨਹੀਂ ਬਣਾਇਆ, ਸਗੋਂ ਇਸ ਵਰਤਾਰੇ ਵਿਰੁੱਧ ਸੰਘਰਸ਼ ਕਰਦੇ ਮਨੁੱਖ ਦੀ ਜਿੱਤ ਨੂੰ ਧੁਨੀ ਦੀ ਮਾਨਤਾ ਦਿੱਤੀ ਹੈ, ਇਥੋਂ ਤੱਕ ਕਿ ਪੰਜਾਬੀ ਮੱਧ ਕਾਲੀ ਕਿੱਸਾ ਕਾਵਿ ਦੀਆਂ ਪ੍ਰੀਤ ਕਥਾਵਾਂ ਹੀਰ-ਰਾਂਝਾਂ, ਸੱਸੀ ਪੰਨੂ, ਲੈਲਾ-ਮਜਨੂੰ, ਮਿਰਜ਼ਾ-ਸਾਹਿਬਾ ਆਦਿ ਦਾ ਕੇਂਦਰੀ ਪ੍ਰਤੀਕ ਸਿਰੜੀ ਅਤੇ ਸਿਦਕ ਦਿਲੀ ਵਾਲਾ ਰਿਹਾ ਹੈ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਅਨੁਸਾਰ ਸਾਡੀਆਂ ਇਨ੍ਹਾਂ ਪ੍ਰਾਚੀਨ ਅਤੇ ਮੱਧ ਕਾਲੀਨ ਕਥਾਵਾਂ ਵਿਚਲਾ ਪ੍ਰਤੀਕ ਲੋਕ-ਮਿੱਤਰਤਾ ਵਾਲਾ ਰਿਹਾ ਹੈ, ਜਿਸਦਾ ਅਰਥ ਮਨੁੱਖ ਦੁਆਰਾ ਆਪਣੇ ਅਧਿਕਾਰ ਜਾਂ ਇੱਛਾ ਦੀ ਪ੍ਰਾਪਤੀ ਲਈ ਪ੍ਰਕਿਰਤੀ ਜਾਂ ਸਮਾਜ ਉਸਾਰੀ ਦੀਆਂ ਵਿਰੋਧਤਾਈਆਂ ਵਾਲਾ ਹੈ।

ਇਸ ਸਮੇਂ ਸਾਹਿਤ, ਰਾਜਨੀਤੀ ਦੇ ਪਰਛਾਵੇਂ ਹੇਠ ਹੈ। ਨਿਰਪੱਖ ਪੱਤਰਕਾਰੀ, ਲੇਖਨੀ ਦੀ ਗੱਲ ਪ੍ਰਚਾਰੀ ਜਾ ਰਹੀ ਹੈ। ਜਦਕਿ ਇਹ ਸਪੱਸ਼ਟ ਹੈ ਕਿ ਸਾਹਿਤ, ਪੱਤਰਕਾਰੀ ਨਿਰਪੱਖ ਨਹੀਂ ਹੁੰਦੀ, ਉਹ ਜਾਂ ਤਾਂ ਲੋਕ ਹਿਤੈਸ਼ੀ ਹੁੰਦੀ ਹੈ ਜਾਂ ਲੋਕ ਵਿਰੋਧੀ। ਅੱਜ ਜਦੋਂ ਸਮਕਾਲ ਵਿਚ ਫਿਰਕਪ੍ਰਸਤੀ, ਧਾਰਮਿਕ ਕਾਨੂੰਨ ਪੁਨਰ ਸੁਰਜੀਤੀ ਦੀ ਮਾਨਸਿਕਤਾ ਦਨਦਨਾਉਂਦੀ ਫਿਰਦੀ ਹੈ। ਨਾਲ ਹੀ ਸਿਆਸਤ ਵਿਚ ਭ੍ਰਿਸ਼ਟਾਚਾਰ, ਬਦ ਦਿਆਨਤਕਾਰੀ ਦਾ ਬੋਲਬਾਲਾ ਹੈ ਅਤੇ ਭਾਰਤ ਦਾ ਹਰ ਸਾਧਾਰਨ ਮਨੁੱਖ ਕਾਲਾ ਬਾਜ਼ਾਰੀ, ਬੇਰੁਜ਼ਗਾਰੀ, ਮਾਨਸਿਕ ਗੁਲਾਮੀ, ਆਰਥਿਕ ਲੁੱਟ ਦੇ ਪੁੜਾਂ 'ਚ ਪਿੱਸ ਰਿਹਾ ਹੈ, ਤਾਂ ਲੇਖਕ ਦਾ ਫਰਜ਼ ਬਣਦਾ ਹੈ ਕਿ ਉਹ ਇਸ ਪ੍ਰਸੰਗਕ ਸੱਚ ਨੂੰ ਬਿਆਨ ਹੀ ਨਾ ਕਰੇ, ਸਗੋਂ ਪ੍ਰਸੰਗਕਤਾ ਦੀ ਸਥਿਤੀ 'ਚੋਂ ਲੋਕਾਂ ਨੂੰ ਮੁਕਤ ਕਰਨ ਦਾ ਰਾਹ ਉਲੀਕੇ। ਮੈਂ ਰਸੂਲ ਹਮਜ਼ਾਤੋਵ ਦੇ ਇਸ ਕਥਨ "ਇਹ ਨਾ ਕਹੋ ਕਿ ਮੈਨੂੰ ਵਿਸ਼ਾ ਦੇਓ, ਸਗੋਂ ਇਹ ਕਹੋ ਕਿ ਮੈਨੂੰ ਅੱਖਾਂ ਦਿਓ" ਨਾਲ ਆਪਣੇ ਵਿਚਾਰ ਸਮਾਪਤ ਕਰਦਾ ਹਾਂ।

# ਆਜ਼ਾਦੀ ਵੇਲੇ ਵੀ ਕੁਝ ਬੰਦਿਆਂ ਵਿਚ ਇਨਸਾਨੀਅਤ ਬਚੀ ਹੋਈ ਸੀ





ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA



15 ਅਗਸਤ 1947 ਵਾਲਾ ਦਿਨ ਦੇਸ਼ ਦੇ ਕਈ ਹਿੱਸਿਆਂ ਤੇ ਖਾਸ ਤੌਰ 'ਤੇ ਪੰਜਾਬ ਲਈ ਤਬਾਹੀ ਦਾ ਸੰਦੇਸ਼ ਲੈ ਕੇ ਆਇਆ ਸੀ। ਵੰਡ ਵੇਲੇ ਭਾਰਤ ਅਤੇ ਪਾਕਿਸਤਾਨ ਵਿਚ ਅੰਤਾਂ ਦੀ ਨਫਰਤ ਦੀ ਹਨੇਰੀ ਝੁੱਲੀ ਸੀ। ਸੰਸਾਰ ਵਿਚ ਦੋ ਦੇਸ਼ਾਂ ਦਰਮਿਆਨ ਐਨਾ ਵੱਡਾ ਅਬਾਦੀ ਦਾ ਤਬਾਦਲਾ ਇਤਿਹਾਸ ਵਿਚ ਅੱਜ ਤੱਕ ਵੀ ਨਹੀਂ ਹੋਇਆ। ਰਾਤੋ-ਰਾਤ ਕੱਖਪਤੀ ਲੱਖਪਤੀ ਬਣ ਗਏ ਤੇ ਲੱਖਪਤੀ ਸੜਕਾਂ 'ਤੇ ਰੁਲਣ ਲੱਗੇ। ਦੰਗਿਆਂ ਸਬੰਧੀ ਭਾਰਤ ਅਤੇ ਪਾਕਿਸਤਾਨ ਵਿਚ ਸੈਂਕੜੇ ਕਿਤਾਬਾਂ ਲਿਖੀਆਂ ਗਈਆਂ ਅਤੇ ਅਨੇਕਾਂ ਫਿਲਮਾਂ ਬਣੀਆਂ ਹਨ। ਉਸ ਇਨਸਾਨੀਅਤ ਤੋਂ ਗਿਰੇ ਹੋਏ ਕਤਲੇਆਮ ਲਈ ਦੋਵੇਂ ਦੇਸ਼ ਇੱਕ ਦੂਜੇ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਪਰ ਇਹ ਕੌੜਾ ਸੱਚ ਹੈ ਕਿ ਕਿਸੇ ਧਿਰ ਨੇ ਵੀ ਘੱਟ ਨਹੀਂ ਸੀ ਗੁਜ਼ਾਰੀ। ਦੋਵੇਂ ਪਾਸਿਆਂ ਤੋਂ ਗੱਡੀਆਂ ਲਾਸ਼ਾਂ ਦੀਆਂ ਭਰ-ਭਰ ਕੇ ਭੇਜੀਆਂ ਗਈਆਂ ਸਨ ਤੇ ਔਰਤਾਂ ਦੀ ਰੱਜ ਕੇ ਬੇਪੱਤੀ ਕੀਤੀ ਗਈ ਸੀ। ਜਦੋਂ ਲੋਕ ਉਜੜ ਕੇ ਭਾਰਤ-ਪਾਕਿਸਤਾਨ ਵੱਲ ਜਾ ਰਹੇ ਸਨ, ਤਾਂ ਉਨ੍ਹਾਂ ਨੂੰ ਉਮੀਦ ਸੀ ਕਿ ਇਹ ਰੌਲਾ-ਗੌਲਾ ਕੁਝ ਦਿਨ ਦਾ ਹੈ, ਫਿਰ ਅਸੀਂ ਵਾਪਸ ਆ ਜਾਣਾ ਹੈ। ਉਨ੍ਹਾਂ ਨੇ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਪੱਕੇ ਤੌਰ 'ਤੇ ਹੀ ਘਰ ਛੱਡ ਜਾ ਰਹੇ ਹਾਂ। ਅੱਜ ਭਾਰਤ ਅਤੇ ਪਾਕਿਸਤਾਨ ਦੇ ਲੋਕਾਂ ਵਿਚ ਜਿਹੜਾ ਪਿਆਰ ਵੇਖਣ ਨੂੰ ਮਿਲਦਾ ਹੈ, ਉਹ ਸਿਰਫ ਲਹਿੰਦੇ ਅਤੇ ਚੜ੍ਹਦੇ ਪੰਜਾਬ ਵਾਸੀਆਂ ਤੱਕ ਹੀ ਸੀਮਤ ਹੈ। ਭਾਰਤ ਦੇ ਸੂਬੇ ਰਾਜਸਥਾਨ ਅਤੇ ਗੁਜਰਾਤ, ਪਾਕਿਸਤਾਨ ਦੇ ਸੂਬੇ ਸਿੰਧ ਨਾਲ ਲੱਗਦੇ ਹਨ ਪਰ ਇਨ੍ਹਾਂ ਵਿੱਚਕਾਰ ਕਿਸੇ ਤਰ੍ਹਾਂ ਦਾ ਕੋਈ ਮੇਲ-ਜੋਲ ਜਾਂ ਲਗਾਉ ਨਹੀਂ ਹੈ। ਵੰਡ ਦੀ ਸਭ ਤੋਂ ਜ਼ਿਆਦਾ ਮਾਰ ਵੀ ਪੰਜਾਬ ਨੂੰ ਪਈ ਸੀ। ਰੱਬ ਦਾ ਸ਼ੁਕਰ ਹੈ ਕਿ ਉਹ ਲਾਲ ਹਨੇਰੀ ਆਈ ਤੇ ਚਲੀ ਗਈ। ਹੁਣ ਦੋਵਾਂ ਦੇਸ਼ਾਂ ਦੇ ਪੰਜਾਬੀ ਇੱਕ ਦੂਜੇ ਨੂੰ ਉੱਡ ਕੇ ਭਰਾਵਾਂ ਵਾਂਗ ਮਿਲਦੇ ਹਨ। ਤੁਸੀਂ ਲਾਹੌਰ ਜਾ ਕੇ ਕਿਸੇ ਵੀ ਦੁਕਾਨ ਤੋਂ ਚਾਹੇ 10000 ਰੁ. ਦੀ ਵਸਤੂ ਮੁੱਲ ਲੈ ਲਉ, ਦੁਕਾਨਦਾਰ ਇੱਕ ਵਾਰ ਜ਼ਰੂਰ ਕਹੇਗਾ, "ਛੱਡੋ ਭਾਅ ਜੀ, ਰਹਿਣ ਦਿਉ ਪੈਸੇ।"

ਮੇਰਾ ਨਾਨਕਾ ਪਿੰਡ ਭਸੀਨ ਆਜ਼ਾਦੀ ਵੇਲੇ ਜ਼ਿਲ੍ਹਾ ਲਾਹੌਰ ਵਿਚ ਪੈਂਦਾ ਸੀ। ਸਿੱਖ ਬਹੁਗਿਣਤੀ ਵਾਲਾ ਇਹ ਵੱਡਾ ਪਿੰਡ ਬਾਰਡਰ ਤੋਂ 5-6 ਕਿ.ਮੀ. ਦੀ ਵਾਟ 'ਤੇ ਸੀ। ਆਜ਼ਾਦੀ ਤੋਂ ਪਹਿਲਾਂ ਲੋਕਾਂ ਨੂੰ ਬਹੁਤ ਆਸਾਂ ਸਨ ਕਿ ਲਾਹੌਰ ਤਾਂ ਭਾਰਤ ਵਿਚ ਹੀ ਆਵੇਗਾ। ਕਦੀ ਖਬਰ ਆ ਜਾਣੀ ਕਿ ਗੁਰਦਾਸਪੁਰ ਪਾਕਿਸਤਾਨ ਨੂੰ ਦੇ ਕੇ ਭਾਰਤ ਨੇ ਲਾਹੌਰ ਲੈ ਲਿਆ ਹੈ, ਸਿੱਖਾਂ ਨੇ ਜੈਕਾਰੇ ਛੱਡ ਦੇਣੇ। ਫਿਰ ਖਬਰ ਆ ਜਾਣੀ ਕਸ਼ਮੀਰ ਨੂੰ ਕੋਈ ਰਸਤਾ ਨਹੀਂ ਬਚਦਾ, ਇਸ ਲਈ ਭਾਰਤ ਨੇ ਲਾਹੌਰ ਛੱਡ ਕੇ ਗੁਰਦਾਸਪੁਰ ਲੈ ਲਿਆ ਗਿਆ ਹੈ, ਮੁਸਲਮਾਨਾਂ ਨੇ ਨਾਅਰੇ ਬੁਲੰਦ ਕਰ ਦੇਣੇ। ਮੇਰੇ ਨਾਨਕਿਆਂ ਦੇ ਅਰਾਈਂ ਕਾਮਿਆਂ ਨੇ ਇਹ ਕਹਿ ਕੇ ਕਪਾਹ ਚੁੱਗਣੀ ਬੰਦ ਕਰ ਦਿੱਤੀ ਕਿ ਇਹ ਤਾਂ ਹੁਣ ਅਸੀਂ ਤੁਹਾਡੇ ਜਾਣ ਤੋਂ ਬਾਅਦ ਹੀ ਚੁਗਾਂਗੇ। ਜੱਕੋ-ਤੱਕੀ ਵਿਚ ਪਏ ਲੋਕਾਂ ਨੇ ਪਿੰਡ ਨਾ ਛੱਡਿਆ ਕਿ ਸ਼ਾਇਦ ਭਾਰਤ ਨਾ ਹੀ ਜਾਣਾ ਪਵੇ। ਦੰਗਈਆਂ ਤੋਂ ਡਰਦੇ ਆਸ-ਪਾਸ ਦੇ ਹਿੰਦੂ-ਸਿੱਖ ਘੱਟ ਗਿਣਤੀ ਵਾਲੇ ਪਿੰਡਾਂ ਤੋਂ ਵੀ ਲੋਕ ਉੱਠ ਕੇ ਭਸੀਨ ਇਕੱਠੇ ਹੋਣੇ ਸ਼ੁਰੂ ਹੋ ਗਏ। ਬਲਦਾਂ ਵਾਲੇ ਖਰਾਸ ਜੋੜ ਕੇ ਪਿੰਡ ਦੇ ਗੁਰਦੁਆਰਿਆਂ ਵਿਚ ਖੁੱਲ੍ਹੇ ਲੰਗਰ ਲਾ ਦਿੱਤੇ ਗਏ। ਲੋਕਾਂ ਨੇ ਭਾਰੀ ਗਿਣਤੀ ਵਿਚ ਜਾਇਜ਼-ਨਜਾਇਜ਼ ਅਸਲ੍ਹਾ ਜਮ੍ਹਾਂ ਕਰ ਲਿਆ। ਲੁਟੇਰਿਆਂ ਨੇ ਭਸੀਨ 'ਤੇ ਕਈ ਹਮਲੇ ਕੀਤੇ ਪਰ ਬੰਦੇ ਮਰਵਾ ਕੇ ਹੀ ਵਾਪਸ ਗਏ।

ਪਿੰਡ ਵਿਚ ਹਿੰਦੂ-ਸਿੱਖਾਂ ਆਬਾਦੀ ਲਗਾਤਾਰ ਵਧਦੀ ਜਾ ਰਹੀ ਸੀ। ਆਖਰ ਡਰਦੇ ਮਾਰੇ ਭਸੀਨ ਦੇ ਮੁਸਲਮਾਨਾਂ ਨੂੰ ਹੀ ਪਿੰਡ ਛੱਡ ਕੇ ਭੱਜਣਾ ਪਿਆ। ਉਹ ਲਾਹੌਰ ਜਾ ਕੇ ਅਫਸਰਾਂ ਅੱਗੇ ਪਿੱਟੇ ਕਿ ਹਿੰਦੁਸਤਾਨ ਜਾਣ ਦੀ ਬਜਾਏ ਹਿੰਦੂ-ਸਿੱਖਾਂ ਨੇ ਭਸੀਨ ਵਿਚ ਹੀ ਨਵਾਂ ਹਿੰਦੁਸਤਾਨ ਕਾਇਮ ਕਰ ਲਿਆ ਹੈ। ਦੋ-ਤਿੰਨ ਵਾਰ ਪੁਲਿਸ ਨੇ ਪਿੰਡ ਖਾਲੀ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਲੋਕਾਂ ਨੇ ਕੁੱਟਮਾਰ ਕੇ ਭਜਾ ਦਿੱਤਾ। ਆਖਰ ਮਿਲਟਰੀ ਨੂੰ ਦਖਲ ਦੇਣਾ ਪਿਆ। ਮੇਜਰ ਸ਼ਮੀਮ ਖਾਨ ਰੰਧਾਵਾ ਦਸ ਟੈਂਕ ਤੇ 200 ਫੌਜੀ ਲੈ ਕੇ 26 ਅਗਸਤ ਨੂੰ ਸਵੇਰੇ ਹੀ ਪਿੰਡ 'ਤੇ ਚੜ੍ਹ ਆਇਆ। ਉਸ ਨੂੰ ਸਖਤ ਹੁਕਮ ਸਨ ਕਿ ਜਾਂ ਤਾਂ ਪਿੰਡ ਖਾਲੀ ਕਰਵਾਇਆ ਜਾਵੇ, ਜੇ ਨਹੀਂ ਮੰਨਦੇ ਤਾਂ ਟੈਂਕ ਫੇਰ ਕੇ ਰੜਾ ਮੈਦਾਨ ਬਣਾ ਦਿੱਤਾ ਜਾਵੇ। ਜੋ ਵੀ ਵਿਰੋਧ ਕਰੇ, ਗੋਲੀ ਮਾਰ ਦਿੱਤੀ ਜਾਵੇ। ਸ਼ਮੀਮ ਖਾਨ ਮੁਹੱਲਾ ਲੂਣ ਮੰਡੀ, ਅੰਮ੍ਰਿਤਸਰ ਦਾ ਰਹਿਣ ਵਾਲਾ ਸੀ। ਉਸ ਦੇ ਪਰਿਵਾਰ ਵਾਲੇ ਜਦੋਂ ਲਾਹੌਰ ਜਾਣ ਵਾਲੀ ਟਰੇਨ ਚੜ੍ਹਨ ਲਈ ਅੰਮ੍ਰਿਤਸਰ ਸਟੇਸ਼ਨ ਵੱਲ ਭੱਜ ਰਹੇ ਸਨ, ਤਾਂ 10 ਅਗਸਤ ਨੂੰ ਪੌੜੀਆਂ ਵਾਲੇ ਪੁੱਲ ਲਾਗੇ ਦੰਗਈਆਂ ਨੇ ਘੇਰ ਕੇ ਉਸ ਦੇ ਵੱਡਾ ਭਰਾ ਅਤੇ ਦਾਦੇ ਨੂੰ ਕਤਲ ਕਰ ਦਿੱਤਾ। ਬਹੁਤ ਮੁਸ਼ਕਿਲ ਉਸ ਦਾ ਬਾਕੀ ਪਰਿਵਾਰ ਬਚ ਕੇ ਲਾਹੌਰ ਪਹੁੰਚਿਆ ਸੀ। ਭਸੀਨ ਦੀ ਕਿਸਮਤ ਚੰਗੀ ਸੀ ਕਿ ਸ਼ਮੀਮ ਖਾਨ ਦੇ ਨਾਨਕੇ ਭਸੀਨ ਪਿੰਡ ਵਿਚ ਸਨ। ਉਸ ਵਹਿਸ਼ਤ ਭਰੇ ਸਮੇਂ ਵਿਚ ਵੀ ਉਸ ਨੇ ਆਪਣੇ ਦੁੱਖ ਨੂੰ ਫਰਜ਼ 'ਤੇ ਭਾਰੂ ਨਾ ਪੈਣ ਦਿੱਤਾ ਤੇ ਆਪਣੇ ਨਾਨਕਿਆਂ ਦੇ ਪਿੰਡ ਦੀ ਲਾਜ ਰੱਖੀ। ਜਿਹੜੀਆਂ ਗਲੀਆਂ ਵਿਚ ਉਹ ਯਾਰਾਂ ਬੇਲੀਆਂ ਨਾਲ ਖੇਡਦਾ ਰਿਹਾ ਸੀ, ਉਨ੍ਹਾਂ ਨੂੰ ਬਰਬਾਦ ਕਰਨ ਦਾ ਉਸ ਦਾ ਹੀਆ ਨਾ ਪਿਆ। ਉਸ ਨੇ ਪਿੰਡ ਦੇ ਉੱਪਰ ਦੀ 10-15 ਗੋਲੇ ਟੈਂਕਾਂ ਦੇ ਲੰਘਾਏ ਅਤੇ ਰਾਇਫਲਾਂ ਨਾਲ ਹਵਾਈ ਫਾਇਰਿੰਗ ਕਰਵਾਈ। ਉਸ ਨੇ ਆਪਣਾ ਤੇ ਆਪਣੇ ਨਾਨੇ ਰਹਿਮਤ ਅਲੀ ਦਾ ਨਾਮ ਦੱਸ ਕੇ ਸਪੀਕਰ 'ਤੇ ਅਨਾਊਂਸਮੈਂਟ ਕੀਤੀ ਕਿ ਜੇ ਪਿੰਡ 24 ਘੰਟਿਆਂ ਵਿਚ ਖਾਲੀ ਨਾ ਕੀਤਾ ਗਿਆ, ਤਾਂ ਫਿਰ ਮਜਬੂਰੀ ਵੱਸ ਸਿੱਧੀ ਫਾਇਰਿੰਗ ਕਰਨੀ ਪਵੇਗੀ। ਲੋਕਾਂ ਨੇ ਰੱਬ ਅਤੇ ਸ਼ਮੀਮ ਖਾਨ ਰੰਧਾਵੇ ਦਾ ਲੱਖ-ਲੱਖ ਸ਼ੁਕਰ ਮਨਾਇਆ ਤੇ 4-5 ਘੰਟਿਆਂ ਵਿਚ ਹੀ ਪਿੰਡ ਖਾਲੀ ਹੋ ਗਿਆ।

ਉਸ ਵੇਲੇ ਮਾਹੌਲ ਹੀ ਐਨਾ ਮਾੜਾ ਸੀ ਕਿ ਗੁਆਂਢੀਆਂ ਨੇ ਗੁਆਂਢੀ ਮਾਰ ਛੱਡੇ ਸਨ। ਹੌਲੀ-ਹੌਲੀ ਸਮਾਂ ਬੀਤਣ 'ਤੇ ਉਹੀ ਲੋਕ ਸਕੇ ਭਰਾਵਾਂ ਨਾਲੋਂ ਵੱਧ ਪਿਆਰ ਨਾਲ ਮਿਲਣ ਗਿਲਣ ਲੱਗੇ। ਭਸੀਨ ਦੇ ਕਸ਼ਮੀਰੀ ਮੁਸਲਮਾਨ ਸੱਤ ਭਰਾ ਸਨ। ਉਨ੍ਹਾਂ ਦੀ ਮੇਰੇ ਵੱਡੇ ਮਾਮੇ ਸੁੱਖਾ ਸਿੰਘ ਨਾਲ ਲੜਾਈ ਚੱਲਦੀ ਰਹਿੰਦੀ ਸੀ। ਕਈ ਵਾਰ ਆਪਸ ਵਿਚ ਗੋਲੀਉ ਗੋਲੀ ਹੋਏ ਸਨ। ਉਨ੍ਹਾਂ ਨੇ ਖੁੱਲ੍ਹਾ ਐਲਾਨ ਕੀਤਾ ਸੀ ਕਿ ਅਸੀਂ ਸੁੱਖੇ ਨੂੰ ਜਿੰਦਾ ਨਹੀਂ ਜਾਣ ਦੇਣਾ ਪਰ ਉਹ ਕਾਫਲੇ ਨਾਲ ਬਚ ਕੇ ਨਿਕਲ ਗਿਆ। ਜਦੋਂ ਕੁਝ ਸਾਲਾਂ ਬਾਅਦ ਬਾਰਡਰ 'ਤੇ ਸਮਗਲਿੰਗ ਸ਼ੁਰੂ ਹੋਈ, ਤਾਂ ਕੁਝ ਜ਼ਰੂਰਤ ਵੱਸ ਤੇ ਕੁਝ ਪਿੰਡ ਦੇ ਪਿਆਰ ਕਾਰਨ ਉਨ੍ਹਾਂ ਵਿਚ ਭਰਾਵਾਂ ਤੋਂ ਵੀ ਵੱਧ ਪਿਆਰ ਪੈ ਗਿਆ। ਦੋਵਾਂ ਧਿਰਾਂ ਨੇ ਇਸ ਧੰਦੇ ਰੱਜ ਕੇ ਹੱਥ ਰੰਗੇ। ਜੋ 1947 ਵਿਚ ਇੱਕ ਦੂਸਰੇ ਦੇ ਜਾਨੀ ਦੁਸ਼ਮਣ ਸਨ, ਉਹ ਮਰਨ ਤੱਕ ਇੱਕ ਦੂਸਰੇ ਦੇ ਦੁੱਖ-ਸੁੱਖ ਵਿਚ ਸ਼ਾਮਲ ਹੁੰਦੇ ਰਹੇ।

# ਦੁਨੀਆਂ ਦਾ ਸਭ ਤੋਂ ਦਲੇਰ ਇਨਸਾਨ - ਫ਼ੇਲਿਕਸ ਬੌਮਗਾਰਟਨਰ

ਸੰਦੀਪ ਕੁਮਾਰ
ਰੂਪਨਗਰ
70098-07121
ਪੰਜਾਬ ਮੇਲ USA



ਜਦੋਂ ਅਸੀਂ ਹਿੰਮਤ ਅਤੇ ਦਲੇਰੀ ਦੀਆਂ ਕਹਾਣੀਆਂ ਸੁਣਦੇ ਹਾਂ, ਤਾਂ ਕੁਝ ਨਾਮ ਇਤਿਹਾਸ ਦੇ ਪੰਨਿਆਂ ਵਿਚ ਸਦਾ ਲਈ ਅਮਰ ਹੋ ਜਾਂਦੇ ਹਨ। ਅਜਿਹਾ ਹੀ ਇੱਕ ਨਾਮ ਹੈ ਫ਼ੇਲਿਕਸ ਬੌਮਗਾਰਟਨਰ, ਉਹ ਵਿਅਕਤੀ ਜਿਸ ਨੇ ਸਪੇਸ ਦੇ ਕੰਢੇ ਤੋਂ ਧਰਤੀ ਵੱਲ ਛਾਲ ਮਾਰ ਕੇ ਨਾ ਸਿਰਫ਼ ਵਿਸ਼ਵ ਰਿਕਾਰਡ ਬਣਾਏ, ਸਗੋਂ ਮਨੁੱਖੀ ਸੀਮਾਵਾਂ ਦੀ ਪਰਖ ਦਾ ਇੱਕ ਨਵਾਂ ਅਧਿਆਏ ਵੀ ਲਿਖਿਆ। ਮਿਤੀ 14 ਅਕਤੂਬਰ 2012 ਦਾ ਉਹ ਦਿਨ, ਜਦੋਂ ਫ਼ੇਲਿਕਸ ਨੇ ਸਟ੍ਰੈਟੋਸਫੀਅਰ ਤੋਂ ਛਾਲ ਮਾਰੀ, ਸਿਰਫ਼ ਇੱਕ ਐਡਵੈਂਚਰ ਨਹੀਂ ਸੀ, ਸਗੋਂ ਵਿਗਿਆਨ, ਹਿੰਮਤ ਅਤੇ ਮਨੁੱਖੀ ਇੱਛਾ-ਸ਼ਕਤੀ ਦਾ ਅਨੋਖਾ ਸੰਗਮ ਸੀ। ਇਹ ਕਹਾਣੀ ਹੈ ਇੱਕ ਅਜਿਹੇ ਇਨਸਾਨ ਦੀ, ਜਿਸ ਨੇ ਅਸੰਭਵ ਨੂੰ ਸੰਭਵ ਬਣਾ ਕੇ ਦੁਨੀਆਂ ਨੂੰ ਹੈਰਾਨ ਕਰ ਦਿੱਤਾ।

ਫ਼ੇਲਿਕਸ ਬੌਮਗਾਰਟਨਰ ਦਾ ਜਨਮ 20 ਅਪ੍ਰੈਲ, 1969 ਨੂੰ ਆਸਟਰੀਆ ਦੇ ਸਾਲਜ਼ਬਰਗ ਸ਼ਹਿਰ ਵਿਚ ਹੋਇਆ। ਉਸ ਦਾ ਬਚਪਨ ਕਿਸੇ ਸਾਧਾਰਨ ਬੱਚੇ ਵਾਂਗ ਹੀ ਸੀ, ਪਰ ਉਸ ਦੇ ਸੁਪਨੇ ਸਾਧਾਰਨ ਨਹੀਂ ਸਨ। ਜਦੋਂ ਹੋਰ ਬੱਚੇ ਖਿਡੌਣਿਆਂ ਜਾਂ ਖੇਡਾਂ ਵਿਚ ਮਸਤ ਹੁੰਦੇ ਸਨ, ਫ਼ੇਲਿਕਸ ਦੀਆਂ ਅੱਖਾਂ ਅਕਸਰ ਆਕਾਸ਼ ਵੱਲ ਉੱਠਦੀਆਂ ਸਨ। ਉੱਡਦੇ ਜਹਾਜ਼, ਪੈਰਾਸ਼ੂਟ ਨਾਲ ਉਤਰਦੇ ਜੰਪਰ ਅਤੇ ਅਸਮਾਨ ਦੀਆਂ ਬੁਲੰਦੀਆਂ ਉਸ ਨੂੰ ਕਿਸੇ ਜਾਦੂ ਵਾਂਗ ਖਿੱਚਦੀਆਂ ਸਨ। ਉਸ ਦੇ ਦਿਲ ਵਿਚ ਇੱਕ ਸੁਪਨਾ ਪਲ ਰਿਹਾ ਸੀ - ਉਹ ਸੁਪਨਾ ਜੋ ਆਮ ਲੋਕ ਸੋਚਣ ਤੋਂ ਵੀ ਡਰਦੇ ਹਨ। ਫ਼ੇਲਿਕਸ ਨੂੰ ਉੱਚਾਈਆਂ ਨਾਲ ਪਿਆਰ ਸੀ ਅਤੇ ਉਸ ਨੇ ਇਹ ਪਿਆਰ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਲਿਆ। ਬਚਪਨ ਦੇ ਲਏ ਹੋਏ ਸੁਪਨੇ ਅਤੇ ਸੋਚਾਂ, ਉਸ ਨੂੰ ਉਸ ਰਾਹ ਵੱਲ ਲੈ ਗਈਆਂ, ਜਿੱਥੇ ਉਸ ਨੇ ਨਾ ਸਿਰਫ਼ ਆਪਣੇ ਸੁਪਨਿਆਂ ਨੂੰ ਸੱਚ ਕਰਨ ਦੀ ਤਿਆਰੀ ਸ਼ੁਰੂ ਕੀਤੀ, ਸਗੋਂ ਮਨੁੱਖੀ ਸਮਰੱਥਾ ਦੀਆਂ ਸੀਮਾਵਾਂ ਨੂੰ ਵੀ ਚੁਣੌਤੀ ਦਿੱਤੀ। ਉਸ ਦੀ ਇਹ ਖਿੱਚ ਅਤੇ ਜਨੂੰਨ ਉਸ ਨੂੰ ਉਸ ਮੰਜ਼ਿਲ ਵੱਲ ਲੈ ਗਿਆ, ਜਿੱਥੇ ਉਸ ਨੇ ਇਤਿਹਾਸ ਰਚਿਆ।

ਫ਼ੇਲਿਕਸ ਦੀ ਜਵਾਨੀ ਵਿਚ ਉਸ ਨੇ ਆਸਟਰੀਆ ਦੀ ਫ਼ੌਜ ਵਿਚ ਸੇਵਾ ਕੀਤੀ, ਜਿੱਥੇ ਉਸ ਨੂੰ ਪੈਰਾਸ਼ੂਟ ਜੰਪਿੰਗ ਅਤੇ ਸਕਾਈਡਾਈਵਿੰਗ ਦੀ ਸਿਖਲਾਈ ਮਿਲੀ। ਇਹ ਸਿਖਲਾਈ ਉਸ ਦੇ ਜੀਵਨ ਦਾ ਇੱਕ ਮਹੱਤਵਪੂਰਨ ਮੋੜ ਸੀ। ਫ਼ੌਜ ਵਿਚ ਉਸ ਨੇ ਨਾ ਸਿਰਫ਼ ਸਕਾਈਡਾਈਵਿੰਗ ਦੀਆਂ ਬਰੀਕੀਆਂ ਸਿੱਖੀਆਂ, ਸਗੋਂ ਅਨੁਸ਼ਾਸਨ ਅਤੇ ਜ਼ੋਖਮ ਝੱਲਣ ਦੀ ਸਮਰੱਥਾ ਵੀ ਵਿਕਸਿਤ ਕੀਤੀ। ਫ਼ੌਜ ਤੋਂ ਬਾਅਦ, ਫ਼ੇਲਿਕਸ ਨੇ ਬੇਸ ਜੰਪਿੰਗ ਦੀ ਦੁਨੀਆਂ ਵਿਚ ਕਦਮ ਰੱਖਿਆ। ਬੇਸ ਜੰਪਿੰਗ, ਜੋ ਕਿ ਬਿਲਡਿੰਗ, ਐਂਟੇਨਾ, ਸਪੈਨ (ਪੁਲ) ਅਤੇ ਅਰਥ (ਪਹਾੜ ਜਾਂ ਚੱਟਾਨਾਂ) ਤੋਂ ਛਾਲ ਮਾਰਨ ਦੀ ਇੱਕ ਖਤਰਨਾਕ ਖੇਡ ਹੈ, ਫ਼ੇਲਿਕਸ ਦੀ ਹਿੰਮਤ ਅਤੇ ਮੁਹਾਰਤ ਦੀ ਅਸਲ ਪਰਖ ਸੀ। ਉਸ ਨੇ ਸੰਸਾਰ ਭਰ ਵਿਚ ਉੱਚੀਆਂ ਇਮਾਰਤਾਂ, ਪੁਲਾਂ ਅਤੇ ਪਹਾੜਾਂ ਤੋਂ ਛਾਲਾਂ ਮਾਰੀਆਂ। ਉਸ ਦੀਆਂ ਇਨ੍ਹਾਂ ਛਾਲਾਂ ਨੇ ਉਸ ਨੂੰ ਸੰਸਾਰ ਭਰ ਵਿਚ ਮਸ਼ਹੂਰੀ ਦਿਵਾਈ, ਪਰ ਉਸ ਦਾ ਸੁਪਨਾ ਇਸ ਤੋਂ ਕਿਤੇ ਵੱਡਾ ਸੀ। ਉਹ ਸਪੇਸ ਦੇ ਕੰਢੇ ਤੋਂ ਧਰਤੀ ਵੱਲ ਛਾਲ ਮਾਰਨਾ ਚਾਹੁੰਦਾ ਸੀ, ਇੱਕ ਅਜਿਹਾ ਕਾਰਨਾਮਾ ਜੋ ਨਾ ਸਿਰਫ਼ ਖਤਰਨਾਕ ਸੀ, ਸਗੋਂ ਅਸੰਭਵ ਜਾਪਦਾ ਸੀ। ਇਸ ਸੁਪਨੇ ਨੂੰ ਸੱਚ ਕਰਨ ਲਈ ਉਸ ਨੂੰ ਸਾਲਾਂ ਦੀ ਤਿਆਰੀ, ਵਿਗਿਆਨਕ ਸਹਾਇਤਾ ਅਤੇ ਅਟੁੱਟ ਹਿੰਮਤ ਦੀ ਲੋੜ ਸੀ।

"ਰੈੱਡ ਬੁੱਲ ਸਟ੍ਰੈਟੋਸ ਪ੍ਰੋਜੈਕਟ" ਫ਼ੇਲਿਕਸ ਦੇ ਇਸ ਅਸੰਭਵ ਸੁਪਨੇ ਨੂੰ ਹਕੀਕਤ ਵਿਚ ਬਦਲਣ ਦਾ ਜ਼ਰੀਆ ਬਣਿਆ। ਇਹ ਪ੍ਰੋਜੈਕਟ ਸਿਰਫ਼ ਇੱਕ ਐਡਵੈਂਚਰ ਨਹੀਂ ਸੀ, ਸਗੋਂ ਵਿਗਿਆਨ ਅਤੇ ਖੇਡਾਂ ਦਾ ਇੱਕ ਅਨੋਖਾ ਮਿਲਾਪ ਸੀ। ਇਸ ਦਾ ਮੁੱਖ ਮਕਸਦ ਸੀ ਮਨੁੱਖੀ ਸਰੀਰ ਦੀਆਂ ਸੀਮਾਵਾਂ ਦੀ ਪਰਖ ਕਰਨਾ, ਉੱਚਾਈਆਂ ਤੋਂ ਛਾਲ ਮਾਰਨ ਨਾਲ ਜੁੜੀਆਂ ਸੁਰੱਖਿਆ ਤਕਨੀਕਾਂ ਦਾ ਵਿਕਾਸ ਕਰਨਾ ਅਤੇ ਨਵੇਂ ਪੈਰਾਸ਼ੂਟ ਸਿਸਟਮ ਤੇ ਪ੍ਰੈਸ਼ਰ ਸੂਟ ਦੀ ਜਾਂਚ ਕਰਨਾ। ਇਸ ਪ੍ਰੋਜੈਕਟ ਦੀ ਤਿਆਰੀ ਵਿਚ ਲਗਭਗ ਪੰਜ ਸਾਲ ਲੱਗੇ। ਇੰਜੀਨੀਅਰਾਂ, ਡਾਕਟਰਾਂ, ਅੰਤਰਿਕਸ਼ ਵਿਗਿਆਨੀਆਂ ਅਤੇ ਹੋਰ ਮਾਹਰਾਂ ਦੀ ਇੱਕ ਵੱਡੀ ਟੀਮ ਨੇ ਫ਼ੇਲਿਕਸ ਦੇ ਸੁਪਨੇ ਨੂੰ ਸੰਭਵ ਬਣਾਉਣ ਲਈ ਦਿਨ-ਰਾਤ ਮਿਹਨਤ ਕੀਤੀ। ਇਸ ਦੌਰਾਨ ਇੱਕ ਖ਼ਾਸ ਪ੍ਰੈਸ਼ਰ ਸੂਟ ਤਿਆਰ ਕੀਤਾ ਗਿਆ, ਜੋ ਫ਼ੇਲਿਕਸ ਨੂੰ ਸਟ੍ਰੈਟੋਸਫੀਅਰ ਦੇ ਅਤਿ-ਨੀਚੇ ਦਬਾਅ ਅਤੇ ਠੰਢ ਵਿਚ ਜਿਉਂਦਾ ਰੱਖ ਸਕੇ। ਨਾਲ ਹੀ, ਇੱਕ ਵਿਸ਼ਾਲ ਹੀਲਿਅਮ ਗੁਬਾਰਾ ਤਿਆਰ ਕੀਤਾ ਗਿਆ, ਜੋ ਫ਼ੇਲਿਕਸ ਨੂੰ 39 ਕਿਲੋਮੀਟਰ ਦੀ ਉਚਾਈ ਤੱਕ ਲੈ ਜਾ ਸਕੇ। ਇਹ ਸਾਰੀ ਤਿਆਰੀ ਸਿਰਫ਼ ਇੱਕ ਛਾਲ ਲਈ ਨਹੀਂ ਸੀ, ਸਗੋਂ ਇੱਕ ਅਜਿਹੇ ਕਾਰਨਾਮੇ ਲਈ ਸੀ, ਜੋ ਮਨੁੱਖੀ ਇਤਿਹਾਸ ਨੂੰ ਨਵਾਂ ਮੋੜ ਦੇਵੇ।

14 ਅਕਤੂਬਰ 2012 ਦੀ ਸਵੇਰ, ਅਮਰੀਕਾ ਦੇ ਨਿਊ ਮੈਕਸੀਕੋ ਰਾਜ ਦੇ ਰੇਗਿਸਤਾਨ ਵਿਚ, ਸਾਰੀ ਦੁਨੀਆਂ ਦੀਆਂ ਅੱਖਾਂ ਫ਼ੇਲਿਕਸ ਬੌਮਗਾਰਟਨਰ 'ਤੇ ਟਿਕੀਆਂ ਹੋਈਆਂ ਸਨ। ਉਹ ਇੱਕ ਹੀਲਿਅਮ ਗੁਬਾਰੇ ਨਾਲ ਜੁੜੇ ਕੈਪਸੂਲ ਵਿਚ ਸਵਾਰ ਹੋ ਕੇ ਆਕਾਸ਼ ਵੱਲ ਉਡਾਣ ਭਰਨ ਲਈ ਤਿਆਰ ਸੀ। ਇਹ ਚੜ੍ਹਾਈ ਲਗਭਗ ਦੋ ਘੰਟੇ 40 ਮਿੰਟ ਚੱਲੀ, ਅਤੇ ਫ਼ੇਲਿਕਸ 39,045 ਮੀਟਰ (ਲਗਭਗ 39 ਕਿਲੋਮੀਟਰ) ਦੀ ਉਚਾਈ ਤੱਕ ਪਹੁੰਚ ਗਿਆ। ਇਹ ਉਚਾਈ ਸਟ੍ਰੈਟੋਸਫੀਅਰ ਦੇ ਅੰਦਰ ਸੀ, ਜਿੱਥੇ ਧਰਤੀ ਇੱਕ ਨੀਲੀ ਗੋਲੀ ਵਾਂਗ ਦਿਖਾਈ ਦਿੰਦੀ ਹੈ ਅਤੇ ਅਸਮਾਨ ਕਾਲਾ ਹੁੰਦਾ ਹੈ। ਉਸ ਸਮੇਂ ਬਾਹਰ ਦਾ ਤਾਪਮਾਨ -57 ਡਿਗਰੀ ਸੈਲਸੀਅਸ ਦੇ ਨੇੜੇ ਸੀ, ਅਤੇ ਹਵਾ ਦਾ ਦਬਾਅ ਲਗਭਗ ਜ਼ੀਰੋ ਸੀ। ਅਜਿਹੇ ਮਾਹੌਲ ਵਿਚ ਜੀਉਣਾ ਆਮ ਇਨਸਾਨ ਲਈ ਅਸੰਭਵ ਸੀ, ਪਰ ਫ਼ੇਲਿਕਸ ਦਾ ਪ੍ਰੈਸ਼ਰ ਸੂਟ ਅਤੇ ਉਸ ਦੀ ਅਟੁੱਟ ਹਿੰਮਤ ਨੇ ਉਸ ਨੂੰ ਇਸ ਚੁਣੌਤੀ ਲਈ ਤਿਆਰ ਕੀਤਾ ਸੀ। ਕੈਪਸੂਲ ਦੇ ਦਰਵਾਜ਼ੇ 'ਤੇ ਖੜ੍ਹੇ ਹੋ ਕੇ, ਫ਼ੇਲਿਕਸ ਨੇ ਧਰਤੀ ਵੱਲ ਵੇਖਿਆ। ਉਸ ਦੇ ਸਾਹਮਣੇ ਸੀ ਸਪੇਸ ਦੀ ਸੀਮਾ ਅਤੇ ਹੇਠਾਂ ਧਰਤੀ ਦੀ ਅਥਾਹ ਡੂੰਘਾਈ। ਉਸ ਨੇ ਇੱਕ ਪਲ ਲਈ ਰੁੱਕ ਕੇ ਕਿਹਾ, "ਕਈ ਵਾਰ ਤੁਹਾਨੂੰ ਬਹੁਤ ਉੱਚਾ ਜਾਣਾ ਪੈਂਦਾ ਹੈ, ਤਾਂ ਕਿ ਤੁਸੀਂ ਜਾਣ ਸਕੋ ਕਿ ਤੁਸੀਂ ਕਿੰਨੇ ਛੋਟੇ ਹੋ।" ਇਹ ਸ਼ਬਦ ਸਿਰਫ਼ ਇੱਕ ਵਾਕ ਨਹੀਂ ਸਨ, ਸਗੋਂ ਉਸ ਦੀ ਜ਼ਿੰਦਗੀ ਦੇ ਉੱਚੇ ਆਦਰਸ਼ਾਂ ਦਾ ਪ੍ਰਤੀਕ ਸਨ।

ਫਿਰ ਆਇਆ ਉਹ ਪਲ ਜਿਸ ਦੀ ਦੁਨੀਆਂ ਉਡੀਕ ਕਰ ਰਹੀ ਸੀ। ਫ਼ੇਲਿਕਸ ਨੇ ਆਪਣੇ ਆਪ ਨੂੰ ਸਟ੍ਰੈਟੋਸਫੀਅਰ ਦੀ ਅਥਾਹ ਖਾਈ ਵਿਚ ਛੱਡ ਦਿੱਤਾ। ਜਿਵੇਂ ਹੀ ਉਸ ਨੇ ਛਾਲ ਮਾਰੀ, ਉਹ ਤੇਜ਼ੀ ਨਾਲ ਧਰਤੀ ਵੱਲ ਡਿੱਗਣ ਲੱਗਾ। ਕੁਝ ਹੀ ਸਕਿੰਟਾਂ ਵਿਚ, ਉਸ ਨੇ ਧੁਨੀ ਦੀ ਗਤੀ (1236 ਕਿਲੋਮੀਟਰ ਪ੍ਰਤੀ ਘੰਟਾ) ਨੂੰ ਪਾਰ ਕਰ ਲਿਆ। ਉਸ ਦੀ ਵੱਧ ਤੋਂ ਵੱਧ ਗਤੀ 1,357.6 ਕਿਲੋਮੀਟਰ ਪ੍ਰਤੀ ਘੰਟਾ (843.6 ਮੀਲ ਪ੍ਰਤੀ ਘੰਟਾ) ਸੀ, ਜੋ ਮਨੁੱਖੀ ਇਤਿਹਾਸ ਵਿਚ ਪਹਿਲੀ ਵਾਰ ਸੀ, ਜਦੋਂ ਕਿਸੇ ਨੇ ਬਿਨਾਂ ਜਹਾਜ਼ ਜਾਂ ਰਾਕਟ ਦੀ ਮਦਦ ਦੇ ਧੁਨੀ ਦੀ ਗਤੀ ਤੋੜੀ। ਉਸ ਦੀ ਇਹ ਛਲਾਂਗ ਲਗਭਗ 4 ਮਿੰਟ 20 ਸਕਿੰਟ ਚੱਲੀ। ਇਸ ਦੌਰਾਨ, ਉਸ ਨੂੰ ਕਈ ਖਤਰਿਆਂ ਦਾ ਸਾਹਮਣਾ ਕਰਨਾ ਪਿਆ, ਜਿਵੇਂ ਕਿ ਤੇਜ਼ ਘੁੰਮਣ (ਸਪਿਨ) ਕਾਰਨ ਬੇਹੋਸ਼ੀ ਦਾ ਖਤਰਾ। ਪਰ ਫ਼ੇਲਿਕਸ ਦੀ ਸਿਖਲਾਈ ਅਤੇ ਮਾਨਸਿਕ ਮਜ਼ਬੂਤੀ ਨੇ ਉਸ ਨੂੰ ਸਥਿਰ ਰੱਖਿਆ। ਅੰਤ ਵਿਚ, ਉਸ ਨੇ ਸਹੀ ਸਮੇਂ 'ਤੇ ਪੈਰਾਸ਼ੂਟ ਖੋਲ੍ਹਿਆ ਅਤੇ ਨਿਊ ਮੈਕਸੀਕੋ ਦੇ ਰੇਗਿਸਤਾਨ ਵਿਚ ਸੁਰੱਖਿਅਤ ਉਤਰਿਆ। ਜਦੋਂ ਉਸ ਦੇ ਪੈਰ ਧਰਤੀ ਨੂੰ ਛੂਹੇ, ਸਾਰੀ ਦੁਨੀਆਂ ਨੇ ਰਾਹਤ ਦਾ ਸਾਹ ਲਿਆ ਅਤੇ ਉਸ ਦੀ ਹਿੰਮਤ ਨੂੰ ਸਲਾਮ ਕੀਤਾ।

ਫ਼ੇਲਿਕਸ ਦੀ ਇਸ ਛਾਲ ਨੇ ਤਿੰਨ ਮੁੱਖ ਵਿਸ਼ਵ ਰਿਕਾਰਡ ਬਣਾਏ। ਪਹਿਲਾ, ਸਭ ਤੋਂ ਉੱਚੀ ਉਚਾਈ ਤੋਂ ਛਾਲ, ਜੋ 39,045 ਮੀਟਰ ਸੀ। ਦੂਜਾ, ਬਿਨਾਂ ਜਹਾਜ਼ ਜਾਂ ਰਾਕਟ ਦੀ ਮਦਦ ਦੇ ਧੁਨੀ ਦੀ ਗਤੀ ਤੋੜਨ ਵਾਲਾ ਪਹਿਲਾ ਮਨੁੱਖ ਅਤੇ ਤੀਜਾ, ਹੀਲਿਅਮ ਗੁਬਾਰੇ ਨਾਲ ਸਭ ਤੋਂ ਉੱਚੀ ਉਚਾਈ ਤੱਕ ਯਾਤਰਾ। ਇਹ ਰਿਕਾਰਡ ਸਿਰਫ਼ ਨੰਬਰ ਨਹੀਂ ਸਨ, ਸਗੋਂ ਮਨੁੱਖੀ ਹਿੰਮਤ, ਵਿਗਿਆਨ ਅਤੇ ਤਕਨੀਕ ਦੀ ਜਿੱਤ ਦੇ ਪ੍ਰਤੀਕ ਸਨ। ਇਸ ਛਾਲ ਦੌਰਾਨ ਫ਼ੇਲਿਕਸ ਨੂੰ ਕਈ ਜਾਨਲੇਵਾ ਖਤਰਿਆਂ ਦਾ ਸਾਹਮਣਾ ਕਰਨਾ ਪਿਆ। ਸਟ੍ਰੈਟੋਸਫੀਅਰ ਦੇ ਨੀਚੇ ਦਬਾਅ ਵਿਚ, ਜੇਕਰ ਪ੍ਰੈਸ਼ਰ ਸੂਟ ਵਿਚ ਜ਼ਰਾ ਜਿਹਾ ਵੀ ਰਿਸਾਵ ਹੁੰਦਾ, ਤਾਂ ਫ਼ੇਲਿਕਸ ਦੀ ਮੌਤ ਸਕਿੰਟਾਂ ਵਿਚ ਹੋ ਸਕਦੀ ਸੀ। ਤੇਜ਼ ਗਤੀ ਨਾਲ ਘੁੰਮਣ (ਸਪਿਨ) ਕਾਰਨ ਉਸ ਦੇ ਦਿਮਾਗ ਨੂੰ ਨੁਕਸਾਨ ਜਾਂ ਬੇਹੋਸ਼ੀ ਦਾ ਖਤਰਾ ਸੀ। ਇਸ ਦੇ ਨਾਲ ਹੀ -57 ਡਿਗਰੀ ਸੈਲਸੀਅਸ ਦੇ ਤਾਪਮਾਨ ਵਿਚ ਸਰੀਰ ਦੇ ਜਮ ਜਾਣ ਦੀ ਸੰਭਾਵਨਾ ਵੀ ਸੀ। ਪਰ ਫ਼ੇਲਿਕਸ ਅਤੇ ਉਸ ਦੀ ਟੀਮ ਨੇ ਹਰ ਸੰਭਵ ਖਤਰੇ ਲਈ ਤਿਆਰੀ ਕੀਤੀ ਸੀ। ਸਾਲਾਂ ਦੀ ਸਿਖਲਾਈ, ਵਿਗਿਆਨਕ ਖੋਜ ਅਤੇ ਅਤਿ-ਆਧੁਨਿਕ ਤਕਨੀਕ ਨੇ ਇਸ ਅਸੰਭਵ ਮਿਸ਼ਨ ਨੂੰ ਸੰਭਵ ਬਣਾਇਆ।

ਫ਼ੇਲਿਕਸ ਬੌਮਗਾਰਟਨਰ ਦੀ ਇਹ ਛਾਲ ਸਿਰਫ਼ ਇੱਕ ਐਡਵੈਂਚਰ ਨਹੀਂ ਸੀ, ਸਗੋਂ ਵਿਗਿਆਨ ਅਤੇ ਅੰਤਰਿਕਸ਼ ਖੋਜ ਲਈ ਇੱਕ ਵੱਡਾ ਯੋਗਦਾਨ ਸੀ। ਇਸ ਮਿਸ਼ਨ ਨੇ ਭਵਿੱਖ ਦੇ ਅੰਤਰਿਕਸ਼ ਯਾਤਰੀਆਂ ਲਈ ਸੁਰੱਖਿਆ ਤਕਨੀਕਾਂ ਦੇ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਨਵੇਂ ਪ੍ਰੈਸ਼ਰ ਸੂਟ, ਪੈਰਾਸ਼ੂਟ ਸਿਸਟਮ ਅਤੇ ਹੀਲਿਅਮ ਗੁਬਾਰੇ ਦੀ ਤਕਨੀਕ ਨੇ ਅੰਤਰਿਕਸ਼ ਯਾਤਰਾ ਦੇ ਨਵੇਂ ਦਰਵਾਜ਼ੇ ਖੋਲ੍ਹੇ। ਇਸ ਤੋਂ ਇਲਾਵਾ, ਫ਼ੇਲਿਕਸ ਦੀ ਇਸ ਕਾਰਗੁਜ਼ਾਰੀ ਨੇ ਦੁਨੀਆਂ ਭਰ ਦੇ ਲੋਕਾਂ ਨੂੰ ਪ੍ਰੇਰਿਤ ਕੀਤਾ। ਉਸ ਨੇ ਸਾਬਤ ਕਰ ਦਿੱਤਾ ਕਿ ਜੇਕਰ ਦਿਲ ਵਿਚ ਜਨੂੰਨ ਹੋਵੇ, ਮਨ ਵਿਚ ਦ੍ਰਿੜ੍ਹਤਾ ਹੋਵੇ ਅਤੇ ਸਹੀ ਤਿਆਰੀ ਹੋਵੇ, ਤਾਂ ਕੋਈ ਵੀ ਸੁਪਨਾ ਅਸੰਭਵ ਨਹੀਂ ਹੈ। ਉਸ ਦੀ ਇਹ ਛਾਲ ਸਿਰਫ਼ ਇੱਕ ਵਿਅਕਤੀ ਦੀ ਜਿੱਤ ਨਹੀਂ ਸੀ, ਸਗੋਂ ਮਨੁੱਖੀ ਇੱਛਾ-ਸ਼ਕਤੀ ਅਤੇ ਵਿਗਿਆਨ ਦੀ ਸਾਂਝੀ ਜਿੱਤ ਸੀ। ਫ਼ੇਲਿਕਸ ਬੌਮਗਾਰਟਨਰ ਦੀ ਸਪੇਸ ਤੋਂ ਧਰਤੀ ਵੱਲ ਛਾਲ ਇੱਕ ਅਜਿਹਾ ਕਾਰਨਾਮਾ ਹੈ, ਜੋ ਸਦੀਆਂ ਤੱਕ ਯਾਦ ਰਹੇਗਾ। ਉਸ ਨੇ ਨਾ ਸਿਰਫ਼ ਆਪਣੇ ਸੁਪਨਿਆਂ ਨੂੰ ਪੂਰਾ ਕੀਤਾ, ਸਗੋਂ ਦੁਨੀਆਂ ਨੂੰ ਇੱਕ ਨਵੀਂ ਪ੍ਰੇਰਣਾ ਦਿੱਤੀ। ਉਸ ਦੀ ਹਿੰਮਤ, ਦ੍ਰਿੜ੍ਹਤਾ ਅਤੇ ਅਸੰਭਵ ਨੂੰ ਸੰਭਵ ਬਣਾਉਣ ਦੀ ਲਗਨ ਨੇ ਉਸ ਨੂੰ "ਦੁਨੀਆਂ ਦਾ ਸਭ ਤੋਂ ਦਲੇਰ ਇਨਸਾਨ" ਦਾ ਖਿਤਾਬ ਦਿਵਾਇਆ। ਫ਼ੇਲਿਕਸ ਦੀ ਕਹਾਣੀ ਸਾਨੂੰ ਸਿਖਾਉਂਦੀ ਹੈ ਕਿ ਸੁਪਨੇ ਜੋ ਅਸੰਭਵ ਜਾਪਦੇ ਹਨ, ਉਹ ਵੀ ਸੱਚ ਹੋ ਸਕਦੇ ਹਨ, ਜੇਕਰ ਅਸੀਂ ਉਨ੍ਹਾਂ ਨੂੰ ਪੂਰਾ ਕਰਨ ਦੀ ਹਿੰਮਤ ਰੱਖੀਏ।

# ਲੰਬੜਦਾਰਾ ਲੈਣਾ ਈ ਮੈਂ ਲਾਲ ਘੱਗਰਾ

ਬਲਵਿੰਦਰ ਬਾਲਮ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ: 98156-25409
ਪੰਜਾਬ ਮੇਲ USA





ਪੰਜਾਬੀ ਪਹਿਰਾਵਾ ਸੱਭਿਆਚਾਰ ਵਿਚ ਨਾਰੀ ਸ਼ਖ਼ਸੀਅਤ ਦੀ ਸੁੰਦਰ ਦਿਖ ਦੀ ਨਿਸ਼ਾਨਦੇਹੀ ਕਰਦਾ ਹੈ ਘੱਗਰਾ। ਦੁਨੀਆਂ ਵਿਚ ਸਭ ਤੋਂ ਜ਼ਿਆਦਾ ਰੋਅਬਦਾਰ, ਇੱਜ਼ਤਦਾਰ, ਸ਼ਰਮ-ਹਯਾ ਵਿਚ ਸਾਕਾਰ, ਪਵਿੱਤਰ ਅਤੇ ਸਾਧਾਰਣ ਆਕਰਸ਼ਕ ਦਿੱਖ ਦਾ ਪਹਿਰਾਵਾ ਹੈ ਪੰਜਾਬ ਦਾ। ਪੰਜਾਬੀ ਪਹਿਰਾਵਿਆਂ 'ਚੋਂ ਸਾਧਾਰਣ, ਸ਼ਲੀਲ ਅਤੇ ਸੰਵੇਦਨਸ਼ੀਲ ਭੌਤਿਕ, ਦੈਹਿਕ ਸੁੱਖ ਵਾਲਾ ਪਹਿਰਾਵਾ ਆਉਂਦਾ ਹੈ ਘੱਗਰਾ।

ਛੋਟੀਆਂ ਬੱਚੀਆਂ, ਅਲ੍ਹੜ ਉਮਰ (ਕਿਸ਼ੋਰ ਅਵਸਥਾ) ਅਤੇ ਪ੍ਰੌਢ ਅਵਸਥਾ ਤੱਕ ਘੱਗਰਾ ਪੰਜਾਬੀ ਪਹਿਰਾਵੇ ਦੀ ਪ੍ਰਤੀਨਿਧਤਾ ਕਰਦਾ ਹੈ। ਵੈਸੇ ਤਾਂ ਘੱਗਰਾ ਖ਼ੂਬਸੂਰਤ ਸਮਾਗਮਾਂ, ਵਿਆਹ-ਸ਼ਾਦੀਆਂ ਅਤੇ ਜਵਾਨੀ ਦਾ ਬੇਹਤਰੀਨ ਆਕਸਕ ਮਨਮੋਹਨਾ ਤੇਜਸਵੀ ਪ੍ਰਤੀ ਹੈ। ਘੱਗਰੇ ਦੀ ਸੁੰਦਰਤਾ ਉਪਰ ਸਾਹਿਤ ਦੀ ਹਰ ਵਿਧਾ ਵਿਚ ਲਿਖਿਆ ਗਿਆ ਹੈ। ਉਪਮਾਵਾਂ, ਅਲੰਕਾਰਾਂ, ਤਸਬੀਰਾਂ, ਪ੍ਰਤੀਕਾਂ-ਬਿੰਬਾ ਨਾਲ ਘੱਗਰੇ ਦੀ ਵਡਿਆਈ ਅਤੇ ਖ਼ੂਬਸੂਰਤੀ ਨੂੰ ਸ਼ਿੰਗਾਰ-ਰਸ ਵਿਚ ਓਤ-ਪ੍ਰੋਤ ਕਰਦਿਆਂ ਪ੍ਰਸਿੱਧੀ ਅਤੇ ਬੁਲੰਦੀ ਤੱਕ ਪਹੁੰਚਾ ਦਿੱਤਾ ਹੈ। ਘੱਗਰੇ ਦੀ ਘੁਮਾਉਦਾਰ ਬਣਤਰ ਅਤੇ ਰੌਮਾਂਟਿਕ-ਰੋਮਾਂਚਿਤ ਦਿੱਖ ਕਰਕੇ ਇਸ ਦੀਆਂ ਧੁੰਮਾਂ ਅਤੇ ਪ੍ਰਸਿੱਧੀ ਵਿਦੇਸ਼ਾਂ ਤੱਕ ਜਾ ਪਹੁੰਚੀ ਹੈ। ਖ਼ਾਸ ਕਰਕੇ ਫਿਲਮਾਂ ਦੇ ਸ਼ਾਨਦਾਰ ਸਮਾਗਮਾਂ, ਕੱਵਾਲੀਆਂ, ਵਿਆਹ-ਸ਼ਾਦੀਆਂ ਆਦਿ ਵਿਚ ਇਸ ਦੀ ਦਿਲਕਸ਼ ਪੇਸ਼ਗੋਈ ਨੇ ਘੱਗਰੇ ਨੂੰ ਵਿਦੇਸ਼ਾਂ ਤੱਕ ਪਹੁੰਚਾ ਦਿੱਤਾ ਅਤੇ ਵਿਦੇਸ਼ੀ ਲੋਕਾਂ ਨੇ ਇਸ ਨੂੰ ਆਦਰ-ਸਤਿਕਾਰ ਸਹਿਤ ਆਪਣੇ ਸੱਭਿਆਚਾਰ ਵਿਚ ਸ਼ਾਮਲ ਕਰ ਲਿਆ। ਭਾਰਤ (ਪੰਜਾਬ) ਵਿਚ ਵੀ ਨਹੀਂ, ਘੱਗਰੇ ਨੂੰ ਤਰ੍ਹਾਂ-ਤਰ੍ਹਾਂ ਨਾਲ ਡਿਜ਼ਾਇਨ (ਸ਼ਿਲਪ) ਕਰਕੇ ਕੀਮਤੀ ਕੱਪੜੇ ਵਿਚ ਤਿਆਰ ਕੀਤਾ ਜਾਂਦਾ ਹੈ। ਇਹ ਭਾਰਤੀਏ ਵਿਹਾਰਕ ਪ੍ਰੰਪਰਾਗਤ ਪਹਿਰਾਵਾ ਵਿਸ਼ਵ ਵਿਚ ਮਸ਼ਹੂਰ ਹੋ ਚੁੱਕਾ ਹੈ। ਅੱਜਕੱਲ੍ਹ ਵਿਦੇਸ਼ਾਂ ਵਿਚ ਵੀ ਵਿਆਹ ਸ਼ਾਦੀਆਂ ਅਤੇ ਮਹੱਤਵਪੂਰਨ ਸਮਾਗਮਾਂ 'ਚ ਘੱਗਰਾ (ਲਹਿੰਗਾ) ਅਧਿਕਾਧਿਕ ਪਸੰਦ ਕੀਤਾ ਜਾਂਦਾ ਹੈ,

ਘੱਗਰੇ ਦੀ ਗੋਲਾਕਾਰ ਘੁਮਾਊ ਬਣਾਵਟ ਕਸਾਵਟ, ਅਕਾਵਟ, ਨਜ਼ਾਕਤ, ਤੇਜਸਵੀ ਸੰਵੇਦਨਸ਼ੀਲਤਾ, ਦਿਲ ਖੋਊ ਦਿੱਖ, ਗਰਿੱਮਾ, ਪ੍ਰਭਾਵ, ਲਪਕ, ਕਲਕ, ਨੂਤਨ ਰਚਨਾਤਮਕ ਸ਼ੈਲੀ ਅਤੇ ਦਿਲ ਟੁੰਬਵਾਂ ਯਥਾਰਥ, ਭਾਰਤੀਏ (ਪੰਜਾਬ) ਸੰਸਕ੍ਰਿਤੀ ਦਾ ਮੁੱਲਾਂਕਣ ਕਰਦੇ ਹੋਏ ਨਾਰੀ ਦੀ ਕੋਸ਼ਲਾਂਗਤਾ ਨੂੰ ਸਹਿਚਰੀ ਅਤੇ ਅਨੁਚਰੀ ਬਣਾ ਦਿੰਦਾ ਹੈ, ਖ਼ੂਬਸੂਰਤ ਚਿਹਰੇ ਦੀ ਦਿੱਖ, ਲੰਬੀ ਗੁੱਤ, ਰੰਗਦਾਰ ਫੁੰਮਣਾਂ ਵਾਲਾ ਗੁੰਦਿਆ ਪਰਾਂਦਾ ਅਤੇ ਕਢਾਈਦਾਰ, ਕਸੀਦਾਕਾਰੀ ਵਾਲੀ ਸੰਕੇਤਿਕ ਪ੍ਰਭਾਵੀ ਰੁਮਾਂਟਿਕਦਾਰ, ਮਰਮ ਸਪਰਸ਼ੀ ਕੁੜਤੀ, ਪੂਛਲਦਾਰ ਡੋਰੇ ਦੀ ਖਿੱਚ ਵਾਲਾ ਕਜਲਾ (ਸੁਰਮਾ), ਬੋਸਕੀ ਵਾਲਾ ਕੱਪੜਾ, ਲਹਿਰਾਂਦਾ ਮੇਚਦਾਰ ਸੱਤਰੰਗੀ ਪੀਂਘ ਵਰਗਾ ਡੋਰੀਆ, ਹੱਸ ਦੰਦਾਂ ਦੀ ਪ੍ਰੀਤ, ਗਹਿਣਿਆਂ ਦਾ ਜੱਚਣਾ, ਜੜਾਊਦਾਰ ਗਾਨੀ, ਅਲਸੀ ਦੇ ਫੁੱਲ ਜਿਹੀ ਕਿਰਮਰੀ, ਨਾਰੰਗੀ, ਪਿਆਜੀ ਜੀ ਸੂਹੀ, ਧੂਹ ਪਾਉਣ ਵਾਲੀ ਤੰਗ ਕੁੜਤੀ ਅਤੇ ਮੇਚਦਾਰ ਜਚਦਾ ਧੁੰਨੀ ਹੇਠ ਕਸਾਵਟਦਾਰ ਘੱਗਰਾ ਲੋਹੜੇ ਦਾ ਕਹਿਰ ਢਾਹ ਦਿੰਦਾ ਹੈ। ਕਿਸੇ ਕਵੀ ਨੇ ਕਿਹਾ ਹੈ: ਤੇਰੀ ਘੱਗਰੀ ਬਰਾਨੀ ਖੇਤੀ, ਸੁੱਥਣਾ ਨੂੰ ਪੈਣ ਮਾਮਲੇ ਅਤੇ ਰੰਨੇ ਚੱਜ ਨਹੀਂ ਵੱਸਣ ਦੇ ਤੇਰੇ, ਘੱਗਰੇ 'ਤੇ ਪਾਵੇਂ ਬੂਟੀਆਂ ਅਤੇ ਘੱਗਰੀਏ ਸੂਫਦੀਏ ਤੈਨੂੰ ਜੇਠ ਮਰੇ 'ਤੇ ਪਾਵਾਂ ਅਤੇ ਆਰਾ-ਆਰਾ-ਆਰਾ, ਸ਼ੈਲ ਗੁਲਾਬੀ ਘੱਗਰਾ, ਵਿਚ ਸੱਪ ਦੇ ਬੱਚੇ ਦਾ ਨਾਲਾ, ਮਿੱਤਰਾਂ ਨੂੰ ਮਾਰ ਗਈ ਨੀ ਤੇਰੀ ਲਾਲ ਘੱਗਰੀ, ਪਿੰਡ ਦਿਆਂ ਲੰਬੜਦਾਰਾਂ ਪਾਉਣਾ ਈ ਮੈਂ ਲਾਲ ਘੱਗਰਾ ਆਦਿ।

ਪੰਜਾਬੀ, ਹਿੰਦੀ, ਉਰਦੂ, ਰਾਜਸਥਾਨੀ, ਹਰਿਆਣਵੀ, ਹਿਮਾਚਲੀ, ਡੋਗਰੀ ਆਦਿ ਭਾਸ਼ਾਵਾਂ ਦੇ ਕਵੀਆਂ ਲੇਖਕਾਂ ਨੇ ਇਸ ਦਾ ਜ਼ਿਕਰ ਪ੍ਰਤੀਕਾਂ, ਬਿੰਬਾਂ ਅਤੇ ਵੱਖ-ਵੱਖ ਵਿਧਾਵਾਂ ਵਿਚ ਦੁਨਿਆਵੀ ਤੌਰ 'ਤੇ ਖੁੱਲ੍ਹ ਕੇ ਕੀਤਾ ਹੈ।

ਘੱਗਰੇ ਦੇ ਪ੍ਰੇਮ ਆਦਰ ਭਾਵ ਦੇ ਸ਼ਬਦ, ਗੀਤ, ਬੋਲ, ਬੋਲੀਆਂ, ਟੱਪੇ ਆਦਿ ਨੂੰ ਲਾਲਿਤਯ ਅਤੇ ਮਿਠਾਸ ਪ੍ਰਦਾਨ ਕਰਦੇ ਹਨ, ਵਿਆਹ-ਸ਼ਾਦੀਆਂ ਦੇ ਸੰਖੇਪਕਰਣ ਨਾਲ ਪ੍ਰੰਪਰਾਵਾਂ ਅਤੇ ਗੀਤਾਂ ਨੂੰ ਬਲ ਮਿਲਦਾ ਹੈ। ਘਗਰੇ ਉਪਰ ਆਂਚਲਿਕ ਬੋਲੀਆਂ ਭਾਸ਼ਾਂ ਨੂੰ ਜਿੱਥੇ ਅਮਰ ਕਰਦੀਆਂ ਹਨ, ਉਥੇ ਸੰਪੁਸ਼ਟੀ ਵੀ ਕਰਦੀਆਂ ਹਨ।

ਪ੍ਰਾਚੀਨ ਇਤਿਹਾਸ ਵੱਲ ਝਾਤ ਮਾਰੀਏ, ਤਾਂ ਘੱਗਰਾ ਪਹਿਰਾਵਾ ਮਹਾਂਭਾਰਤ, ਰਾਮਾਇਣ ਅਤੇ ਹੋਰ ਗ੍ਰੰਥਾਂ ਵਿਚ ਵੀ ਮਿਲਦਾ ਹੈ। ਮਹਾਨ ਕਵੀ ਕਾਲੀਦਾਸ ਨੇ ਔਰਤ ਦੇ ਹਰ ਅੰਗ-ਹਰ ਪਹਿਰਾਵੇ ਦੀ ਉਪਮਾਵਾਂ ਸਹਿਤ ਤਾਰੀਫ਼ ਕੀਤੀ ਹੈ। ਘੱਗਰਾ-ਚੋਲੀ (ਲਹਿੰਗਾ-ਚੋਲੀ) ਅਤੇ ਜਾਂ ਸਥਾਨੀਏ ਰੂਪ 'ਚ ਚੋਲੀ ਦੇ ਰੂਪ ਵਿਚ ਵੀ ਜਾਣਿਆਂ ਜਾਂਦਾ ਹੈ। ਭਾਰਤੀਏ ਉਪਮਹਾਂਦੀਪ ਦੀਆਂ ਮਹਿਲਾਵਾਂ ਦੇ ਲਈ ਇਕ ਪ੍ਰਕਾਰ ਦਾ ਜਾਤੀਏ ਵਸਤਰ ਹੈ। ਵਿਸ਼ੇਸ਼ ਰੂਪ ਵਿਚ ਪੰਜਾਬ, ਹਰਿਆਣਾ, ਗੁਜਰਾਤ, ਮੱਧ ਪ੍ਰਦੇਸ਼, ਉਤਰ ਪ੍ਰਦੇਸ਼, ਬਿਹਾਰ, ਹਿਮਾਚਲ, ਉਤਰਾਖੰਡ, ਜੰਮੂ-ਕਸ਼ਮੀਰ ਅਤੇ ਸਿੰਧ ਦੇ ਪਾਕਿਸਤਾਨੀ ਪ੍ਰਾਂਤਾਂ ਵਿਚ ਇਸ ਦੀ ਹੋਂਦ ਪ੍ਰਚਲਿਤ ਹੈ।

ਪੰਜਾਬ ਵਿਚ ਪ੍ਰੰਪਰਿਕ ਰੂਪ ਵਿਚ ਘੱਗਰਾ (ਲਹਿੰਗਾ) ਕੁੜਤੀ ਦੇ ਨਾਲ ਹੀ ਪਹਿਨਿਆ ਜਾਂਦਾ ਹੈ। ਘੱਗਰਾ ਅਤੇ ਕੁੜਤੀ (ਬਲਾਊਜ) ਦਾ ਇਕ ਸੰਯੋਜਨ ਹੈ। ਹਾਲਾਂਕਿ ਸਮਕਾਲੀਨ ਅਤੇ ਆਧੁਨਿਕ ਉਪਯੋਗ ਵਿਚ ਘੱਗਰਾ-ਕੁੜਤੀ ਦੱਖਣ ਏਸ਼ੀਆ ਵਿਚ ਫੈਸ਼ਨ ਡਿਜ਼ਾਇਨਰਾਂ, ਟਰੇਡ ਸੈਂਟਰਸ ਅਤੇ ਬੁਟਿਕ ਦੁਆਰਾ ਅਧਿਕ ਲੋਕਪ੍ਰਿਯ (ਲੋਕ-ਪਸੰਦ) ਅਤੇ ਵਪਾਰਕ ਰੂਪ ਵਿਚ ਸਵੀਕ੍ਰਿਤ ਸ਼ਬਦ ਹੈ ਕਿਉਂਕਿ ਇਕ ਤਿੰਨ ਟੁਕੜਾ ਪੌਸ਼ਾਕ ਹੈ। ਕਮਰ ਤੱਕ ਸੁਰੱਖਿਅਤ ਅਤੇ ਮਿਡ-ਰਿਫ ਲੰਗੇ ਛੜਕੇ।

ਘੱਗਰਾ (ਲਹਿੰਗਾ-ਚੋਲੀ) ਆਮ ਅਤੇ ਖ਼ਾਸ ਤੌਰ 'ਤੇ ਕੀਮਤੀ ਦਰ ਕੀਮਤੀ ਕਸ਼ੀਦਾਕਾਰੀ ਮੁਦਰਿਤ ਅਲੰਕ੍ਰਿਤ ਹੈ। ਘੱਗਰਾ 10ਵੀਂ ਸ਼ਤਾਬਦੀ ਦੇ ਦੌਰਾਨ ਮੁੱਖ ਰੂਪ 'ਚ ਉਤਰ ਭਾਰਤ ਵਿਚ, ਮਹਿਲਾਵਾਂ ਦੇ ਵਿਚ ਪੌਸ਼ਾਕ ਦੇ ਰੂਪ ਵਿਚ ਪ੍ਰਸਿੱਧ ਅਤੇ ਮਨਪਸੰਦਾ ਹੋ ਗਿਆ। ਵੇਖਿਆ ਜਾਵੇ ਤਾਂ ਘੱਗਰਾ ਭਾਰਤ ਵਿਚ ਮੁਗਲਾਂ ਦੇ ਆਗਮਨ ਅਤੇ 12ਵੀਂ ਅਤੇ 18ਵੀਂ ਸ਼ਤਾਬਦੀ ਤੱਕ ਅਤੇ ਉਸ ਦੇ ਬਾਅਦ ਦੇ ਸ਼ਾਸਨ ਕਾਲ ਦੇ ਨਾਲ ਉਤਕ੍ਰਿਸ਼ਟ ਸ਼ਿਲਪ ਕੌਸ਼ਲ ਦੇ ਜ਼ਰੀਏ ਨਾਲ ਵਿਕਸਿਤ ਹੋਇਆ। ਘੱਗਰੇ ਦਾ ਮੂਲ, ਪ੍ਰਾਚੀਨ ਰੂਪ, ਮੁੱਖ ਤੌਰ 'ਤੇ ਕਪਾਹ ਨਾਲ ਕੀਤਾ ਗਿਆ ਹੈ, ਜਿਸ ਦੇ ਬਾਅਦ ਰੇਸ਼ਮ ਅਤੇ ਬ੍ਰਿਕੇਡ ਵਰਗੇ ਸ਼ਾਹੀ ਕੱਪੜੇ ਅਤੇ ਕੀਮਤੀ ਕਢਾਈ ਦਾ ਉਪਯੋਗ ਕੀਤਾ ਗਿਆ। ਜਿੱਥੇ ਅੱਗੇ ਜਾ ਕੇ ਘੱਗਰਾ ਸ਼ਾਹੀ ਪੌਸ਼ਾਕ ਵਿਚ ਵਿਕਸਿਤ ਹੋ ਗਿਆ। ਇਹ ਚੁਨਰਕਾਰ ਅਤੇ ਵੱਡੇ ਘੇਰੇ ਵਾਲਾ ਪਹਿਰਾਵਾ ਜਿਸ ਨੂੰ ਔਰਤਾਂ ਕਮਰ 'ਤੇ ਬੰਨਦੀਆਂ ਹਨ। ਇਸ ਨਾਲ ਕਮਰ ਤੋਂ ਅੱਡੀ ਤੱਕ ਦੇ ਅੰਗ ਢੱਕੇ ਰਹਿੰਦੇ ਹਨ।

ਸਿੱਖ ਇਤਿਹਾਸ ਵੱਲ ਜੇ ਝਾਤੀ ਮਾਰੀਏ ਤਾਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਸਿਕਲੀਗਰ ਦਾ ਨਾਮ ਪ੍ਰਚਲਿਤ ਹੋਇਆ। ਵਿਸ਼ੇਸ਼ ਤੌਰ 'ਤੇ ਸਿਕਲੀਗਰ ਲੋਕ ਘੱਗਰਾ ਅਤੇ ਚੋਲੀ ਪਹਿਣਦੇ ਸਨ। ਪੰਜਾਬ ਦਾ ਅਧਿਕਾਰਿਤ ਖੇਤਰ ਉਦੋਂ ਬਹੁਤ ਵਿਸ਼ਾਲ ਹੁੰਦਾ ਸੀ। ਸਿਕਲੀਗਰ ਦਾ ਸ਼ਿਲਪਗਰ ਭਾਵ ਕਿ ਸਿਕਲੀ ਕਰਨ ਵਾਲਾ ਕਾਰੀਗਰ, ਹਥਿਆਰ ਤੇਜ਼ ਕਰਨ ਵਾਲਾ ਅਤੇ ਉਨ੍ਹਾਂ ਵਿਚ ਚਮਕ ਪੈਦਾ ਕਰਨ ਵਾਲਾ ਕਾਰੀਗਰ। ਲੋਹੇ ਦੇ ਔਜਾਰ ਬਣਾਉਣ ਵਾਲੇ। ਮਿਲਪੀਗਰ ਅਨੇਕਾਂ ਸ਼੍ਰੇਣੀਆਂ ਵਿਚ ਸਨ ਪਰ ਇਹ ਲੋਕ ਘੱਗਰਾ ਹੀ ਪਹਿਣਦੇ ਸਨ, ਖਾਸ ਕਰਕੇ ਔਰਤਾਂ ਮਿਲਣੀਗਰ ਔਰਤਾਂ ਪ੍ਰੰਪਰਾਵਾਦੀ ਗੀਤਿ ਰਹੁ ਰਿਵਾਜ਼ ਮੁਤਾਬਿਕ ਅੱਜ ਵੀ ਘੱਗਰਾ ਚੋਲੀ ਪਹਿਨਦੇ ਹਨ। ਮਹਾਰਾਣਾ ਪ੍ਰਤਾਪ, ਮਹਾਰਾਜਾ ਰਣਜੀਤ ਸਿੰਘ, ਜਹਾਂਗੀਰ ਦੇ ਸਮੇਂ ਘੱਗਰਾ ਪ੍ਰਚਲਿਤ ਸੀ ਪਰ ਸਿਕਲੀਗਰ ਲੋਕ ਜ਼ਿਆਦਾ ਪਹਿਣਦੇ ਹਨ। ਇਨ੍ਹਾਂ ਲੋਕਾਂ 'ਤੇ ਘੱਗਰਾ ਚੋਲੀ ਦੀ ਆਮਦ ਅੱਗੇ ਵਧੀ। ਲੰਬੜਦਾਰਾਂ ਲੈਣਾ ਈ ਮੈਂ ਲਾਲ ਘੱਗਰਾ ਦੇ ਸ਼ਬਦਾਂ ਵਿਚ ਇਕ ਦੰਪਤੀ ਨਿੱਘ, ਲਲਕ ਹੈ, ਚੂਕ ਹੈ, ਫਰਿਆਦ ਹੈ, ਅਪਣਤਵ ਹੈ, ਪਿਆਰ ਦੀ ਇਕ ਅਟੁੱਟ ਬੇਜੋੜ ਸੱਚਾਈ ਹੈ। ਲੰਬੜਦਾਰ ਸ਼ਬਦ ਇੱਕ ਜ਼ਿੰਮੇਵਾਰੀ ਦਾ ਨਾਮ, ਸਤਿਕਾਰ, ਪਿਆਰ ਅਤੇ ਮੁਖੀਆ ਦੀ ਜ਼ਿੰਮੇਦਾਰੀ। ਇਲਾਕੇ ਦੀ ਗੌਰਵਮਈ ਕਿਰਿਆ ਦਾ ਨਾਮ ਹੈ, ਘੱਗਰਾ ਪ੍ਰਤੀਕ ਹੈ ਖ਼ੂਬਸੂਰਤੀ ਦਾ। ਜ਼ਿੰਮੇਵਾਰੀ ਨੂੰ ਨੀਅਤ, ਨੀਤੀ ਅਤੇ ਸੁਹਿਰਦਤਾ ਨਾਲ ਪਾਲਣਾ ਕਰਨ ਦਾ ਨਾਮ ਹੈ। ਲੰਬੜਦਾਰ ਅਤੇ ਘੱਗਰਾ ਦੋਵੇਂ ਸ਼ਬਦ ਇਕ ਹੀ ਸਮੇਂ ਦੀ ਦੇਣ ਹਨ। ਫਿਰ ਦੋਵੇਂ ਸ਼ਬਦ ਮੁੱਢਕਦੀਮ ਦੀ ਉਪਜ 'ਚੋਂ ਨਿਕਲ ਕੇ ਆਧੁਨਿਕਤਾ ਦੀ ਵਿਰਾਸਤ ਵਿਚ ਸ਼ਾਮਲ ਹੋ ਗਏ। ਸੱਭਿਆਚਾਰ ਨੂੰ ਮਹਾਨਤਾ ਅਤੇ ਵਿਸ਼ਸ਼ਟਤਾ ਪ੍ਰਦਾਨ ਕਰਨ ਵਿਚ ਨਾਰੀ ਦਾ ਵਿਸ਼ੇਸ਼ ਯੋਗਦਾਨ ਹੈ, ਪੱਛਮੀ ਸੱਭਿਅਤਾ ਅਤੇ ਸੰਸਕ੍ਰਿਤੀ ਦੀ ਚਕਾਂਚੌਂਧ ਦੇ ਚਲਦੇ ਹੋਏ ਭਾਰਤੀ ਨਾਰੀ ਦੇ ਹਿਰਦੇ ਵਿਚ ਨਿਮਰਤਾ, ਸੰਗਾਉ ਪਰ ਬਿਰਤੀ ਅਤੇ ਆਪਣੀ ਮਿੱਟੀ ਦੇ ਸਤਿਕਾਰ ਦੇ ਚਿੰਨ੍ਹ ਅਜੇ ਵੀ ਮੌਜੂਦ ਹਨ। ਆਧੁਨਿਕ ਰਾਹਾਂ ਵਿਚ ਨਾਰੀ-ਸਭਾਵਿਕ ਰੂਪ ਵਿਚ ਅਧਿਕ ਸਮਰੱਥ, ਕੁਸ਼ਲ, ਸੰਸਕ੍ਰਿਤੀ, ਸੁਸਿਖਿਅਤ, ਆਤਮ ਨਿਰਭਰ ਅਤੇ ਕਲਾ ਪ੍ਰਵੀਨ, ਸਹਿਚਰੀ, ਅਨੁਚਰੀ ਹੀ ਨਹੀਂ, ਬਲਕਿ ਸਮਝ-ਸੂਝ-ਬੂਝ ਅਤੇ ਵਿਰੋਧਭਾਸ ਦਾ ਸਾਹਮਣਾ ਕਰਨ ਦੇ ਸਮਰੱਥ ਹੈ, ਜਿਸ ਦੀ ਬਦੌਲਤ ਪ੍ਰਾਚੀਨ ਪੰਜਾਬੀ ਸੱਭਿਆਚਾਰ ਦੀ ਝਲਕ ਹੋਂਦ ਬਣੀ ਹੋਈ ਹੈ।

# ਹੜ੍ਹ

## ਕਹਾਣੀ

ਪ੍ਰੋ. ਨਵ ਸੰਗੀਤ ਸਿੰਘ
# 1, ਲਤਾ ਗਰੀਨ ਐਨਕਲੇਵ,
ਪਟਿਆਲਾ-147002.
94176-92015
ਪੰਜਾਬ ਮੇਲ USA





ਰਾਤੀਂ ਕਰੀਬ ਢਾਈ-ਤਿੰਨ ਵਜੇ ਕਾਲੋਨੀ ਦੇ ਗੁਰਦੁਆਰੇ ਤੋਂ ਹੜ੍ਹ ਆਉਣ ਦੀ ਸੂਚਨਾ ਦਿੱਤੀ ਗਈ। ਅਚਾਨਕ ਇਹ ਸੁਣ ਕੇ ਮੇਰੇ ਬਜ਼ੁਰਗ ਮਾਤਾ-ਪਿਤਾ ਘਬਰਾ ਗਏ ਤੇ ਉਨ੍ਹਾਂ ਨੇ ਮੈਨੂੰ ਵੀ ਸੁਚੇਤ ਹੋਣ ਲਈ ਪ੍ਰੇਰਿਆ। ਮਾਤਾ-ਪਿਤਾ ਨੂੰ ਮੈਂ ਇਹ ਕਹਿ ਕੇ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ, "ਮੈਂ ਸਮਾਨ ਸੰਭਾਲ਼ਦਾ ਹਾਂ, ਤੁਸੀਂ ਗੁਆਂਢੀਆਂ ਦੇ ਚੁਬਾਰੇ 'ਤੇ ਚਲੇ ਜਾਓ।"

ਮਾਪਿਆਂ ਦੇ ਜਾਣ ਪਿੱਛੋਂ ਮੈਂ ਇਹ ਸੋਚ ਕੇ ਘਰ ਹੀ ਰਿਹਾ ਕਿ ਪਾਣੀ ਹੀ ਹੈ, ਆ ਕੇ ਚਲਾ ਜਾਵੇਗਾ, ਨਾਲੇ ਕਿੰਨਾ ਕੁ ਪਾਣੀ ਆਵੇਗਾ! ਪਾਣੀ ਹੌਲੀ-ਹੌਲੀ ਘਰ ਵਿਚ ਦਾਖਲ ਹੋਣਾ ਸ਼ੁਰੂ ਹੋਇਆ। ਮੇਰੇ ਵਿੰਹਦੇ-ਵਿੰਹਦੇ ਪਾਣੀ ਨੇ ਬੈੱਡ, ਸੋਫਾ, ਟੀ.ਵੀ., ਮੇਜ਼, ਫਰਿੱਜ ਆਦਿ ਵੱਡੀਆਂ ਤੇ ਭਾਰੀ ਚੀਜ਼ਾਂ ਨੂੰ ਮੂਧੇ ਮੂੰਹ ਉਲਟਾ ਦਿੱਤਾ। ਮੈਂ ਉਨ੍ਹਾਂ ਚੀਜ਼ਾਂ ਨੂੰ ਵਾਰ-ਵਾਰ ਸੰਭਾਲਦਾ, ਸੈੱਟ ਕਰਦਾ, ਪਰ ਪਾਣੀ ਸਾਹਮਣੇ ਮੇਰੀ ਕੋਈ ਪੇਸ਼ ਨਹੀਂ ਸੀ ਜਾ ਰਹੀ।

ਹਾਰ ਕੇ ਮੈਂ ਚੀਜ਼ਾਂ ਨੂੰ ਸੰਭਾਲਣਾ ਛੱਡ ਕੇ ਆਪਣੇ-ਆਪ ਨੂੰ ਬਚਾਉਣ ਦਾ ਆਹਰ ਕਰਨ ਲੱਗਾ। ਮੈਂ ਇਕ ਮੇਜ਼ 'ਤੇ ਸਟੂਲ ਰੱਖਿਆ ਅਤੇ ਉਹਦੇ 'ਤੇ ਖੜ੍ਹੋ ਕੇ ਛੱਤ ਵਾਲੇ ਪੱਖੇ ਨੂੰ ਹੱਥ ਪਾ ਲਿਆ ਕਿ ਪਾਣੀ ਇਥੋਂ ਤੱਕ ਤਾਂ ਪਹੁੰਚ ਨਹੀਂ ਸਕੇਗਾ। ਮੈਂ ਅਜੇ ਪੂਰੀ ਤਰ੍ਹਾਂ ਪੱਖੇ ਨੂੰ ਹੱਥ ਪਾ ਕੇ ਸੰਭਲਿਆ ਵੀ ਨਹੀਂ ਸਾਂ ਕਿ ਪਾਣੀ ਨੇ ਜ਼ੋਰ ਵਿਖਾਇਆ। ਮੇਰੇ ਹੇਠੋਂ ਸਟੂਲ ਅਤੇ ਮੇਜ਼ ਨਿਕਲ ਕੇ ਪਾਣੀ ਵਿਚ ਜਾ ਡਿੱਗੇ ਅਤੇ ਮੈਂ ਪੱਖੇ ਨਾਲ ਲਟਕ ਗਿਆ। ਮੇਰਾ ਕਮਰ ਤੋਂ ਹੇਠਲਾ ਸਰੀਰ ਪਾਣੀ ਵਿਚ ਸੀ ਅਤੇ ਜੁਲਾਈ ਦੇ ਗਰਮ ਮਹੀਨੇ ਵਿਚ ਪਾਣੀ ਇੰਨਾ ਠੰਡਾ ਸੀ ਕਿ ਬੰਦਾ ਯਖ਼ ਹੋ ਜਾਏ। ਇੰਨਾ ਸ਼ੁਕਰ ਸੀ ਕਿ ਬਿਜਲੀ ਵਿਭਾਗ ਵਲੋਂ ਬਿਜਲੀ ਬੰਦ ਕਰ ਦਿੱਤੀ ਗਈ ਸੀ, ਨਹੀਂ ਤਾਂ ਕੰਧਾਂ ਵਿਚ ਕਰੰਟ ਆਉਣ ਦਾ ਪੂਰਾ ਖਤਰਾ ਸੀ।

ਮੇਰੇ ਬਜ਼ੁਰਗ ਮਾਪਿਆਂ ਨੂੰ ਮੇਰੇ ਅਜੇ ਤੱਕ ਬਾਹਰ ਨਾ ਆਉਣ ਦੀ ਚਿੰਤਾ ਸੀ। ਉਨ੍ਹਾਂ ਨੇ ਦੋ ਤੈਰਨ ਵਾਲੇ ਮੁੰਡਿਆਂ ਨੂੰ ਆਪਣੀ ਚਿੰਤਾ ਦੱਸੀ, ਜਿਸ ਕਰਕੇ ਦੋਵੇਂ ਮੁੰਡੇ ਨਾਲ-ਨਾਲ ਜੁੜੇ ਘਰਾਂ ਦੀਆਂ ਛੱਤਾਂ ਰਾਹੀਂ ਸਾਡੇ ਘਰ ਦੀ ਛੱਤ ਤੋਂ ਹੀ ਮੈਨੂੰ ਆਵਾਜ਼ਾਂ ਮਾਰਨ ਲੱਗੇ। ਮੈਂ ਉਨ੍ਹਾਂ ਨੂੰ ਅੰਦਰੋਂ ਹੀ ਉਚੀ ਆਵਾਜ਼ ਵਿਚ ਕਹਿ ਕੇ ਸੁਣਾਇਆ ਕਿ ਮੈਂ ਤਾਂ ਪੱਖੇ ਨੂੰ ਫੜੀ ਲਟਕ ਰਿਹਾ ਹਾਂ। ਉਨ੍ਹਾਂ ਨੇ ਬਾਹਰੋਂ ਹੀ ਕਿਹਾ, "ਹੇਠਾਂ ਪਾਣੀ ਵਿਚ ਛਾਲ ਮਾਰ ਕੇ ਬਾਹਰ ਵਿਹੜੇ ਵਿਚ ਆ ਜਾਓ, ਏਥੋਂ ਅਸੀਂ ਤੁਹਾਨੂੰ ਕੋਠੇ 'ਤੇ ਲੈ ਜਾਵਾਂਗੇ।" ਪਰ ਮੈਂ ਅਜਿਹਾ ਕਰਨ ਤੋਂ ਅਸਮਰੱਥਤਾ ਪ੍ਰਗਟ ਕੀਤੀ, ਕਿਉਂਕਿ ਮੈਨੂੰ ਡਰ ਸੀ ਕਿ ਪਾਣੀ ਵਿਚ ਛਾਲ ਮਾਰ ਕੇ ਤਾਂ ਮੈਂ ਡੁੱਬ ਹੀ ਜਾਵਾਂਗਾ।

ਖੈਰ, ਉਨ੍ਹਾਂ ਨੇ ਜਿਵੇਂ-ਕਿਵੇਂ ਕੋਠੇ ਤੋਂ ਹੀ ਹੇਠਾਂ ਪਾਣੀ ਵਿਚ ਛਾਲਾਂ ਮਾਰੀਆਂ ਤੇ ਤੈਰਦੇ ਹੋਏ ਉਸ ਕਮਰੇ ਵਿਚ ਆ ਗਏ, ਜਿਥੇ ਮੈਂ ਲਟਕਿਆ ਹੋਇਆ ਸਾਂ। ਉਨ੍ਹਾਂ ਨੇ ਮੈਨੂੰ ਹੱਥ ਛੱਡਣ ਲਈ ਕਿਹਾ ਤਾਂ ਮੈਂ ਡਰਦੇ-ਡਰਦੇ ਪੱਖੇ ਨਾਲੋਂ ਹੱਥ ਛੱਡ ਦਿੱਤੇ ਤੇ ਉਨ੍ਹਾਂ ਨੇ ਮੈਨੂੰ ਹੇਠਾਂ ਡਿੱਗਣ ਤੋਂ ਪਹਿਲਾਂ ਹੀ ਬੋਚ ਲਿਆ। ਉਨ੍ਹਾਂ ਮੁੰਡਿਆਂ ਦੀ ਮਦਦ ਨਾਲ ਮੈਂ ਵੀ ਕੋਠੇ 'ਤੇ ਚੜ੍ਹ ਗਿਆ ਅਤੇ ਮੌਤ ਤੋਂ ਮੁਕਤੀ ਪ੍ਰਾਪਤ ਕੀਤੀ। ਅਗਲੇ ਤਿੰਨ ਦਿਨਾਂ ਤੱਕ ਹੜ੍ਹ ਦਾ ਪਾਣੀ ਕਾਲੋਨੀ ਦੇ ਘਰਾਂ ਵਿਚ ਉਵੇਂ ਹੀ ਘਰ ਬਣਾਈ ਬੈਠਾ ਰਿਹਾ।

ਹੜ੍ਹ ਦਾ ਪਾਣੀ ਕੁਝ ਘਟਣ ਪਿਛੋਂ ਆਸਪਾਸ ਦੇ ਪਿੰਡਾਂ ਤੋਂ ਲੋਕੀਂ ਭੋਜਨ, ਦੁੱਧ ਤੇ ਖਾਣ-ਪੀਣ ਦੀਆਂ ਹੋਰ ਚੀਜ਼ਾਂ ਰੇੜ੍ਹਿਆਂ 'ਤੇ ਲੈ ਕੇ ਆਉਂਦੇ ਰਹੇ ਤੇ ਉਪਰ ਬੈਠੇ ਬੇਸਹਾਰਾ ਲੋਕਾਂ ਨੂੰ ਦਿੰਦੇ ਰਹੇ। ਫਿਰ ਇਕ ਦਿਨ ਸਰਕਾਰੀ ਹੈਲੀਕਾਪਟਰ ਵੀ ਆਇਆ। ਜਿਸ ਵੱਲੋਂ ਬਹੁਤ ਸਾਰੇ ਖਾਣੇ ਦੇ ਪੈਕੇਟ ਤੇ ਦਵਾਈਆਂ ਹੇਠਾਂ ਸੁੱਟੀਆਂ ਗਈਆਂ। ਵਧੇਰੇ ਚੀਜ਼ਾਂ ਤਾਂ ਪਾਣੀ ਵਿਚ ਹੀ ਡਿੱਗ ਗਈਆਂ, ਕੁਝ ਕੁ ਹੀ ਹੜ੍ਹ-ਪੀੜਤ ਲੋਕਾਂ ਦੇ ਹੱਥ ਲੱਗੀਆਂ। ਹੈਲੀਕਾਪਟਰ ਦਾ ਹੋਰ ਨੁਕਸਾਨ ਇਹ ਹੋਇਆ ਕਿ ਇਸਦੇ ਤੇਜ਼ ਚੱਲਣ ਵਾਲੇ ਖੰਭਾਂ ਨਾਲ ਬਹੁਤ ਸਾਰੀਆਂ ਸੁੱਕੀਆਂ ਹੋਈਆਂ ਚੀਜ਼ਾਂ, ਜਿਨ੍ਹਾਂ ਵਿਚ ਰਜ਼ਾਈਆਂ ਵਗੈਰਾ ਵੀ ਸਨ, ਫਿਰ ਤੋਂ ਹੇਠਾਂ ਪਾਣੀ ਵਿਚ ਡਿੱਗ ਪਈਆਂ।

ਇਸ ਘਟਨਾ ਤੋਂ ਕਰੀਬ ਛੇ ਸਾਲ ਬਾਅਦ ਮੈਂ ਗ੍ਰਹਿਸਥੀ ਧਾਰਨ ਕੀਤੀ ਅਤੇ ਆਪਣੀ ਸੁਪਤਨੀ ਨੂੰ ਹੜ੍ਹਾਂ ਦੀ ਇਹ ਦੁਖਦਾਈ ਹੱਡਬੀਤੀ ਸੁਣਾਈ ਤਾਂ ਪਤਨੀ ਨੇ ਹੱਥ ਜੋੜ ਕੇ ਪ੍ਰਮਾਤਮਾ ਦਾ ਸ਼ੁਕਰ ਕਰਦਿਆਂ ਕਿਹਾ "ਤੁਸੀਂ ਜੁ ਮੇਰੇ ਲੜ ਲਗਣਾ ਸੀ, ਇਸੇ ਲਈ 'ਉਸਨੇ' ਤੁਹਾਨੂੰ ਬਚਾ ਲਿਆ।"

# ਕੈਨੇਡਾ ਵਿਚ ਆਪਣਿਆਂ ਹੱਥੋਂ ਆਪਣਿਆਂ ਦੀ ਹੋ ਰਹੀ ਅੰਨ੍ਹੀ ਲੁੱਟ-ਜ਼ਿੰਮੇਵਾਰ ਕੌਣ?

- ਮਾਮਲਾ ਬਹੁਤਾਤ ਬਿਜ਼ਨੈਸਮੈਨਾਂ ਵਲੋਂ ਵਰਕਰਾਂ ਦੇ ਪੈਸੇ ਹੜੱਪਣ ਦਾ
- ਓਨਟਾਰੀਓ ਅਤੇ ਅਲਬਰਟਾ ਤੋਂ ਬਾਅਦ ਬ੍ਰਿਟਿਸ਼ ਕੋਲੰਬੀਆ ਤੋਂ ਵੀ ਅਜਿਹੇ ਬਿਜ਼ਨੈਸਮੈਨਾਂ ਖਿਲਾਫ ਸ਼ਿਕੰਜਾ ਕਸਣ ਲਈ ਉੱਠਣ ਲੱਗੀਆਂ ਅਵਾਜ਼ਾਂ

ਗੁਰਪ੍ਰੀਤ ਸਿੰਘ ਤਲਵੰਡੀ
ਦੀ ਵਿਸ਼ੇਸ਼ ਰਿਪੋਰਟ
ਮੋ: 76579-68570
ਪੰਜਾਬ ਮੇਲ USA



ਸਾਰੀ-ਕੈਨੇਡਾ ਵਿਚ ਹਰ ਕੋਈ ਆਪਣੇ ਉੱਜਵਲ ਭਵਿੱਖ ਦੀ ਆਸ ਲੈ ਕੇ ਆਉਂਦਾ ਹੈ। ਸੰਨ੍ਹ 1902-03 ਤੋਂ ਬਾਅਦ ਸ਼ੁਰੂ ਹੋਏ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਦੇ ਪ੍ਰਵਾਸ ਦੇ ਰੁਝਾਨ ਦੌਰਾਨ ਭਾਵੇਂ ਪਹਿਲਾਂ ਪਹਿਲ ਪੰਜਾਬੀਆਂ ਵਲੋਂ ਇਸ ਮੁਲਕ ਅੰਦਰ ਆਪਣੀ ਸਥਾਪਤੀ ਲਈ ਬਹੁਤ ਹੀ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਸ ਵਕਤ ਪੰਜਾਬੀ ਆਪਣੇ ਵਤਨ ਤੋਂ ਨਵੇਂ ਆਇਆਂ ਲਈ ਬੜੇ ਹੀ ਚਾਅ ਨਾਲ ਮਦਦ ਕਰਨ ਲਈ ਯਤਨਸ਼ੀਲ ਰਹਿੰਦੇ ਸਨ। ਕੈਨੇਡਾ ਦੇ ਵੈਨਕੂਵਰ ਆਈਲੈਂਡ 'ਤੇ ਕਸਬਾ ਡੰਕਨ ਲਾਗੇ ਪਿੰਡ ਪਾਲਦੀ ਵਸਾਉਣ ਲਈ ਮਾਓ ਸਿੰਘ ਨੇ ਆਪਣੇ ਨਿੱਜੀ ਜਹਾਜ਼ ਰਾਹੀਂ ਕੈਨੇਡਾ ਦੇ ਦੂਰ-ਦੁਰਾਡੇ ਇਲਾਕਿਆਂ ਵਿਚ ਵੀ ਨਵੇਂ ਆਇਆਂ ਲਈ ਬੜੀ ਮਦਦ ਕੀਤੀ। ਇਹ ਵੀ ਸੁਣੀਂਦਾ ਹੈ ਕਿ ਉਸਨੂੰ ਜਦ ਪਤਾ ਲੱਗਦਾ ਸੀ ਕਿ ਕੈਨੇਡਾ ਦੇ ਫਲਾਣੇ ਇਲਾਕੇ ਵਿਚ ਕੋਈ ਪੰਜਾਬੀ ਨਵਾਂ ਆਇਆ ਹੈ, ਉਹ ਖੁਦ ਆਪਣੇ ਨਿੱਜੀ ਜਹਾਜ਼ ਰਾਹੀਂ ਉਸਨੂੰ ਆਪਣੇ ਪਿੰਡ ਪਾਲਦੀ (ਨੇੜੇ) ਡੰਕਨ ਲੈ ਆਉਂਦਾ ਸੀ ਅਤੇ ਨਵੇਂ ਆਇਆਂ ਲਈ ਰੁਜ਼ਗਾਰ ਦੇਣਾ ਤੇ ਰਿਹਾਇਸ਼ ਦਾ ਪ੍ਰਬੰਧ ਕਰਨਾਂ ਉਸਦਾ ਪਹਿਲਾ ਕੰਮ ਸੀ। ਕੈਨੇਡਾ ਵਿਚ ਨਵੇਂ ਆਇਆਂ ਲਈ ਕਾਨੂੰਨੀ ਤੌਰ 'ਤੇ ਕੰਮ ਕਰਨ ਲਈ ਵਰਕ ਪਰਮਿਟ ਚਾਲੂ ਕਰਵਾਉਣ ਲਈ ਵੀ ਉਸਨੇ ਲੰਬੀ ਕਾਨੂੰਨੀ ਲੜਾਈ ਲੜੀ। ਪਰ ਹੁਣ ਜਦ ਸਮਾਂ ਆਪਣੀ ਕਰਵਟ ਲੈ ਚੁੱਕਾ ਹੈ, ਤਾਂ ਇਸ ਮੁਲਕ ਵਿਚ ਪਹਿਲਾਂ ਸਥਾਪਿਤ ਹੋ ਚੁੱਕੇ ਲੋਕਾਂ ਵਲੋਂ ਨਵੇਂ ਆਇਆਂ ਨਾਲ ਅਜਿਹਾ ਵਰਤਾਅ ਕੀਤਾ ਜਾਂਦਾ ਹੈ, ਜਿਹੋ ਜਿਹਾ ਪਹਿਲਾਂ ਪਹਿਲ ਭਾਰਤ ਅੰਦਰ ਸਰਮਾਏਦਾਰ ਤੇ ਉੱਚ ਜਾਤੀ ਦੇ ਲੋਕਾਂ ਵਲੋਂ ਅਛੂਤ ਸਮਝੇ ਜਾਂਦੇ ਲੋਕਾਂ ਨਾਲ ਕੀਤਾ ਜਾਂਦਾ ਸੀ। ਛੋਟੇ ਤੋਂ ਲੈ ਕੇ ਵੱਡੇ ਬਿਜ਼ਨੈੱਸਮੈਨਾਂ ਤੱਕ ਸਭ ਕਿਰਤੀ ਲੋਕਾਂ ਦਾ ਖੂਨ ਨਿਚੋੜਨ ਲਈ ਤਿਆਰ ਬੈਠੇ ਹਨ। ਜਿਸ ਤਰ੍ਹਾਂ ਹੱਥ ਦੀਆਂ ਪੰਜ ਉਂਗਲਾਂ ਬਰਾਬਰ ਨਹੀਂ ਹੁੰਦੀਆਂ, ਠੀਕ ਉਸ ਤਰ੍ਹਾਂ ਹੀ ਬਹੁਤ ਸਾਰੇ ਰਹਿਮ ਦਿਲ ਤੇ ਕਿਰਤ ਦਾ ਸਤਿਕਾਰ ਕਰਨ ਵਾਲੇ ਲੋਕ ਵੀ ਵਸਦੇ ਹਨ, ਜੋ ਕਿਰਤੀ ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਰੱਖਣ ਨੂੰ ਪਾਪ ਸਮਝਦੇ ਹਨ। ਪਰ ਬਹੁਤੇ ਅਜਿਹੇ ਹਨ, ਜੋ ਅੱਜ ਕਿਰਤੀ ਲੋਕਾਂ ਦੀ ਕਮਾਈ ਨੂੰ ਦੋਹੀਂ ਹੱਥੀਂ ਲੁੱਟ ਕੇ



ਉਨ੍ਹਾਂ ਦੇ ਪੱਲੇ ਨਿਗੂਣੀ ਰਕਮ ਹੀ ਪਾਉਂਦੇ ਹਨ, ਜਿਸ ਨਾਲ ਵਰਕਰ ਵਰਗ ਦਾ ਗੁਜ਼ਾਰਾ ਕਰਨਾ ਵੀ ਮੁਸ਼ਕਿਲ ਹੋ ਜਾਂਦਾ ਹੈ।

ਅਜੋਕੇ ਦੌਰ 'ਚ ਜਦ ਕੈਨੇਡਾ ਪਹਿਲਾਂ ਹੀ ਮਹਿੰਗਾਈ ਤੇ ਅਰਥ ਵਿਵਸਥਾ ਦੀ ਨਿੱਘਰਦੀ ਜਾ ਰਹੀ ਹਾਲਤ ਨਾਲ ਦੋ-ਚਾਰ ਹੋ ਰਿਹਾ ਹੈ, ਤਾਂ ਪਿਛਲੇ ਕੁੱਝ ਕੁ ਸਾਲਾਂ ਤੋਂ ਮਾੜੀ ਬਿਰਤੀ ਵਾਲੇ ਕੁੱਝ ਕੁ ਬਿਜ਼ਨੈੱਸਮੈਨਾਂ ਦੀਆਂ ਇਨ੍ਹਾਂ ਹਰਕਤਾਂ ਨੇ ਕੈਨੇਡੀਅਨ ਸਿਸਟਮ ਦਾ ਭੱਠਾ ਬਿਠਾਉਣ ਵਿਚ ਕੋਈ ਕਸਰ ਨਹੀਂ ਛੱਡੀ। ਕਈ ਵਾਰ ਰੇਡੀਓ ਪ੍ਰੋਗਰਾਮਾਂ ਵਿਚ ਚੱਲ ਰਹੇ ਟਾਕ ਸ਼ੋਆਂ ਦੌਰਾਨ ਅਜਿਹੇ ਲੋਕ ਕੈਨੇਡਾ ਵਿਚ ਪੜ੍ਹਾਈ ਕਰ ਰਹੇ ਵਿਦਿਆਰਥੀ ਵਰਗ ਜਾਂ ਹੋਰਨਾਂ ਕਾਮਿਆਂ ਬਾਰੇ ਗੱਲ ਕਰਦੇ ਹੋਏ ਕਹਿਣਗੇ ਕਿ ਇਹ ਮੁਲਕ ਇਨ੍ਹਾਂ ਲੋਕਾਂ ਦੇ ਰਹਿਣ ਦੇ ਯੋਗ ਨਹੀਂ ਹੈ। ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਮੁਲਕ ਦੇ ਮਾੜੀ ਬਿਰਤੀ ਵਾਲੇ ਲੋਕਾਂ ਨੇ ਇਸ ਮੁਲਕ ਦੀ ਆਬੋ ਹਵਾ ਨੂੰ ਵੀ ਗੰਧਲਾ ਕਰ ਦਿੱਤਾ ਹੈ। ਭਾਰਤ ਵਿਚ ਵੀ ਕਿਰਤੀ ਲੋਕਾਂ ਦੇ ਪੈਸੇ ਹੜੱਪਣ ਦੀਆਂ ਘਟਨਾਵਾਂ ਬਹੁਤ ਹੀ ਘੱਟ ਸੁਣਨ ਨੂੰ ਮਿਲ ਸਕਦੀਆਂ ਹਨ, ਪਰ ਕੈਨੇਡਾ ਵਰਗੇ ਵਿਕਸਿਤ ਦੇਸ਼ ਵਿਚ ਅਜਿਹੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਡਾਲਰ ਹੜੱਪਣ ਵਾਲੇ ਲੋਕਾਂ ਦੇ ਰਹਿਣ ਲਈ ਕੈਨੇਡਾ ਵੀ ਯੋਗ ਨਹੀਂ ਰਿਹਾ, ਕਿਉਂਕਿ ਇਸ ਮੁਲਕ ਦੀ ਬੁਨਿਆਦ ਇਮਾਨਦਾਰੀ, ਸੱਚਾਈ ਤੇ ਸਮਰਪਣ 'ਤੇ ਟਿਕੀ ਹੈ। ਇਸ ਦੇਸ਼ ਅੰਦਰ ਗੋਰੇ ਲੋਕ ਵੀ ਬਹੁਤ ਬਿਜ਼ਨੈੱਸ ਕਰਦੇ ਹਨ, ਉਨ੍ਹਾਂ ਵਲੋਂ ਕਿਸੇ ਦੇ ਡਾਲਰ ਹੜੱਪਣ ਜਾਂ ਘੱਟੋ-ਘੱਟ ਮਿੱਥੀ ਉਜਰਤ ਤੋਂ ਘੱਟ ਤਨਖਾਹ ਦੇਣ ਬਾਰੇ ਕਦੇ ਕੋਈ ਖਬਰ ਨਹੀਂ ਸੁਣੀ, ਪ੍ਰੰਤੂ ਪੰਜਾਬੀ ਬਿਜ਼ਨੈੱਸਮੈਨਾਂ ਬਾਰੇ ਅਜਿਹੇ ਕਿੱਸੇ ਆਮ ਹੀ ਸੁਣਨ ਨੂੰ ਮਿਲਦੇ ਹਨ।

ਕੈਨੇਡਾ ਦੇ ਸੂਬੇ ਓਨਟਾਰੀਓ ਦੇ ਟੋਰਾਂਟੋ ਤੇ ਬਰੈਂਪਟਨ ਸ਼ਹਿਰਾਂ ਅੰਦਰ ਟਰੱਕ ਉਦਯੋਗ ਨਾਲ ਸੰਬੰਧਿਤ ਬਿਜ਼ਨੈੱਸਮੈਨਾਂ ਵਲੋਂ ਆਪਣੇ ਡਰਾਈਵਰਾਂ ਜਾਂ ਹੋਰਨਾਂ ਕਾਮਿਆਂ ਦੇ ਡਾਲਰ ਹੜੱਪੇ ਜਾਣ ਤੇ ਕਾਮਿਆਂ ਵਲੋਂ ਇਕੱਠੇ ਹੋ ਕੇ ਬਿਜ਼ਨੈੱਸਮੈਨਾਂ ਦੇ ਘਰਾਂ ਜਾਂ ਦਫਤਰਾਂ ਦੇ ਘਿਰਾਓ ਕੀਤੇ ਗਏ। ਇਸੇ ਤਰ੍ਹਾਂ ਅਲਬਰਟਾ ਸੂਬੇ ਦੇ ਕੈਲਗਰੀ ਤੇ ਐਡਮਿੰਟਨ ਵਿਚ ਵੀ ਅਜਿਹੀਆਂ ਹੀ ਖਬਰਾਂ ਸੁਣਨ ਨੂੰ ਮਿਲੀਆਂ। ਹੁਣ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿਚ ਵੀ 'ਸਭ ਅੱਛਾ ਨਾ' ਹੋਣ ਦੀਆਂ ਖਬਰਾਂ ਸੁਣਨ ਨੂੰ ਮਿਲੀਆਂ ਹਨ। ਜਾਣਕਾਰੀ ਅਨੁਸਾਰ ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਤੇ ਸਰੀ ਦੇ ਕੁੱਝ ਕੁ ਬਿਜ਼ਨੈੱਸਮੈਨ ਵੀ ਅਜਿਹੇ ਹੀ ਰਾਹ ਤੁਰੇ ਹੋਏ ਹਨ। ਆਰਜੀ ਕਾਮੇ ਜਾਂ ਵਿਦਿਆਰਥੀ ਕੈਨੇਡਾ ਵਿਚ ਆਪਣੀ ਪੱਕੀ ਨਾਗਰਿਕਤਾ ਲੈਣ ਲਈ ਕਿਸੇ ਅੜਚਣ ਤੋਂ ਬਚਣ ਲਈ ਆਪਣੀ ਜ਼ੁਬਾਨ ਬੰਦ ਰੱਖਦੇ ਹਨ। ਕਿਸੇ ਵੀ ਮੀਡੀਆ ਸਾਧਨ ਦੁਆਰਾ ਇਨ੍ਹਾਂ ਧੱਕੇਸ਼ਾਹੀਆਂ ਖਿਲਾਫ ਬਹੁਤੇ ਆਪਣੀ ਆਵਾਜ਼ ਬੰਦ ਰੱਖਣੀ ਹੀ ਜ਼ਰੂਰੀ ਸਮਝਦੇ ਹਨ। ਇਹ ਵੀ ਪਤਾ ਲੱਗਾ ਹੈ ਕਿ ਟਰੱਕ ਉਦਯੋਗ ਅਤੇ ਬਿਨ੍ਹਾਂ ਸਕਿੱਲ ਉਦਯੋਗ ਨਾਲ ਸੰਬੰਧਿਤ ਜ਼ਿਆਦਾਤਰ ਬਿਜ਼ਨੈੱਸਮੈਨ ਆਪਣੇ ਕਾਮਿਆਂ ਦੀਆਂ ਉਜਰਤਾਂ ਨੂੰ ਆਨੇ-ਬਹਾਨੇ ਹੜੱਪ ਰਹੇ ਹਨ। ਹੋਰ ਤਾਂ ਹੋਰ ਅਜਿਹੇ ਪੈਸੇ ਹੜੱਪਣ ਵਾਲੇ ਲੋਕਾਂ ਵਲੋਂ ਸਮਾਜ ਅੰਦਰ ਆਪਣੇ ਵੱਡੇ ਸਮਾਜ ਸੇਵੀ ਹੋਣ ਦਾ ਮਖੌਟਾ ਵੀ ਪਾਇਆ ਜਾਂਦਾ ਹੈ। ਖੇਡ ਮੇਲਿਆਂ ਜਾਂ ਧਾਰਮਿਕ ਸਮਾਗਮਾਂ 'ਤੇ ਡਾਲਰ ਪਾਣੀ ਦੀ ਤਰ੍ਹਾਂ ਵਹਾ ਕੇ ਸਮਾਜ ਸੇਵੀ ਬਣਨ ਦਾ ਭਰਮ ਵੀ ਅਜਿਹੇ ਲੋਕ ਪਾਲਦੇ ਹਨ। ਇਸ ਸੰਬੰਧੀ ਪੀੜਤ ਕਾਮੇ ਭਾਵੇਂ ਸਾਹਮਣੇ ਨਹੀਂ ਆ ਰਹੇ ਪਰ ਦੱਬਵੀਂ ਸੁਰ ਵਿਚ ਗੱਲ ਕਰਦਿਆਂ ਇਸ ਸੰਬੰਧੀ ਸ਼ਿਕਾਇਤਾਂ ਲਗਾਤਾਰ ਕੈਨੇਡਾ ਦੇ ਹਰ ਰਾਜ ਦੇ ਇੰਪਲਾਇਮੈਂਟ ਸਟੈਂਡਰਡ ਬਰਾਂਚ ਨੂੰ ਜਾ ਰਹੀਆਂ ਹਨ। ਇਸ ਤੋਂ ਬਿਨ੍ਹਾਂ ਵੱਖ-ਵੱਖ ਹਲਕਿਆਂ ਦੇ ਮੈਂਬਰ ਪਾਰਲੀਮੈਂਟਾਂ ਨੂੰ ਵੀ ਇਨ੍ਹਾਂ ਧੱਕੇਸ਼ਾਹੀਆਂ ਬਾਰੇ ਜਾਣੂੰ ਕਰਵਾਇਆ ਜਾ ਰਿਹਾ ਹੈ, ਤਾਂ ਕਿ ਕਿਰਤੀਆਂ ਦੀ ਹੋ ਰਹੀ ਲੁੱਟ ਬਾਰੇ ਸਰਕਾਰ 'ਤੇ ਫੌਰੀ ਕਦਮ ਚੁੱਕਣ ਲਈ ਦਬਾਅ ਬਣਾਇਆ ਜਾ ਸਕੇ। ਇਸ ਤਰ੍ਹਾਂ ਆਪਣਿਆਂ ਵਲੋਂ ਆਪਣਿਆਂ ਦੀ ਹੋ ਰਹੀ ਲੁੱਟ ਨੇ ਜਿੱਥੇ ਕੈਨੇਡਾ ਦੇ ਨਿਆਰੇਪਣ ਨੂੰ ਠੇਸ ਪਹੁੰਚਾਈ ਹੈ, ਉੱਥੇ ਇਸ ਨਾਲ ਕਈ ਤਰ੍ਹਾਂ ਦੇ ਸਵਾਲ ਵੀ ਕੈਨੇਡਾ ਸਰਕਾਰ ਅਤੇ ਇੱਥੇ ਵਸਦੇ ਭਾਰਤੀ ਭਾਈਚਾਰੇ ਅੱਗੇ ਖੜ੍ਹੇ ਹੋਏ ਹਨ, ਜਿਨ੍ਹਾਂ ਦੇ ਜਬਾਵ ਦਿੱਤੇ ਬਿਨ੍ਹਾਂ ਛੁਟਕਾਰਾ ਸੰਭਵ ਨਹੀਂ।

# "1947 ਦੀ ਵੰਡ- ਇੱਕ ਇਤਿਹਾਸਕ ਵਿਸ਼ਲੇਸ਼ਣ"

ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ
(ਪੰਜਾਬ)।
ਪੰਜਾਬ ਮੇਲ USA



ਸੰਨ 1947 ਦੀ ਭਾਰਤ ਪਾਕਿਸਤਾਨ ਵੰਡ ਭਾਰਤੀ ਉਪ-ਮਹਾਦੀਪ ਦੇ ਇਤਿਹਾਸ ਦਾ ਸਭ ਤੋਂ ਦੁੱਖਦਾਈ ਅਤੇ ਖੂਨੀ ਅਧਿਆਇ ਸੀ। ਇਸ ਵੰਡ ਨੇ ਨਾ ਸਿਰਫ਼ ਦੋਹਾਂ ਦੇਸ਼ਾਂ ਦਾ ਰਾਜਨੀਤਿਕ ਨਕਸ਼ਾ ਹੀ ਬਦਲਿਆ, ਬਲਕਿ ਕਰੋੜਾਂ ਲੋਕਾਂ ਦੀ ਜ਼ਿੰਦਗੀ, ਸੰਸਕਾਰ, ਧਰਮ ਅਤੇ ਰਿਸ਼ਤੇ-ਨਾਤੇ ਵੀ ਬਰਬਾਦ ਕਰ ਦਿੱਤੇ।

## 1. ਵੰਡ ਦੇ ਮੁੱਖ ਕਾਰਣ

**1.1 ਬ੍ਰਿਟਿਸ਼ ਨਿਵੇਸ਼ੀ ਹਕੂਮਤ ਦੀ "ਵੰਡੋ ਤੇ ਰਾਜ ਕਰੋ" ਨੀਤੀ**

ਬ੍ਰਿਟਿਸ਼ ਹਕੂਮਤ ਨੇ 19ਵੀਂ ਸਦੀ ਦੇ ਅੰਤ ਤੋਂ ਹੀ ਹਿੰਦੂ-ਮੁਸਲਿਮ ਵੰਡ ਨੂੰ ਰਾਜਨੀਤਿਕ ਤੌਰ 'ਤੇ ਵਧਾਉਣ ਦੀ ਰਣਨੀਤੀ ਅਪਣਾਈ। 1909 ਦੇ ਮਿੰਟੋ-ਮੋਰਲੇ ਸੁਧਾਰਾਂ ਵਿਚ ਮੁਸਲਮਾਨਾਂ ਲਈ ਅਲੱਗ ਚੋਣ ਪ੍ਰਣਾਲੀ (**Separate Electorates**) ਦੀ ਸ਼ੁਰੂਆਤ ਹੋਈ, ਜਿਸ ਨਾਲ ਸਾਂਝੇ ਰਾਸ਼ਟਰੀ ਅੰਦੋਲਨ ਦੀ ਬੁਨਿਆਦ ਕਮਜ਼ੋਰ ਹੋਈ।

### 1.2 ਧਾਰਮਿਕ ਰਾਜਨੀਤੀ ਦਾ ਉੱਭਾਰ

1920 ਅਤੇ 1930 ਦੇ ਦਹਾਕਿਆਂ ਵਿਚ ਆਰ.ਐੱਸ.ਐੱਸ., ਹਿੰਦੂ ਮਹਾਸਭਾ ਅਤੇ ਦੂਜੇ ਪਾਸੇ ਮੁਸਲਿਮ ਲੀਗ ਵਰਗੀਆਂ ਧਾਰਮਿਕ ਆਧਾਰਿਤ ਰਾਜਨੀਤਿਕ ਸੰਸਥਾਵਾਂ ਮਜ਼ਬੂਤ ਹੋਈਆਂ। 1940 ਦੇ ਲਾਹੌਰ ਪ੍ਰਸਤਾਵ 'ਚ ਮੁਸਲਿਮ ਲੀਗ ਨੇ ਵੱਖਰੇ ਮੁਲਕ ਪਾਕਿਸਤਾਨ ਦੀ ਖੁੱਲ੍ਹੇ ਸ਼ਬਦਾਂ ਵਿਚ ਮੰਗ ਕੀਤੀ।



### 1.3 ਕਮਜ਼ੋਰ ਕੇਂਦਰੀ ਨੇਤ੍ਰਿਤਵ ਅਤੇ ਰਾਜਨੀਤਿਕ ਅਸਹਿਮਤੀ

ਕਾਂਗਰਸ, ਮੁਸਲਿਮ ਲੀਗ ਅਤੇ ਸਿੱਖ ਨੇਤ੍ਰਿਤਵ ਵਿਚ ਆਪਸੀ ਭਰੋਸੇ ਅਤੇ ਸਹਿਮਤੀ ਦੀ ਘਾਟ ਸੀ। ਕੇਂਦਰ ਵਿਚ ਸੱਤਾ ਸਾਂਝੀ ਕਰਨ ਲਈ ਇਕੱਠੀ ਰਣਨੀਤੀ ਨਹੀਂ ਬਣੀ। ਬ੍ਰਿਟਿਸ਼ ਹਕੂਮਤ ਨੇ ਇਸ ਅਸਹਿਮਤੀ ਦਾ ਲਾਭ ਲੈ ਕੇ ਵੰਡ ਨੂੰ ਇੱਕ "ਹੱਲ" ਵਜੋਂ ਪੇਸ਼ ਕੀਤਾ।

## 2. ਖੂਨ-ਖ਼ਰਾਬਾ ਅਤੇ ਮਨੁੱਖੀ ਸੰਕਟ

### 2.1 ਵੱਡੇ ਪੱਧਰ 'ਤੇ ਹਿੰਸਾ

ਅਗਸਤ 1947 ਵਿਚ ਜਦੋਂ ਵੰਡ ਦਾ ਐਲਾਨ ਹੋਇਆ, ਪੰਜਾਬ ਅਤੇ ਬੰਗਾਲ ਖ਼ਾਸ ਕਰਕੇ ਸਭ ਤੋਂ ਵੱਧ ਪ੍ਰਭਾਵਿਤ ਹੋਏ। ਅੰਦਾਜ਼ੇ ਅਨੁਸਾਰ 10 ਤੋਂ 15 ਲੱਖ ਬੇਕਸੂਰ ਲੋਕ ਮਾਰੇ ਗਏ। ਰੇਲਗੱਡੀਆਂ ਲਾਸ਼ਾਂ ਨਾਲ ਭਰ-ਭਰ ਕੇ ਇਕ ਦੂਸਰੇ ਦੇ ਮੁਲਕਾਂ ਨੂੰ ਪਹੁੰਚੀਆਂ ਸਨ।

### 2.2 ਜਨਸੰਖਿਆ ਦੀ ਵੱਡੀ ਉਥਲ-ਪੁਥਲ

ਕਰੀਬ 1.4 ਕਰੋੜ ਲੋਕਾਂ ਨੇ ਆਪਣਾ ਘਰ ਬਾਰ, ਜੱਦੀ ਪੁਸ਼ਤੀ ਜ਼ਮੀਨਾਂ ਜਾਇਦਾਦਾਂ, ਮਾਲ ਅਸਬਾਬ ਅਤੇ ਡੰਗਰਾਂ ਨੂੰ ਲਾਵਾਰਸਾਂ ਵਾਂਗ ਛੱਡਿਆ। ਇਹ ਇਤਿਹਾਸ ਵਿਚ ਨਾ ਭੁੱਲਣ ਯੋਗ ਖ਼ੂਨੀ ਘਲੂਘਾਰਿਆਂ ਵਿਚੋਂ ਇੱਕ ਸੀ। ਪਿੰਡਾਂ ਦੇ ਪਿੰਡ ਸਾੜ ਦਿੱਤੇ ਗਏ ਸਨ, ਲੱਖਾਂ ਔਰਤਾਂ ਨਾਲ ਜਬਰ-ਜ਼ਿਨਾਹ ਕੀਤਾ ਗਿਆ, ਲੱਖਾਂ ਬੱਚੇ ਅਨਾਥ ਹੋਏ ਅਤੇ ਅਣਗਣਿਤ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

### 2.3 ਮਨੋਵਿਗਿਆਨਕ ਸਦਮੇ

ਖ਼ੂਨੀ ਹਿੰਸਾ ਦਾ ਦ੍ਰਿਸ਼, ਦੋਸਤਾਂ ਮਿੱਤਰਾਂ ਅਤੇ ਸਕੇ ਸਬੰਧੀਆਂ ਦੀ ਮੌਤ ਅਤੇ ਆਪਣੇ ਜੱਦੀ ਪੁਸ਼ਤੀ ਘਰ ਜ਼ਬਰਦਸਤੀ ਛੱਡਣ ਕਾਰਨ ਲੋਕਾਂ ਦੇ ਮਨ 'ਤੇ ਡੂੰਘੇ ਜ਼ਖ਼ਮ ਛੱਪ ਗਏ, ਜੋ ਪੀੜ੍ਹੀਆਂ ਤੱਕ ਚਲਦੇ ਆ ਰਹੇ ਹਨ।

## 3. ਨ਼ਫ਼ਰਤਾਂ ਦੇ ਲੰਬੇ-ਸਮੇ ਦੇ ਪ੍ਰਭਾਵ

### 3.1 ਸਾਂਝੇ ਸਭਿਆਚਾਰ ਦਾ ਟੁੱਟਣਾ

ਪੰਜਾਬ, ਬੰਗਾਲ ਅਤੇ ਹੋਰ ਖੇਤਰਾਂ ਵਿਚ ਸਦੀਆਂ ਤੋਂ ਬਣੀ ਹਿੰਦੂ-ਮੁਸਲਿਮ-ਸਿੱਖ ਸਾਂਝ ਟੁੱਟ ਗਈ। ਭਾਸ਼ਾ, ਸੰਗੀਤ, ਸਾਹਿਤ ਵਿਚ ਆਈ ਮਿਲਣਸਾਰਤਾ ਨੂੰ ਗੰਭੀਰ ਝਟਕਾ ਲੱਗਾ।

### 3.2 ਰਾਜਨੀਤਿਕ ਦੁਸ਼ਮਣੀ ਦੀ ਸ਼ੁਰੂਆਤ

ਭਾਰਤ ਅਤੇ ਪਾਕਿਸਤਾਨ ਦੇ ਰਿਸ਼ਤਿਆਂ ਵਿਚ ਸ਼ੱਕ, ਜੰਗਾਂ ਅਤੇ ਸੀਮਾਂ ਖੇਤਰ ਦੀ ਹੱਦਬੰਦੀ ਟਕਰਾਅ ਆਮ ਹੋ ਗਏ। ਕਸ਼ਮੀਰ ਸੂਬੇ ਦਾ ਮਾਮਲਾ ਇਸ ਨਫ਼ਰਤ ਦਾ ਕੇਂਦਰ ਬਣਿਆ।

### 3.3 ਸਮਾਜਿਕ ਮਨੋਵਿਰਤੀ ਵਿੱਚ ਬਦਲਾਅ

ਵੰਡ ਤੋਂ ਬਾਅਦ ਧਾਰਮਿਕ ਪਛਾਣ ਨੂੰ ਰਾਸ਼ਟਰੀ ਪਛਾਣ ਤੋਂ ਉੱਪਰ ਰੱਖਣ ਦੀ ਪ੍ਰਵਿਰਤੀ ਵੱਧੀ, ਜਿਸ ਨੇ ਦੋਵੇਂ ਦੇਸ਼ਾਂ ਵਿਚ ਅੰਦਰੂਨੀ ਸਾਂਝ ਨੂੰ ਕਮਜ਼ੋਰ ਕੀਤਾ।

## 4. ਇਤਿਹਾਸਕ ਸਬਕ

1947 ਦੀ ਵੰਡ ਸਮਾਜ ਨੂੰ ਸੇਧ ਦਿੰਦੀ ਹੈ ਕਿ ਧਾਰਮਿਕ ਧਰੁਵੀਕਰਨ, ਰਾਜਨੀਤਿਕ ਅਸਹਿਮਤੀ ਅਤੇ ਬਾਹਰੀ ਸ਼ਕਤੀਆਂ ਦੇ ਦਬਾਅ ਦਾ ਮਿਲਾਪ ਹਮੇਸ਼ਾ ਮਾਰੂ ਨਤੀਜੇ ਲਿਆਉਂਦਾ ਹੈ। ਭਾਈਚਾਰਕ ਸਾਂਝ, ਇਨਸਾਨੀਅਤ ਅਤੇ ਸੱਭਿਆਚਾਰਕ ਏਕਤਾ ਹੀ ਕਿਸੇ ਭੀ ਬਹੁ-ਧਾਰਮਿਕ ਸਮਾਜ ਦੀ ਟਿਕਾਊ ਨੀਂਹ ਹੁੰਦੀ ਹੈ। 1947 ਦੀ ਵੰਡ ਸਿਰਫ਼ ਰਾਜਨੀਤਿਕ ਘਟਨਾ ਹੀ ਨਹੀਂ ਸੀ, ਇਹ ਮਨੁੱਖੀ ਦੁੱਖ ਨੂੰ ਬਿਆਨ ਕਰਦੀ ਭੂਤ, ਵਰਤਮਾਨ ਅਤੇ ਭਵਿੱਖ ਕਾਲ ਦੀ ਸਭ ਤੋਂ ਦੁੱਖਦਾਇਕ ਇਤਿਹਾਸਿਕ ਘਟਨਾ ਸੀ। ਇਸ ਵੰਡ ਨੇ ਸਾਬਤ ਕੀਤਾ ਕਿ ਜਦੋਂ ਰਾਜਨੀਤਿਕ ਸਵਾਰਥ ਮਨੁੱਖਤਾ 'ਤੇ ਹਾਵੀ ਹੋ ਜਾਂਦਾ ਹੈ, ਤਾਂ ਇਤਿਹਾਸ ਲਹੂ ਨਾਲ ਲਿਖਿਆ ਜਾਂਦਾ ਹੈ।

# ਉਤਰੀ ਭਾਰਤ ਦੀ ਸਰਵੋਤਮ ਵਿਦਿਅਕ ਸੰਸਥਾ: ਮਹਿੰਦਰਾ ਕਾਲਜ ਪਟਿਆਲਾ

## 150ਵੇਂ ਸਥਾਪਨਾ ਦਿਵਸ 'ਤੇ ਵਿਸ਼ੇਸ਼

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲUSA



ਉਤਰੀ ਭਾਰਤ ਦੀ ਸਭ ਤੋਂ ਪੁਰਾਣੀ ਅਤੇ ਸਰਵੋਤਮ ਵਿਦਿਅਕ ਸੰਸਥਾ ਮਹਿੰਦਰਾ ਕਾਲਜ ਪਟਿਆਲਾ 150 ਸਾਲ ਦੀ ਹੋ ਗਈ ਹੈ। 19 ਅਗਸਤ 2025 ਨੂੰ ਇਸਦਾ 150ਵਾਂ ਸਥਾਪਨਾ ਦਿਵਸ ਮਨਾਇਆ ਗਿਆ ਹੈ। ਪਟਿਆਲਾ ਰਿਆਸਤ ਦੇ ਮਹਾਰਾਜਾ ਨਰਿੰਦਰ ਸਿੰਘ ਨੇ 1860 ਵਿਚ ਪਟਿਆਲਾ ਰਿਆਸਤ ਵਿਚ ਭਾਸ਼ਾਵਾਂ ਦੀ ਪੜ੍ਹਾਈ ਲਈ 'ਭਾਸ਼ਾ ਸਕੂਲ' ਸ਼ੁਰੂ ਕੀਤਾ, ਜਿਸ ਵਿਚ ਸੰਸਕ੍ਰਿਤ, ਪਰਸ਼ੀਅਨ ਅਤੇ ਅਰੈਬਿਕ, ਤਿੰਨ ਵਿਸ਼ਿਆਂ ਦੀ ਪੜ੍ਹਾਈ ਕਰਵਾਈ ਜਾਂਦੀ ਸੀ। ਨਰਿੰਦਰ ਸਿੰਘ ਦੇ ਸਵਰਗਵਾਸ ਹੋ ਜਾਣ ਤੋਂ ਬਾਅਦ ਮਹਾਰਾਜਾ ਮਹਿੰਦਰ ਸਿੰਘ ਨੇ ਬ੍ਰਿਟਿਸ਼ ਇੰਡੀਆ ਦੇ ਵਿਦਿਆ ਵਿਭਾਗ ਦੀ ਪੈਟਰਨ 'ਤੇ 13 ਜੂਨ 1870 ਨੂੰ ਪਟਿਆਲਾ ਰਿਆਸਤ ਵਿਚ ਵਿਦਿਆ ਵਿਭਾਗ ਸਥਾਪਤ ਕੀਤਾ। ਮਹਾਰਾਜਾ ਮਹਿੰਦਰ ਸਿੰਘ ਨੇ 1872 ਵਿਚ ਇਸ 'ਭਾਸ਼ਾ ਸਕੂਲ' ਨੂੰ ਅਪਗ੍ਰੇਡ ਕਰਕੇ ਕਾਲਜ ਬਣਾ ਦਿੱਤਾ। 1873 ਵਿਚ ਇਸ ਕਾਲਜ ਦੇ 300 ਵਿਦਿਆਰਥੀਆਂ ਨੇ ਕਲਕੱਤਾ ਯੂਨੀਵਰਸਿਟੀ ਦਾ ਐਂਟਰੈਂਸ ਇਮਤਿਹਾਨ ਦਿੱਤਾ, ਜਿਸ ਕਰਕੇ ਇਹ ਕਾਲਜ 1873 ਵਿਚ ਕਲਕੱਤਾ ਯੂਨੀਵਰਸਿਟੀ ਨਾਲ ਐਫ਼ੀਲੀਏਟਿਡ ਹੋ ਗਿਆ। ਉਸ ਸਮੇਂ ਇਸ ਕਾਲਜ ਦੇ ਵਿਦਿਆਰਥੀਆਂ ਦੀਆਂ ਤਿੰਨ ਥਾਵਾਂ, ਸਮਾਣੀਆਂ ਗੇਟ, ਢੱਕ ਬਾਜ਼ਾਰ ਅਤੇ ਤ੍ਰਿਵੈਣੀ ਚੌਕ ਵਿਚ ਕਲਾਸਾਂ ਲੱਗਦੀਆਂ ਸਨ। ਮਹਿੰਦਰਾ ਕਾਲਜ ਪਟਿਆਲਾ ਦੀ ਇਮਾਰਤ ਦਾ ਨੀਂਹ ਪੱਥਰ 30 ਮਾਰਚ 1875 ਨੂੰ ਪਟਿਆਲਾ ਰਿਆਸਤ ਦੇ ਮਹਾਰਾਜਾ ਮਹਿੰਦਰ ਸਿੰਘ ਨੇ ਲਾਰਡ ਨਾਰਥ ਬਰੁਕ ਗਵਰਨਰ ਜਨਰਲ ਐਂਡ ਵਾਇਸਰਾਇ ਆਫ਼ ਇੰਡੀਆ ਦੀ ਹਾਜ਼ਰੀ ਵਿਚ ਰੱਖਿਆ ਸੀ। ਪਟਿਆਲਾ ਸਟੇਟ ਦੇ ਉਦੋਂ ਦੇ ਪ੍ਰਧਾਨ ਮੰਤਰੀ ਖ਼ਲੀਫ਼ਾ ਸਈਅਦ ਹੁਸੈਨ ਮੁਹੰਮਦ ਖ਼ਾਨ ਨੇ 1877 ਵਿਚ ਆਪਣੀ ਉਰਦੂ ਭਾਸ਼ਾ ਵਿਚ ਲਿਖੀ ਪੁਸਤਕ 'ਤਾਰੀਖੇ ਪਟਿਆਲਾ' ਵਿਚ ਲਿਖਿਆ ਹੈ ਕਿ ਉਸ ਸਮੇਂ ਪਟਿਆਲਾ ਰਿਆਸਤ ਵਿਚ 90 ਵਿਦਿਅਕ ਅਦਾਰੇ ਸਨ, ਜਿਨ੍ਹਾਂ ਵਿਚ 6000 ਵਿਦਿਆਰਥੀ ਪੜ੍ਹਦੇ ਸਨ, ਪ੍ਰੰਤੂ ਉਚ ਪੜ੍ਹਾਈ ਦੀ ਕੋਈ ਸੰਸਥਾ ਉਤਰੀ ਭਾਰਤ ਵਿਚ ਨਹੀਂ ਸੀ। ਇਸ ਕਰਕੇ ਮਹਾਰਾਜਾ ਮਹਿੰਦਰ ਸਿੰਘ ਨੇ ਇੱਕ ਕਾਲਜ ਸਥਾਪਤ ਕਰਨ ਦੀ ਯੋਜਨਾ ਬਣਾਈ ਸੀ। ਉਹ ਆਪਣੀ ਰਿਆਸਤ ਦੇ ਲੋਕਾਂ ਨੂੰ ਸਿੱਖਿਅਤ ਕਰਨਾ ਚਾਹੁੰਦੇ ਸਨ। ਨੀਂਹ ਪੱਥਰ ਰੱਖਣ ਦੇ ਸਮੇਂ ਵਾਇਸਰਾਇ ਨੇ ਕੁਆਲਿਟੀ ਐਜੂਕੇਸ਼ਨ ਦੇਣ ਦੀ ਤਾਕੀਦ ਕੀਤੀ ਸੀ, ਇਸ ਮੰਤਵ ਲਈ ਵਿਦਿਆਰਥੀਆਂ ਵਿਚ ਉਤਸ਼ਾਹ ਪੈਦਾ ਕਰਨ ਲਈ ਉਸਨੇ ਇੱਕ ਸੋਨੇ ਦਾ ਮੈਡਲ ਦਿੱਤਾ ਸੀ। ਮਹਿੰਦਰਾ ਕਾਲਜ ਵਿਚ ਪੜ੍ਹਾਈ ਦਾ ਪਹਿਲਾ ਸੈਸ਼ਨ 1877 ਵਿਚ ਇੰਟਰਮੀਡੀਏਟ ਕਲਾਸਾਂ ਲਈ ਸ਼ੁਰੂ ਹੋਇਆ ਸੀ। ਉਸ ਸਮੇਂ 92 ਵਿਦਿਆਰਥੀਆਂ ਨੇ ਦਾਖ਼ਲਾ ਲਿਆ ਸੀ। ਮਹਿੰਦਰਾ ਕਾਲਜ ਦੀ ਇਮਾਰਤ ਦੀ ਪੂਰੀ ਉਸਾਰੀ ਕਰਨ ਵਿਚ 9 ਸਾਲ ਲੱਗ ਗਏ ਸਨ। ਇਸਦਾ ਉਦਘਾਟਨ 17 ਮਾਰਚ 1884 ਨੂੰ ਲਾਰਡ ਰਿਪਨ ਵਾਇਸਰਾਇ ਆਫ਼ ਬ੍ਰਿਟਿਸ਼ ਇੰਡੀਆ ਨੇ ਕੀਤਾ ਸੀ। 1887 ਵਿਚ ਗ੍ਰੈਜੂਏਸ਼ਨ ਤੱਕ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ, 1912 ਵਿਚ ਮੈਥੇਮੈਟਿਕਸ ਦੀ ਪੋਸਟ ਗ੍ਰੈਜੂਏਸ਼ਨ, 1922 ਵਿਚ ਫਿਲਾਸਫ਼ੀ ਅਤੇ 1949 ਵਿਚ ਪੰਜਾਬੀ ਦੀ ਪੋਸਟ ਗ੍ਰੈਜੂਏਸ਼ਨ ਦੀਆਂ ਕਲਾਸਾਂ ਸ਼ੁਰੂ ਹੋ ਗਈਆਂ ਸਨ। 1937 ਤੱਕ ਸਾਰੇ ਵਿਦਿਆਰਥੀਆਂ ਨੂੰ ਗ੍ਰੈਜੂਏਸ਼ਨ ਤੱਕ ਮੁਫ਼ਤ ਪੜ੍ਹਾਈ ਕਰਵਾਈ ਜਾਂਦੀ ਸੀ। ਇਸ ਕਾਲਜ ਲਈ ਮਾਣ ਦੀ ਗੱਲ ਹੈ ਕਿ ਭਾਰਤ ਦੇ ਸਾਬਕਾ ਰਾਸ਼ਟਰਪਤੀ ਐੱਸ. ਰਾਧਾਕ੍ਰਿਸ਼ਨਨ ਅਤੇ ਅੰਗਰੇਜ਼ੀ ਦੇ ਨਾਵਲਿਸਟ ਈ.ਐੱਮ. ਫਾਸਟਰ ਨੇ ਇਸ ਕਾਲਜ ਦਾ ਦੌਰਾ ਕੀਤਾ ਸੀ।







ਇਸ ਕਾਲਜ ਦੀ ਸਥਾਪਨਾ ਨੂੰ 150 ਸਾਲ ਹੋ ਗਏ ਹਨ। ਮਹਿੰਦਰਾ ਕਾਲਜ ਦੀ ਇਮਾਰਤ ਦਾ ਨੀਂਹ ਪੱਥਰ ਮਹਾਰਾਜਾ ਪਟਿਆਲਾ ਮਹਿੰਦਰ ਸਿੰਘ ਦੇ ਉਦਮ ਨਾਲ ਰੱਖਿਆ ਗਿਆ ਸੀ, ਇਸ ਕਰਕੇ ਇਸਦਾ ਨਾਮ ਮਹਿੰਦਰਾ ਕਾਲਜ ਰੱਖਿਆ ਗਿਆ। ਕਾਲਜ ਦਾ ਨੀਂਹ ਪੱਥਰ ਰੱਖਣ ਤੋਂ ਇੱਕ ਸਾਲ ਬਾਅਦ 1876 ਵਿਚ ਮਹਾਰਾਜਾ ਮਹਿੰਦਰ ਸਿੰਘ ਸਵਰਗਵਾਸ ਹੋ ਗਏ ਸਨ। ਮਹਾਰਾਜਾ ਮਹਿੰਦਰ ਸਿੰਘ ਦੇ ਸਵਰਗਵਾਸ ਹੋਣ ਤੋਂ ਬਾਅਦ ਉਨ੍ਹਾਂ ਦੇ ਵਾਰਸ ਮਹਾਰਾਜਾ ਰਾਜਿੰਦਰ ਸਿੰਘ ਨੇ ਇਸ ਕਾਲਜ ਦੀ ਉਸਾਰੀ ਨੂੰ ਜਾਰੀ ਰੱਖਿਆ ਤੇ ਉਸਾਰੀ ਮੁਕੰਮਲ ਕਰਵਾਈ ਸੀ। ਉਸਾਰੀ ਦਾ ਸਾਰਾ ਖ਼ਰਚਾ ਪਟਿਆਲਾ ਰਿਆਸਤ ਨੇ ਕੀਤਾ ਸੀ। ਉਸ ਸਮੇਂ ਉਤਰੀ ਭਾਰਤ ਵਿਚ ਕੋਈ ਵੀ ਕਾਲਜ ਨਹੀਂ ਸੀ। ਲਾਹੌਰ ਅਤੇ ਦਿੱਲੀ ਵਿਚ ਵੀ ਕੋਈ ਕਾਲਜ ਨਹੀਂ ਸੀ। ਉਸ ਸਮੇਂ ਕਲਕੱਤਾ ਬ੍ਰਿਟਿਸ਼ ਰਾਜ ਦੀ ਰਾਜਧਾਨੀ ਹੁੰਦਾ ਸੀ, ਇਹ ਕਾਲਜ ਕਲਕੱਤਾ ਯੂਨੀਵਰਸਿਟੀ ਨਾਲ ਐਫ਼ੀਲੀਏਟਿਡ ਸੀ। ਮਹਿੰਦਰਾ ਕਾਲਜ ਉੱਤਰੀ ਭਾਰਤ ਵਿਚ ਸਮਕਾਲੀ ਉੱਚ ਵਿਦਿਆ ਦੀ ਸਭ ਤੋਂ ਪੁਰਾਣੀ ਸੰਸਥਾ ਹੈ। 1882 ਵਿਚ ਲਾਹੌਰ ਵਿਖੇ ਪੰਜਾਬ ਯੂਨੀਵਰਸਿਟੀ ਬਣਾਈ ਗਈ, ਮਹਿੰਦਰਾ ਕਾਲਜ ਫਿਰ ਪੰਜਾਬ ਯੂਨੀਵਰਸਿਟੀ ਲਾਹੌਰ ਨਾਲ ਲਗਾ ਦਿੱਤਾ ਗਿਆ। ਦੇਸ਼ ਦੀ 1947 ਵਿਚ ਵੰਡ ਤੋਂ ਬਾਅਦ ਮਹਿੰਦਰਾ ਕਾਲਜ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ 1962 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਬਣ ਜਾਣ ਨਾਲ ਉਸ ਨਾਲ ਅਟੈਚ ਕਰ ਦਿੱਤਾ ਗਿਆ। ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਵਿਚ ਵੀ ਮਹਾਰਾਜਾ ਯਾਦਵਿੰਦਰਾ ਸਿੰਘ ਦਾ ਯੋਗਦਾਨ ਸੀ। ਮਹਾਰਾਜਾ ਪਟਿਆਲਾ ਨੇ ਇਸ ਕਾਲਜ ਵਿਚ ਪ੍ਰਿੰਸੀਪਲ ਸਣੇ ਪੜ੍ਹਾਉਣ ਵਾਲੇ ਸਾਰੇ ਅਧਿਆਪਕ ਬੰਗਾਲ ਵਿਚੋਂ ਹੀ ਵਧੇਰੇ ਤਨਖ਼ਾਹਾਂ ਦੇ ਕੇ ਲਿਆਂਦੇ ਸਨ। ਉਨ੍ਹਾਂ ਦੇ ਰਹਿਣ-ਸਹਿਣ ਦਾ ਸਾਰਾ ਪ੍ਰਬੰਧ ਕੀਤਾ ਗਿਆ ਸੀ, ਤਾਂ ਜੋ ਉਨ੍ਹਾਂ ਨੂੰ ਕੋਈ ਸਮੱਸਿਆ ਨਾ ਹੋਵੇ। 44 ਸਾਲ ਅਰਥਾਤ 1919 ਤੱਕ ਮਹਿੰਦਰਾ ਕਾਲਜ ਵਿਚ ਪੜ੍ਹਾਉਣ ਵਾਲੇ ਬਹੁਤੇ ਅਧਿਆਪਕ ਬੰਗਾਲ ਤੋਂ ਹੀ ਆਉਂਦੇ ਰਹੇ। ਮਹਿੰਦਰਾ ਕਾਲਜ ਦਾ ਪਹਿਲਾ ਪ੍ਰਿੰਸੀਪਲ ਜੋਗਿੰਦਰ ਨਾਥ ਮੁਖਰਜੀ ਸਨ, ਜਿਹੜੇ 1886 ਤੱਕ ਪ੍ਰਿੰਸੀਪਲ ਰਹੇ। ਫਿਰ ਦਵਾਰਕਾ ਦਾਸ, ਅਤੁਲ ਘੋਸ਼, ਐਡਮੰਡ ਕੈਂਡਲਰ, ਟੀ.ਐੱਲ. ਵਾਸਵਾਨੀ, ਮਨਮੋਹਨ ਸਿੰਘ, ਏ.ਕੇ. ਸ਼ਰਮਾ, ਵਿਸ਼ਵ ਨਾਥ, ਬੀ.ਐੱਨ. ਖੋਸਲਾ, ਐੱਚ.ਕੇ. ਭੱਟਾਚਾਰੀਆ, ਤੇਜਾ ਸਿੰਘ, ਡਾ. ਭਗਤ ਸਿੰਘ ਤੇ ਗੁਰਸੇਵਕ ਸਿੰਘ ਪ੍ਰਿੰਸੀਪਲ



ਰਹੇ। ਇਹ ਸਾਰੇ ਉੱਚ ਕੋਟੀ ਦੇ ਸਿੱਖਿਆ ਸ਼ਾਸਤਰੀ ਸਨ। ਇਸ ਤੋਂ ਇਲਾਵਾ ਟੀ.ਐੱਲ. ਵਾਸਵਾਨੀ ਦੇ ਮਾਣ ਵਿਚ ਇੱਕ ਪੋਸਟਲ ਟਿਕਟ ਵੀ ਜਾਰੀ ਹੋਈ ਸੀ। ਲੀਜੈਂਡਰੀ ਅਧਿਆਪਕ ਕੇ.ਕੇ. ਮੁਕਰਜੀ, ਐੱਮ.ਆਰ. ਕੋਹਲੀ, ਪ੍ਰੀਤਮ ਸਿੰਘ ਅਤੇ ਕੇ.ਐੱਲ. ਬੁਧੀਰਾਜਾ ਵੀ ਕਾਲਜ ਦਾ ਮਾਣ ਸਨ। ਬੰਗਾਲ ਤੋਂ ਆਏ ਸਾਰੇ ਪਰਿਵਾਰ ਪਟਿਆਲਾ ਵਿਚ ਹੀ ਵਸ ਗਏ ਸਨ। ਉਨ੍ਹਾਂ ਦੇ ਰਿਹਾਇਸ਼ੀ ਇਲਾਕੇ ਨੂੰ ਬੰਗਾਲੀ ਮਹੱਲਾ ਕਿਹਾ ਜਾਂਦਾ ਸੀ, ਜਿਹੜਾ ਪਟਿਆਲਾ ਅੰਦਰੂਨ ਸ਼ਹਿਰ ਦੇ ਟੋਭਾ ਧਿਆਨਾ ਦੇ ਕੋਲ ਸੀ।

ਪਟਿਆਲਾ ਰਿਆਸਤ ਦੇ ਮਹਾਰਾਜਿਆਂ ਦੀ ਪਟਿਆਲਾ ਵਿਚ ਮਹਿੰਦਰਾ ਕਾਲਜ ਨੂੰ ਬਣਾਉਣ ਦੀ ਸੇਵਾ ਨੂੰ ਪੰਜਾਬ ਕਦੀਂ ਵੀ ਭੁੱਲ ਨਹੀਂ ਸਕਦਾ। ਰਾਜਿੰਦਰਾ ਮੈਡੀਕਲ ਕਾਲਜ ਵੀ ਮਹਾਰਾਜਾ ਰਾਜਿੰਦਰ ਸਿੰਘ ਨੇ ਬਣਾਇਆ ਸੀ। ਇਸ ਤੋਂ ਇਲਾਵਾ ਯਾਦਵਿੰਦਰਾ ਪਬਲਿਕ ਸਕੂਲ ਵੀ ਮਹਾਰਾਜਾ ਪਟਿਆਲਾ ਨੇ ਬਣਾਇਆ ਸੀ। ਮਹਿੰਦਰਾ ਕਾਲਜ 21 ਏਕੜ ਰਕਬੇ ਵਿਚ ਯੂਨਾਨੀ, ਅਰੈਬੀਅਨ ਅਤੇ ਭਾਰਤੀ ਆਰਕੀਟੈਕਚਰ ਦੇ ਸੁਮੇਲ ਨਾਲ ਉਸਾਰਿਆ ਹੋਇਆ ਹੈ। ਵਾਸਤੂਕਲਾ ਅਨੁਸਾਰ ਉਚੇ ਬੁਰਜ ਤੇ ਗੁੰਬਦ ਬਣਾਏ ਹੋਏ ਹਨ, ਇਸ ਦੀ ਉਸਾਰੀ ਲਈ ਅੰਗਰੇਜ਼ ਆਰਕੀਟੈਕਟ ਨੂੰ ਲਿਆਂਦਾ ਗਿਆ। ਗਰਮੀ ਅਤੇ ਸਰਦੀ ਦੇ ਬਚਾਓ ਲਈ ਕਮਰਿਆਂ ਦੀਆਂ ਛੱਤਾਂ 18 ਫੁੱਟ ਉਚੀਆਂ ਪਾਈਆਂ ਗਈਆਂ। ਇੱਥੋਂ ਤੱਕ ਕਿ ਅੰਗੀਠੀਆਂ ਰੱਖਣ ਦੇ ਪ੍ਰਬੰਧ ਵੀ ਕੀਤੇ ਹੋਏ ਹਨ। ਇਮਾਰਤਸਾਜ਼ੀ ਵੀ ਕਮਾਲ ਦੀ ਹੈ। ਇਸ ਵਿਰਾਸਤੀ ਇਮਾਰਤ ਦੇ ਰੱਖ ਰਖਾਵ ਲਈ ਪੰਜਾਬ ਸਰਕਾਰ ਨੂੰ ਵਿਰਾਸਤੀ ਪੁਰਾਤਤਵ ਦੇ ਮਾਹਿਰਾਂ ਦੀ ਰਾਏ ਲੈਣੀ ਚਾਹੀਦੀ ਹੈ, ਤਾਂ ਜੋ ਇਹ ਇਮਾਰਤ ਸਦੀਆਂ ਤੱਕ ਕਾਇਮ ਰਹਿ ਸਕੇ। ਇਸ ਸਮੇਂ ਇਸ ਦੀ ਰੱਖ ਰਖਾਈ ਦਾ ਕੰਮ ਲੋਕ ਨਿਰਮਾਣ ਵਿਭਾਗ ਕਰ ਰਿਹਾ ਹੈ। ਮਹਿੰਦਰਾ ਕਾਲਜ ਦੇ ਬਣਨ ਨਾਲ ਪੰਜਾਬੀਆਂ ਨੂੰ ਉੱਚ ਵਿਦਿਆ ਪ੍ਰਾਪਤ ਕਰਨ ਦੇ ਮੌਕੇ ਮਿਲ ਗਏ। ਇਸ ਤੋਂ ਪਹਿਲਾਂ ਉਤਰੀ ਭਾਰਤ ਵਿਚ ਉੱਚ ਪੜ੍ਹਾਈ ਦੀ ਸਹੂਲਤ ਨਹੀਂ ਸੀ। ਮਹਿੰਦਰਾ ਕਾਲਜ ਪੰਜਾਬ ਦੀ ਖ਼ੁਸ਼ਹਾਲੀ ਦਾ ਪ੍ਰਤੀਕ ਬਣਿਆਂ, ਕਿਉਂਕਿ ਹਜ਼ਾਰਾਂ ਵਿਦਿਆਰਥੀਆਂ ਨੇ ਮਹਿੰਦਰਾ ਕਾਲਜ ਵਿਚੋਂ ਸਿੱਖਿਆ ਪ੍ਰਾਪਤ ਕਰਕੇ ਸੰਸਾਰ ਵਿਚ ਭਾਰਤ ਦਾ ਨਾਮ ਵੱਖ-ਵੱਖ ਖੇਤਰਾਂ ਵਿਚ ਚਮਕਾਇਆ ਹੈ। ਖੇਡਾਂ ਦੇ ਖੇਤਰ ਵਿਚ ਵੀ ਮਹਿੰਦਰਾ ਕਾਲਜ ਦੇ ਵਿਦਿਆਰਥੀਆਂ ਨੇ ਮੱਲ੍ਹਾਂ ਮਾਰੀਆਂ ਸਨ। ਮਹਿੰਦਰਾ ਕਾਲਜ ਦਾ ਵਿਦਿਆਰਥੀ ਹਰਵੇਲ ਸਿੰਘ ਹਾਕੀ ਦਾ ਕੋਚ ਬਣਿਆ, 1952 ਵਿਚ ਮਹਿੰਦਰਾ ਕਾਲਜ ਦੀ ਹਾਕੀ ਦੀ ਟੀਮ ਭਾਰਤ ਵਿਚੋਂ ਫਸਟ ਆਈ ਸੀ। ਇਸ ਕਾਲਜ ਦੇ ਵਿਦਿਆਰਥੀਆਂ ਵਿਚ ਮਰਹੂਮ ਪੈਪਸੂ ਦੇ ਮੁੱਖ ਮੰਤਰੀ ਗਿਆਨ ਸਿੰਘ ਰਾੜੇਵਾਲਾ, ਸੰਤ ਈਸ਼ਰ ਸਿੰਘ ਰਾੜੇਵਾਲਾ, ਬਾਬੂ ਬ੍ਰਿਸ਼ ਭਾਨ ਆਦਿ ਹਨ। ਇਸ ਤੋਂ ਇਲਾਵਾ ਸੁਪਰੀਮ ਕੋਰਟ ਦੇ ਜਸਟਿਸ ਰਣਜੀਤ ਸਿੰਘ ਸਰਕਾਰੀਆ, ਪੰਜਾਬ ਤੇ ਹਰਿਆਣਾ ਹਾਈ ਕੋਰਟ ਜੱਜ ਜਸਟਿਸ ਸੀ.ਐੱਸ. ਟਿਵਾਣਾ, ਜਸਟਿਸ ਐੱਮ.ਆਰ. ਅਗਨੀਹੋਤਰੀ, ਜਸਟਿਸ ਰਣਜੀਤ ਕੁਮਾਰ ਬੱਤਾ ਅਤੇ ਪ੍ਰਿੰਸੀਪਲ ਗੁਰਸੇਵਕ ਸਿੰਘ, ਉਪ ਕੁਲਪਤੀ ਡਾ. ਭਗਤ ਸਿੰਘ, ਇੰਦਰਜੀਤ ਕੌਰ ਸੰਧੂ ਉਪ ਕੁਲਪਤੀ, ਤਰਲੋਚਨ ਸਿੰਘ ਅਤੇ ਵਿਸ਼ਵਾ ਨਾਥ ਤਿਵਾੜੀ ਦੋਵੇਂ ਸਾਬਕਾ ਰਾਜ ਸਭਾ ਮੈਂਬਰ, ਗੁਰਸੇਵ ਸਿੰਘ ਢਿੱਲੋਂ ਜਾਪਾਨ, ਰਾਮ ਪ੍ਰਤਾਪ ਗਰਗ ਅਤੇ ਸੰਤ ਰਾਮ ਸਿੰਗਲਾ ਦੋਵੇਂ ਸਾਬਕਾ ਐੱਮ.ਪੀ., ਜਸਦੇਵ ਸਿੰਘ ਸੰਧੂ ਸਾਬਕਾ ਮੰਤਰੀ ਅਤੇ ਦਰਬਾਰਾ ਸਿੰਘ ਦੋਵੇਂ ਸਾਬਕਾ ਮੰਤਰੀ, ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਬਚਨ ਜਗਤ ਸਾਬਕਾ ਆਈ.ਪੀ.ਐੱਸ., ਪਰਮਜੀਤ ਸਿੰਘ ਛੀਨਾ ਸਾਬਕਾ ਮੁੱਖ ਸਕੱਤਰ, ਗਿਆਨੀ ਲਾਲ ਸਿੰਘ, ਨਵਜੋਤ ਸਿੰਘ ਸਿੱਧੂ ਅਤੇ ਦਲੀਪ ਕੌਰ ਟਿਵਾਣਾ, ਹਰਪਾਲ ਟਿਵਾਣਾ, ਨੀਨਾ ਟਿਵਾਣਾ ਸੁਪਰੀਮ ਕੋਰਟ ਦੇ ਬਹੁਤ ਸਾਰੇ ਵਕੀਲ, ਚੀਫ਼ ਇੰਜੀਨੀਅਰ, ਆਈ.ਏ.ਐੱਸ, ਆਈ.ਆਰ.ਐੱਸ., ਆਈ.ਸੀ.ਐੱਸ. ਅਧਿਕਾਰੀ, ਵਿਦਿਆਰਥੀ ਰਹੇ ਹਨ। ਕੇਂਦਰ ਸਰਕਾਰ ਦੇ ਕਈ ਮੰਤਰੀ ਵੀ ਇਸ ਸੰਸਥਾ ਦੀ ਦੇਣ ਹਨ। ਇਸ ਕਾਲਜ ਦੇ ਵਿਦਿਆਰਥੀ ਪ੍ਰਿੰਸੀਪਲ ਹਰਬਖ਼ਸ਼ ਸਿੰਘ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਬਣੇ ਸਨ।

1975 ਵਿਚ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਪੰਜਾਬ ਮਹਿੰਦਰਾ ਕਾਲਜ ਦੇ 100 ਸਾਲਾ ਸਥਾਪਨਾ ਦਿਵਸ ਦੇ ਮੌਕੇ ਬਤੌਰ ਮੁੱਖ ਮਹਿਮਾਨ ਆਏ ਸਨ। ਉਸ ਸਮੇਂ ਪ੍ਰਿੰਸੀਪਲ ਗੁਰਸੇਵਕ ਸਿੰਘ ਕਾਲਜ ਦੇ ਪ੍ਰਿੰਸੀਪਲ ਸਨ। ਮਹਿੰਦਰਾ ਕਾਲਜ ਦੀ ਸਥਾਪਨਾ ਦੇ 100 ਸਾਲ ਸੰਬੰਧੀ 14 ਮਾਰਚ 1988 ਨੂੰ ਭਾਰਤ ਦੇ ਡਾਕ ਤੇ ਤਾਰ ਵਿਭਾਗ ਨੇ ਇੱਕ ਯਾਦਗਾਰੀ ਪੋਸਟਲ ਟਿਕਟ ਜਾਰੀ ਕੀਤੀ ਸੀ। ਉਸ ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਦੇ ਰਾਜਪਾਲ ਸਿਧਾਰਥ ਸ਼ੰਕਰ ਰੇਅ ਸਨ।

ਮਹਿੰਦਰਾ ਕਾਲਜ ਪੰਜਾਬ ਦੀ ਪਹਿਲੀ ਸਿੱਖਿਆ ਸੰਸਥਾ ਹੈ, ਜਿਸਨੂੰ ਭਾਰਤ ਸਰਕਾਰ ਦੀ ਰਾਸ਼ਟਰੀ ਮੁਲਾਂਕਣ ਅਤੇ ਮਾਨਤਾ ਪ੍ਰੀਸ਼ਦ (ਐੱਨ.ਏ.ਏ.ਸੀ.) ਤੋਂ ਏ+ ਗ੍ਰੇਡ ਮਿਲਿਆ ਸੀ। ਇਸ ਸੰਸਥਾ ਨੇ ਕਾਲਜ ਨੂੰ ਪਹਿਲੇ ਨੰਬਰ ਦਾ ਦਰਜਾ ਦਿੱਤਾ ਹੈ। ਮਹਿੰਦਰਾ ਕਾਲਜ ਵਿਚ 22 ਵਿਭਾਗਾਂ ਦੀ ਫੈਕਲਟੀ ਦੇ ਲਗਪਗ 200 ਮੈਂਬਰ ਅਤੇ ਲਗਪਗ 7500 ਵਿਦਿਆਰਥੀ ਹਨ। ਕਾਲਜ ਵਿਚ ਮੁੱਢਲੇ ਵਿਗਿਆਨ, ਰਾਜਨੀਤੀ ਵਿਗਿਆਨ, ਭਾਸ਼ਾਵਾਂ, ਇਤਿਹਾਸ, ਲੋਕ ਪ੍ਰਸ਼ਾਸਨ, ਵਣਜ, ਕੰਪਿਊਟਰ ਉਪਯੋਗਾਂ, ਕਾਨੂੰਨ, ਖੇਤੀਬਾੜੀ ਵਿਗਿਆਨ, ਬਾਇਓਟੈਕਨਾਲੋਜੀ ਅਤੇ ਕਲੀਨੀਕਲ ਡਾਇਗਨੌਸਟਿਕਸ ਵਿਚ ਅੰਡਰ ਗ੍ਰੈਜੂਏਟ ਅਤੇ ਗ੍ਰੈਜੂਏਟ ਪੱਧਰ ਦੀ ਸਿੱਖਿਆ ਪ੍ਰਦਾਨ ਕਰਦਾ ਹੈ, ਸ਼ਾਮਲ ਹਨ। ਕਾਲਜ ਵਿਚ ਕੇਂਦਰੀ ਲਾਇਬ੍ਰੇਰੀ, ਕੰਪਿਊਟਰ ਸੈਂਟਰ, ਸਿਹਤ ਕੇਂਦਰ, ਕੁੜੀਆਂ ਦਾ ਹੋਸਟਲ, 600 ਬੈਠਣ ਦੀ ਸਮਰੱਥਾ ਵਾਲਾ ਇੱਕ ਆਡੋਟੋਰੀਅਮ, ਇੱਕ ਬੋਟੈਨੀਕਲ ਗਾਰਡਨ ਅਤੇ ਵਿਸਤ੍ਰਿਤ ਖੇਡ ਢਾਂਚਾ, ਖਾਸ ਕਰਕੇ ਕ੍ਰਿਕਟ ਅਤੇ ਤੈਰਾਕੀ ਦੀ ਸਹੂਲਤ ਹੈ। 2009 ਵਿਚ ਭਾਰਤ ਸਰਕਾਰ ਦੇ ਡਿਪਾਰਟਮੈਂਟ ਆਫ਼ ਬਾਇਓਟੈਕਨਾਲੋਜੀ ਮਨਿਸਟਰੀ ਆਫ਼ ਸਾਇੰਸ ਐਂਡ ਟੈਕਨਾਲੋਜੀ ਨੇ ਮਹਿੰਦਰਾ ਕਾਲਜ ਨੂੰ ਵਿੱਤੀ ਸਹਾਇਤਾ ਦੇਣ ਲਈ 'ਸਟਾਰ ਕਾਲਜ ਇਨ ਲਾਈਫ਼' ਸਕੀਮ ਅਧੀਨ ਚੁਣਿਆ ਸੀ। ਮਹਿੰਦਰਾ ਕਾਲਜ ਲਈ ਹੋਰ ਅਜਿਹੀਆਂ ਕਈ ਸਕੀਮਾਂ ਅਧੀਨ ਕੇਂਦਰ ਸਰਕਾਰ ਨੇ ਚੁਣਿਆ ਸੀ।

# ਪਰਵਾਸ ਦੇ ਰੁਝਾਨ ਦੇ ਰੁਕਣ ਦੇ ਦੂਜੇ ਪੱਖ ਨੂੰ ਵਿਚਾਰਿਆ ਜਾਵੇ

ਪ੍ਰਿੰਸੀਪਲ ਵਿਜੈ ਕੁਮਾਰ
ਮਲੋਟ, ਪੰਜਾਬ
ਪੰਜਾਬ ਮੇਲ USA



ਪਿਛਲੇ ਦਿਨੀਂ ਮੀਡੀਏ 'ਚ ਇਹ ਗੱਲ ਕਾਫੀ ਚਰਚਾ 'ਚ ਰਹੀ ਹੈ ਕਿ ਹੁਣ ਸਾਡੇ ਦੇਸ਼ ਵਿਚੋਂ ਮੁੰਡੇ ਕੁੜੀਆਂ ਦਾ ਵਿਦੇਸ਼ ਜਾਣ ਦਾ ਰੁਝਾਨ ਘੱਟ ਹੋ ਗਿਆ ਹੈ। ਪੰਜਾਬ ਵਿਚੋਂ 19% ਮੁੰਡੇ ਕੁੜੀਆਂ ਦਾ ਵਿਦੇਸ਼ ਜਾਣ ਦਾ ਰੁਝਾਨ ਘੱਟ ਹੋਇਆ ਹੈ। ਕੇਵਲ ਵਿਦੇਸ਼ ਜਾਣ ਵਾਲੇ ਮੁੰਡੇ ਕੁੜੀਆਂ ਨੇ ਵਿਦੇਸ਼ ਜਾਣ ਦਾ ਮਨ ਨਹੀਂ ਬਦਲਿਆ, ਸਗੋਂ ਵਿਦੇਸ਼ਾਂ 'ਚ ਕਈ ਸਾਲਾਂ ਤੋਂ ਗਏ ਹੋਏ ਲੋਕ ਵੀ ਉਨ੍ਹਾਂ ਮੁਲਕਾਂ ਨੂੰ ਛੱਡਕੇ ਆਪਣੇ ਦੇਸ਼ ਨੂੰ ਪਰਤ ਆਏ ਹਨ। ਸਾਡੇ ਦੇਸ਼ ਦੇ ਮੁੰਡੇ ਕੁੜੀਆਂ ਤੇ ਹੋਰ ਲੋਕਾਂ ਦੇ ਵਿਦੇਸ਼ ਜਾਣ ਦੇ ਰੁਝਾਨ ਦੇ ਘੱਟ ਹੋਣ ਦੀ ਬੁੱਧੀਜੀਵੀਆਂ, ਸਿਆਸੀ ਲੋਕਾਂ ਤੇ ਹੋਰ ਵਰਗਾਂ ਵਲੋਂ ਭਰਪੂਰ ਖੁਸ਼ੀ ਜ਼ਾਹਿਰ ਕੀਤੀ ਗਈ। ਖੁਸ਼ੀ ਮਨਾਈ ਵੀ ਜਾਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਸਾਡੇ ਦੇਸ਼ ਦੇ ਅਰਥਚਾਰੇ ਨੂੰ ਲਾਭ ਪਹੁੰਚੇਗਾ। ਸਾਡੇ ਬੱਚਿਆਂ ਨੂੰ ਆਪਣੇ ਮਾਪਿਆਂ ਕੋਲ ਰਹਿਕੇ ਕੰਮ ਕਰਨ ਦਾ ਮੌਕਾ ਮਿਲੇਗਾ। ਵਿਦੇਸ਼ਾਂ 'ਚ ਜਾ ਕੇ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨ ਤੋਂ ਉਹ ਬਚ ਸਕਣਗੇ। ਉਹ ਆਪਣੇ ਦੇਸ਼, ਧਰਤੀ, ਭਾਸ਼ਾ ਅਤੇ ਸੱਭਿਆਚਾਰ ਨਾਲ ਜੁੜੇ ਰਹਿਣਗੇ। ਉਹ ਦੇਸ਼ ਦੀ ਤਰੱਕੀ 'ਚ ਆਪਣਾ ਯੋਗਦਾਨ ਪਾ ਸਕਣਗੇ। ਵਿਦੇਸ਼ ਜਾਣ ਦਾ ਇਹ ਰੁਝਾਨ ਦੇਸ਼, ਸਮਾਜ, ਸੱਭਿਆਚਾਰ ਅਤੇ ਮਾਪਿਆਂ ਦੇ ਹਿਤ ਲਈ ਵੀ ਇੱਕ ਚੰਗਾ ਆਗਾਜ਼ ਹੈ ਪਰ ਹੁਣ ਸਵਾਲ ਖੜ੍ਹਾ ਇਹ ਹੁੰਦਾ ਹੈ ਕਿ ਇਨ੍ਹਾਂ ਬੱਚਿਆਂ ਦੇ ਵਿਦੇਸ਼ ਨਾ ਜਾਣ 'ਤੇ ਕੀ ਸਾਡੇ ਦੇਸ਼ ਦੀਆਂ ਸਰਕਾਰਾਂ ਇਨ੍ਹਾਂ ਬੱਚਿਆਂ ਨੂੰ ਰੋਜ਼ਗਾਰ ਮੁਹੱਈਆ ਕਰਵਾ ਸਕਣਗੀਆਂ? ਕੀ ਸਰਕਾਰਾਂ ਭਵਿੱਖ 'ਚ ਇਨ੍ਹਾਂ ਬੱਚਿਆਂ ਦੇ ਰੋਜ਼ਗਾਰ ਦੀ ਗਾਰੰਟੀ ਲੈਂਦੀਆਂ ਹਨ? ਇਸ ਸਵਾਲ ਉੱਤੇ ਚਰਚਾ ਕਰਨ ਤੋਂ ਪਹਿਲਾਂ ਵਿਦੇਸ਼ ਜਾਣ ਦੇ ਰੁਝਾਨ ਦੇ ਘਟਣ ਨਾਲ ਪੈਦਾ ਹੋਈਆਂ ਸਮੱਸਿਆਵਾਂ ਬਾਰੇ ਚਰਚਾ ਕਰ ਲੈਂਦੇ ਹਾਂ।

ਮੁੰਡੇ ਕੁੜੀਆਂ ਅਤੇ ਹੋਰ ਲੋਕਾਂ ਦੇ ਵਿਦੇਸ਼ ਜਾਣ ਦੇ ਰੁਝਾਨ ਦੇ ਘਟਣ ਨਾਲ ਆਈਲਟ ਕੋਚਿੰਗ ਸੈਂਟਰਾਂ, ਕੈਫੇ ਦੀਆਂ ਦੁਕਾਨਾਂ, ਵੈਸਟਰਨ ਯੂਨੀਅਨ, ਟਰੈਵਲਿੰਗ ਏਜੈਂਟਾਂ ਦਾ, ਟੈਕਸੀਆਂ ਦਾ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਜਿਨ੍ਹਾਂ ਮੁਲਕਾਂ 'ਚੋਂ ਮੁੰਡੇ ਕੁੜੀਆਂ ਅਤੇ



ਹੋਰ ਲੋਕ ਦੂਜੇ ਮੁਲਕਾਂ 'ਚ ਜਾਂਦੇ ਸਨ, ਉਨ੍ਹਾਂ ਮੁਲਕਾਂ ਵਿਚ ਹੀ ਨਹੀਂ, ਸਗੋਂ ਜਿਨ੍ਹਾਂ ਮੁਲਕਾਂ ਵਿਚ ਜਾਂਦੇ ਸਨ, ਉਨ੍ਹਾਂ ਦੇਸ਼ਾਂ 'ਚ ਵੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਖੜ੍ਹੀਆਂ ਹੋਈਆ ਹਨ। ਉਨ੍ਹਾਂ ਦੇਸ਼ਾਂ 'ਚ ਕਾਰੋਬਾਰੀਆਂ ਦਾ ਕਾਰੋਬਾਰ ਪਹਿਲਾਂ ਨਾਲੋਂ ਘੱਟ ਗਿਆ ਹੈ। ਕਾਰਖਾਨੇ ਬੰਦ ਹੋਣ ਕਾਰਨ ਲੋਕਾਂ ਦੀਆਂ ਨੌਕਰੀਆਂ ਚਲੀਆਂ ਗਈਆਂ ਹਨ। ਮੋਲਾਂ ਅਤੇ ਸਟੋਰਾਂ ਦਾ ਕੰਮ ਘਟਣ ਕਾਰਨ ਉਨ੍ਹਾਂ ਨੇ ਮੁੰਡੇ ਕੁੜੀਆਂ ਨੂੰ ਨੌਕਰੀਆਂ ਤੋਂ ਮਨਾ ਕਰ ਦਿੱਤਾ ਹੈ। ਵੇਅਰ ਹਾਊਸਾਂ ਦਾ ਕੰਮ ਘੱਟ ਹੋਣ ਕਾਰਨ ਲੋਕਾਂ ਦੀਆਂ ਨੌਕਰੀਆਂ ਚਲੀਆਂ ਗਈਆਂ ਹਨ। ਕਾਲਜ ਬੰਦ ਹੋਣ ਕਾਰਨ ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਨੂੰ ਨੌਕਰੀਆਂ ਤੋਂ ਨਾਂਹ ਕਰ ਦਿੱਤੀ ਗਈ ਹੈ। ਟੈਕਸੀਆਂ, ਇਮੀਗ੍ਰੇਸ਼ਨ, ਬੀਮੇ, ਰੀਅਲ ਇਸਟੇਟ, ਕੋਰੀਅਰ ਦੇ ਕੰਮ ਉਤੇ ਬਹੁਤ ਮਾੜਾ ਅਸਰ ਪਿਆ ਹੈ। ਪਰਵਾਸ ਦੇ ਰੁਕਣ ਦੇ ਪ੍ਰਭਾਵ ਨੇ ਕੇਵਲ ਸਾਡੇ ਦੇਸ਼ ਵਿਚ ਹੀ ਨਹੀਂ, ਸਗੋਂ ਵਿਦੇਸ਼ਾਂ 'ਚ ਵੀ ਕਈ ਸਮੱਸਿਆਵਾਂ ਖੜ੍ਹੀਆਂ ਕੀਤੀਆਂ ਹਨ। ਸਰਕਾਰਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਸਾਡੇ ਦੇਸ਼ ਦੇ ਮੁੰਡੇ ਕੁੜੀਆਂ ਅਤੇ ਹੋਰ ਲੋਕਾਂ ਨੇ ਆਪਣੀ ਇੱਛਾ ਨਾਲ ਵਿਦੇਸ਼ਾਂ ਨੂੰ ਜਾਣਾ ਬੰਦ ਨਹੀਂ ਕੀਤਾ, ਸਗੋਂ ਦੋ ਕਾਰਨਾਂ ਕਰਕੇ ਉਨ੍ਹਾਂ ਨੇ ਵਿਦੇਸ਼ਾਂ ਨੂੰ ਜਾਣਾ ਬੰਦ ਕੀਤਾ ਹੈ। ਪਹਿਲਾ ਕਾਰਨ ਕਈ ਪੱਛਮੀ ਮੁਲਕਾਂ ਵੱਲੋਂ ਵਿਦੇਸ਼ੀਆਂ ਦੇ ਆਉਣ ਉੱਤੇ ਪਾਬੰਦੀ ਲਗਾਉਣਾ ਹੈ, ਦੂਜਾ ਕਾਰਨ ਵਿਦੇਸ਼ਾਂ 'ਚ ਰੋਜ਼ਗਾਰ ਨਾ ਮਿਲਣ ਦੀ ਸਮੱਸਿਆ ਖੜ੍ਹੀ ਹੋਣਾ ਹੈ।

ਵਿਦੇਸ਼ਾਂ ਵਲੋਂ ਪ੍ਰਵਾਸੀਆਂ ਦੀ ਆਮਦ ਉੱਤੇ ਰੋਕ ਲਗਾਉਣ ਲਈ ਵਿਦੇਸ਼ੀ ਮੁਲਕਾਂ ਦੀਆਂ ਨੀਤੀਆਂ ਅਤੇ ਪ੍ਰਵਾਸੀਆਂ ਵਲੋਂ ਕੀਤੀਆਂ ਜਾਣ ਵਾਲੀਆਂ ਗਲਤੀਆਂ ਜ਼ਿੰਮੇਵਾਰ ਹਨ। ਵਿਦੇਸ਼ੀ ਨੀਤੀਆਂ ਵਿਚ ਦੂਜੇ ਦੇਸ਼ਾਂ ਤੋਂ ਪ੍ਰਵਾਸੀਆਂ ਨੂੰ ਬੁਲਾ ਤਾਂ ਲਿਆ ਪਰ ਰੋਜ਼ਗਾਰ ਦੇ ਉਨੇ ਮੌਕੇ ਪੈਦਾ ਕਰਨ ਵੱਲ ਧਿਆਨ ਹੀ ਨਹੀਂ ਦਿੱਤਾ। ਵੋਟਾਂ ਦੀ ਰਾਜਨੀਤੀ 'ਚ ਪ੍ਰਵਾਸੀਆਂ ਨੂੰ ਵਾਧੂ ਸਹੂਲਤਾਂ ਦੇਣ ਨਾਲ ਉਨ੍ਹਾਂ ਮੁਲਕਾਂ ਦਾ ਅਰਥਚਾਰਾ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ। ਮਹਿੰਗਾਈ, ਰਿਸ਼ਵਤਖੋਰੀ, ਬੇਰੋਜ਼ਗਾਰੀ, ਘਰਾਂ ਦੀ ਸਮੱਸਿਆ, ਸਿਹਤ ਸੇਵਾਵਾਂ ਦੀ ਮਾੜੀ ਹਾਲਤ, ਟੈਕਸਾਂ ਦੇ ਬੋਝ ਅਤੇ ਖਾਮੀਆਂ ਭਰਪੂਰ ਸਿੱਖਿਆ ਪ੍ਰਣਾਲੀ ਨੇ ਪ੍ਰਵਾਸੀਆ ਨੂੰ ਵਿਦੇਸ਼ਾਂ ਵਿਚ ਜਾਣ ਤੋਂ ਰੋਕ ਦਿੱਤਾ ਅਤੇ ਇਨ੍ਹਾਂ ਮੁਲਕਾਂ ਵਿਚ ਰਹਿੰਦੇ ਪ੍ਰਵਾਸੀ ਲੋਕ ਇਨ੍ਹਾਂ ਮੁਲਕਾਂ ਨੂੰ ਛੱਡਣ ਲਈ ਮਜਬੂਰ ਹੋ ਗਏ। ਫ਼ਿਰੌਤੀਆਂ, ਚੋਰੀਆਂ, ਮਾਰ ਮਰਾਈ, ਲੁੱਟਾਂ-ਖੋਹਾਂ, ਧਰਮਾਂ ਦੇ ਅਧਾਰ ਉੱਤੇ ਫ਼ਸਾਦ, ਨਸ਼ਿਆਂ ਦੀ ਵਰਤੋਂ ਅਤੇ ਸਮਗਲਿੰਗ ਨੂੰ ਰੋਕਣ ਲਈ ਨਾ ਤਾਂ ਵਿਦੇਸ਼ੀ ਮੁਲਕਾਂ ਦੀਆਂ ਸਰਕਾਰਾਂ ਨੇ ਲੋੜੀਂਦੀ ਪੁਲਿਸ ਦੀ ਭਰਤੀ ਕੀਤੀ, ਨਾ ਕਾਨੂੰਨਾਂ ਨੂੰ ਸਖ਼ਤ ਕੀਤਾ। ਜਿਸ ਦਾ ਸਿੱਟਾ ਇਹ ਹੋਇਆ ਕਿ ਇਨ੍ਹਾਂ ਮੁਲਕਾਂ ਦਾ ਅੰਤਰਰਾਸ਼ਟਰੀ ਵਕਾਰ ਪੇਤਲਾ ਪੈਣ ਲੱਗ ਪਿਆ ਤੇ ਪ੍ਰਵਾਸੀ ਲੋਕ ਅਸੁਰੱਖਿਆ ਦੀ ਭਾਵਨਾ ਨਾਲ ਇਨ੍ਹਾਂ ਮੁਲਕਾਂ ਨੂੰ ਛੱਡਣ ਅਤੇ ਇਨ੍ਹਾਂ ਮੁਲਕਾਂ ਵਿਚ ਨਾ ਆਉਣ ਬਾਰੇ ਆਪਣਾ ਮਨ ਬਣਾਉਣ ਲੱਗ ਪਏ। ਇਸੀ ਅਸੁਰੱਖਿਆ ਦੇ ਡਰ ਕਾਰਨ ਵਪਾਰੀਆਂ, ਕਾਰੋਬਾਰੀਆਂ, ਕਾਰਖਾਨੇਦਾਰਾਂ ਅਤੇ ਹੋਟਲਾਂ ਦੇ ਮਾਲਕਾਂ ਨੇ ਇਨ੍ਹਾਂ ਮੁਲਕਾਂ ਨੂੰ ਛੱਡਣਾ ਸ਼ੁਰੂ ਕਰ ਦਿੱਤਾ, ਜਿਸ ਨਾਲ ਬੇਰੋਜ਼ਗਾਰੀ ਦੀ ਸਮੱਸਿਆ ਹੋਰ ਵੀ ਗੰਭੀਰ ਹੋ ਗਈ।

ਕਾਲਜਾਂ ਵਲੋਂ ਫੀਸਾਂ 'ਚ ਵਾਧਾ, ਵਪਾਰੀਆਂ, ਕਾਰੋਬਾਰੀਆਂ, ਕਾਰਖਾਨੇਦਾਰਾਂ ਹੋਟਲਾਂ ਦੇ ਮਾਲਕਾਂ ਵਲੋਂ ਕੀਤੇ ਜਾ ਰਹੇ ਆਰਥਿਕ ਸ਼ੋਸ਼ਣ ਤੇ ਬੇਰੋਜਗਾਰੀ ਵਿਚਕਾਰ ਪਿਸ ਰਹੇ ਮੁੰਡੇ ਕੁੜੀਆਂ ਦਾ ਇਨ੍ਹਾਂ ਮੁਲਕਾਂ 'ਚ ਆਉਣ ਤੋਂ ਬੰਦ ਹੋਣਾ ਉਨ੍ਹਾਂ ਦੀ ਮਜ਼ਬੂਤੀ ਬਣ ਗਿਆ। ਕੈਨੇਡਾ ਵਰਗੇ ਮੁਲਕਾਂ ਵਿਚ ਟਰੰਪ ਦੀ ਟੈਰਿਫ ਯੋਜਨਾ, ਮਹਿੰਗੀ ਮਜ਼ਦੂਰੀ, ਤੇਲ ਦੇ ਵਪਾਰ ਦੀ ਮੰਦਹਾਲੀ ਤੇ ਟੈਕਸਾਂ ਦੇ ਬੋਝ ਨੇ ਕਾਰਖਾਨੇਦਾਰਾਂ ਲਈ ਗੰਭੀਰ ਸੰਕਟ ਪੈਦਾ ਕਰ ਦਿੱਤਾ ਪਰ ਸਰਕਾਰਾਂ ਨੇ ਉਨ੍ਹਾਂ ਦੀਆਂ ਸਮੱਸਿਆਵਾਂ ਵੱਲ ਕੋਈ ਧਿਆਨ ਹੀ ਨਹੀਂ ਦਿੱਤਾ। ਹੁਣ ਜੇਕਰ ਵਿਦੇਸ਼ੀ ਮੁਲਕਾਂ ਵੱਲੋਂ ਪ੍ਰਵਾਸੀਆਂ ਦੇ ਆਉਣ ਉੱਤੇ ਪਾਬੰਦੀ ਲਗਾਉਣ ਦੀ ਗੱਲ ਕੀਤੀ ਜਾਵੇ, ਤਾਂ ਜਿਨ੍ਹਾਂ ਮੁਲਕਾਂ ਦੇ ਪ੍ਰਵਾਸੀ ਲੋਕਾਂ ਵਲੋਂ ਕੀਤੀਆਂ ਜਾਣ ਵਾਲੀਆਂ ਚੋਰੀਆਂ, ਡਕੈਤੀਆਂ, ਫ਼ਿਰੌਤੀਆਂ, ਲੁੱਟਾਂ-ਖੋਹਾਂ, ਮਾਰ ਮਰਾਈ, ਨਸ਼ਿਆਂ ਦੀ ਸਮਗਲਿੰਗ ਤੇ ਧਰਮਾਂ ਦੇ ਆਧਾਰ 'ਤੇ ਫ਼ਸਾਦ ਕਰਨ ਨਾਲ ਕਾਨੂੰਨ ਵਿਵਸਥਾ ਭੰਗ ਹੁੰਦੀ ਹੋਵੇ, ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਨਾਲ ਦੁਰਘਟਨਾਵਾਂ ਵਿਚ ਵਾਧਾ ਹੋਇਆ ਹੋਵੇ, ਗੰਦਗੀ ਫੈਲਾਉਣ ਨਾਲ ਸਫਾਈ ਵਿਵਸਥਾ ਖਰਾਬ ਹੁੰਦੀ ਹੋਵੇ ਅਤੇ ਟੈਕਸਾਂ ਦੀ ਚੋਰੀ ਕਰਨ, ਬੀਮਾ ਯੋਜਨਾ ਦੀ ਦੁਰਵਰਤੋਂ ਕਰਨ ਕਰਕੇ ਅਰਥਚਾਰਾ ਵਿਗੜਿਆ ਹੋਵੇ, ਉਹ ਮੁਲਕ ਪ੍ਰਵਾਸੀਆਂ ਦੀ ਆਮਦ ਉੱਤੇ ਪਾਬੰਦੀ ਕਿਉਂ ਨਹੀਂ ਲਗਾਉਣਗੇ। ਹੁਣ ਸਵਾਲ ਇਹ ਹੈ ਕਿ ਪ੍ਰਵਾਸ ਦੇ ਘੱਟ ਹੋਣ ਨੂੰ ਸਾਡੀਆਂ ਸਰਕਾਰਾਂ ਨੂੰ ਚੰਗਾ ਸਮਝਣਾ ਚਾਹੀਦਾ ਹੈ ਜਾਂ ਮਾੜਾ? ਜੇਕਰ ਪ੍ਰਵਾਸ ਦੇ ਘੱਟ ਹੋਣ ਨਾਲ ਸਰਕਾਰਾਂ ਨੇ ਉਨ੍ਹਾਂ ਮੁੰਡੇ ਕੁੜੀਆਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਨਾ ਕੀਤੇ, ਤਾਂ ਪ੍ਰਵਾਸ ਦਾ ਰੁੱਕਣਾ ਮੁਲਕ ਲਈ ਆਉਣ ਵਾਲੇ ਸਮੇਂ ਵਿਚ ਗੰਭੀਰ ਸੰਕਟ ਪੈਦਾ ਕਰੇਗਾ। ਵਿਦੇਸ਼ੀ ਮੁਲਕਾਂ ਨੂੰ ਹਾਲਾਤਾਂ ਵਿਚ ਸੁਧਾਰ ਲਿਆਉਣ ਲਈ ਆਪਣੀਆਂ ਨੀਤੀਆਂ ਨੂੰ ਬਦਲਣਾ ਪਵੇਗਾ ਅਤੇ ਪ੍ਰਵਾਸੀਆਂ ਨੂੰ ਆਪਣੀਆਂ ਮਾੜੀਆਂ ਆਦਤਾਂ ਛੱਡਣੀਆਂ ਪੈਣਗੀਆਂ।

# ਕਾਨੂੰਨ ਅਤੇ ਕੋਰਟਾਂ ਦੇ ਹੁਕਮ ਦੀ ਤਾਮੀਲ

## ਮਿੰਨੀ ਕਹਾਣੀ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
ਪੰਜਾਬ ਮੇਲ USA



ਭਾਰਤ ਆਜ਼ਾਦ ਮੁਲਕ ਹੈ। ਆਜ਼ਾਦ ਮੁਲਕ ਵਿਚ ਹਰ ਆਦਮੀ ਕਿਸੇ ਨਾ ਕਿਸੇ ਪਾਰਟੀ ਨਾਲ ਜੁੜਿਆ ਹੁੰਦਾ ਹੈ। ਇਸ ਵਿਚ ਕੋਈ ਹਰਜ਼ ਨਹੀਂ ਹੁੰਦਾ। ਆਮ ਆਦਮੀ ਪਾਰਟੀ ਨਾਲ ਜੁੜੇ ਲੋਕਾਂ ਨੂੰ ਵੀ ਬਾਕੀਆਂ ਵਾਂਗ ਪੂਰਨ ਆਜ਼ਾਦੀ ਹੈ। ਆਪਣੀ ਪਾਰਟੀ ਨਾਲ ਜੁੜਨ ਦੀ ਅਤੇ ਇਹ ਕਹਿਣ ਦੀ ਵੀ ਆਜ਼ਾਦੀ ਹੈ ਕਿ ਸਾਡੀ ਪਾਰਟੀ ਚੰਗੀ ਹੈ!! ਪਰ ਜਦੋਂ ਇਹ ਕਹਿਣ ਸਾਡੀ ਪਾਰਟੀ ਸਭ ਤੋਂ ਚੰਗੀ ਹੈ, ਤਾਂ ਇਹ ਆਪਣੇ ਲੀਡਰਾਂ ਨੂੰ ਖੁਸ਼ ਕਰਨ ਵਾਸਤੇ ਜਾਂ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਵਰਤੀ ਜਾਣ ਵਾਲੀ ਗੱਲ ਹੈ, ਹੋਰ ਕੁਝ ਵੀ ਨਹੀਂ!! ਆਪਾਂ ਕਿਸੇ ਤਰੱਕੀ ਦੀ ਮਹਿੰਗਾਈ ਦੀ ਨੌਕਰੀਆਂ ਮਿਲਣ ਦੀ ਗੱਲ ਕਰਕੇ ਕਿਸੇ ਦੇ ਮਨ ਨੂੰ ਦੁਖੀ ਕਰਨਾ ਅਤੇ ਨਾ ਹੀ ਕਿਸੇ ਇੱਕ ਪਾਰਟੀ ਨੂੰ ਨਿਸ਼ਾਨੇ 'ਤੇ ਲੈਣਾ ਹੈ, ਸਿਰਫ ਇੱਕ ਅਤਿ ਜ਼ਰੂਰੀ ਗੱਲ ਦਾ ਜਵਾਬ ਲੈਣਾ ਹੈ ਅਤੇ ਇਸ ਸਭ ਨਾਲ ਇਹ ਗੱਲ ਵੀ ਸਾਫ ਹੋ ਜਾਂਦੀ ਹੈ। ਸਰਕਾਰ ਬਣਨ ਉਪਰੰਤ ਸਾਰੇ ਇੱਕੋ ਜਿਹੇ ਹੀ ਹੁੰਦੇ ਹਨ, ਸਿਰਫ ਰਾਜ ਕਰਦੇ ਹਨ। ਵਿਚਾਰੇ ਵੋਟਰ ਆਪਸ ਵਿਚ ਲੜ-ਭਿੜ ਕੇ ਮੇਰੀ ਪਾਰਟੀ ਚੰਗੀ ਤੇ ਦੂਜਾ ਕਹਿੰਦਾ ਮੇਰੀ ਚੰਗੀ, ਇੱਥੋਂ ਤੱਕ ਹੀ ਸੀਮਤ ਹੈ। ਉਮੀਦ ਹੈ ਕਿ ਕੋਈ ਸੁਹਿਰਦ (ਪੰਜਾਬੀ ਆਮ ਆਦਮੀ ਨਾਲ ਜੁੜਿਆ ਹੋਇਆ) ਵਿਅਕਤੀ ਜਵਾਬ ਦੇਵੇ? ਸਵਾਲ ਇਹ ਹੈ ਕਿ ਨੂਰਮਹਿਲੀਆ ਸਾਧ ਜੋ ਆਪਣੇ ਆਪ ਨੂੰ ਰੱਬ ਦਾ ਦੂਤ ਅਖਵਾਉਂਦਾ ਸੀ। ਉਸ ਸਾਧ ਦੀ ਮੌਤ ਬਾਦਲਾਂ ਦੇ ਰਾਜ ਵਿਚ ਹੋਈ ਅਤੇ ਉਸ ਦੀ ਮ੍ਰਿਤਕ ਦੇਹ ਨੂੰ ਫਰੀਜ਼ਰ ਵਿਚ ਲਾਇਆ ਗਿਆ। ਉਸ ਫਰੀਜਰ ਨੂੰ ਚੌਵੀ ਘੰਟੇ ਵਾਲੀ ਬਿਜਲੀ ਸਪਲਾਈ ਨਾਲ ਜੋੜਿਆ ਗਿਆ। ਮ੍ਰਿਤਕ ਦੇਹ ਦੇ ਦੋ ਵਾਰਿਸ ਖੜ੍ਹੇ ਹੋਣ ਕਾਰਨ ਅੰਤਮ ਰਸਮਾਂ 'ਤੇ ਰੋਕ ਲੱਗੀ ਪਰ ਬਾਅਦ ਵਿਚ ਹਾਈਕੋਰਟ ਨੇ ਮ੍ਰਿਤਕ ਦੇਹ ਨੂੰ ਜਲਾਉਣ ਜਾ ਦਫਨਾਉਣ ਦੇ ਹੁਕਮ ਜਾਰੀ ਕਰ ਦਿੱਤੇ। ਹਾਈਕੋਰਟ ਦੇ ਹੁਕਮਾਂ ਉਪਰੰਤ ਵੀ ਉਸ ਨੂੰ ਜਲਾਇਆ ਜਾਂ ਦਫ਼ਨਾਇਆ ਨਹੀਂ ਗਿਆ। ਕੈਪਟਨ ਅਮਰਿੰਦਰ ਸਿੰਘ ਦਾ ਰਾਜ ਵੀ ਪੌਣੇ ਪੰਜ ਸਾਲ ਰਿਹਾ। ਉਸ ਨੇ ਵੀ ਜਲਾਉਣ ਜਾਂ ਦਫ਼ਨਾਉਣ ਦੀ ਡਿਊਟੀ ਕਿਉਂ ਨਹੀਂ ਨਿਭਾਈ? ਚਰਨਜੀਤ ਸਿੰਘ ਚੰਨੀ ਹੋਰਾਂ ਨੇ ਵੀ ਤਿੰਨ-ਚਾਰ ਮਹੀਨੇ ਰਾਜ ਕੀਤਾ, ਉਨ੍ਹਾਂ ਨੇ ਵੀ ਕੰਮ ਨਹੀਂ ਕਰਵਾਇਆ। ਹੁਣ ਗੱਲ ਮੁੱਦੇ 'ਤੇ ਆਉਂਦੀ ਹੈ ਕਿ ਹੁਣ ਵਾਲਿਆਂ ਦੀ ਵੀ ਉਹ ਪੁਜੀਸ਼ਨ ਆ




ਗਈ ਹੈ। ਬਹੁਤੀ ਗਈ ਤੇ ਥੋੜ੍ਹੀ ਰਹੀ। ਜੇ ਇਨ੍ਹਾਂ ਨੇ ਵੀ ਇਹ ਡਿਊਟੀ ਨਾ ਨਿਭਾਈ, ਤਾਂ ਇਹ ਸਭ ਤੋਂ ਉੱਤਮ ਕਿਵੇਂ ਹੋਏ? ਇਹ ਸਵਾਲ ਉਨ੍ਹਾਂ ਵੀਰਾਂ ਭੈਣਾਂ ਨੂੰ ਹੈ, ਜਿਨ੍ਹਾਂ ਨੇ ਕੱਲ੍ਹ ਸਿਸੋਦੀਆ ਦੀ ਮੀਟਿੰਗ ਵਿਚ ਉਸ ਵੱਲੋਂ ਪੰਜਾਬ ਨੂੰ ਗਾਲ੍ਹਾਂ ਕੱਢਣ ਵਾਲੇ ਸ਼ਬਦ ਬੋਲਣ 'ਤੇ ਤਾੜੀਆਂ ਕਿਉਂ ਮਾਰਦੇ ਦਿਸੇ? ਬਹੁਤ ਚੰਗਾ ਸੀ ਕਿ ਉਹ ਸੱਜਣ ਉਸ ਨੂੰ ਟੋਕ ਕੇ ਕਹਿੰਦੇ ਕਿ ਤੁਹਾਨੂੰ ਪੰਜਾਬ ਵਿਚ ਆ ਕੇ ਇਹ ਧਮਕੀਆਂ ਦੇਣ ਦਾ ਹੱਕ ਕਿਸ ਨੇ ਦਿੱਤਾ ਹੈ? ਜੇ ਟੋਕਣ ਦੀ ਹਿੰਮਤ ਨਹੀਂ ਸੀ, ਤਾਂ ਚੁੱਪ ਕਰ ਰਹਿੰਦੇ, ਸੁਣੀ ਅਣਸੁਣੀ ਕਰ ਦੇਂਦੇ ਪਰ ਉਸ ਦੇ ਪੰਜਾਬੀਆਂ ਦਾ ਮੂੰਹ ਕਾਲਾ ਕਰਨ ਵਾਲੇ ਲਫ਼ਜ਼ਾਂ 'ਤੇ ਤਾੜੀਆਂ ਮਾਰ ਕੇ ਕੀ ਸਾਬਤ ਕੀਤਾ? ਮਿੱਤਰ ਪਿਆਰਿਉ, ਪੰਜਾਬ ਮੁਕੱਦਸ ਅਸਥਾਨ ਹੈ, ਇਹ ਕਿਸੇ ਕਸਬੇ ਦੇ ਠੇਕੇ ਦੇ ਨਾਲ ਜੁੜਿਆ ਸਰਕਾਰੀ ਮਨਜ਼ੂਰੀ ਪ੍ਰਾਪਤ ਅਹਾਤਾ ਨਹੀਂ ਹੈ ਕਿ ਇਥੇ ਜੋ ਚਾਹੋ ਬੋਲੋ। ਇਸ ਧਰਤੀ ਉੱਪਰ ਸਭ ਤੋਂ ਪਹਿਲਾਂ ਧਾਰਮਿਕ ਗ੍ਰੰਥ ਰਾਮਾਇਣ ਦੀ ਰਚਨਾ ਹੋਈ, ਫਿਰ ਗੀਤਾ ਰਚੀ ਗਈ। ਚਾਰ ਵੇਦਾਂ ਦੀ ਰਚਨਾ ਹੋਈ, ਛੇ ਸਿਮਰਤੀਆਂ ਇਸ ਪੰਜਾਬ ਦੀ ਮੁਕੱਦਸ ਧਰਤੀ 'ਤੇ ਲਿਖੀਆਂ ਗਈਆਂ। ਸਭ ਤੋਂ ਬਾਅਦ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਇਸੇ ਧਰਤੀ 'ਤੇ ਹੋਈ। ਇਸਲਾਮ ਧਰਮ ਦੇ ਸੂਫੀ ਸੰਤ ਅਤੇ ਸ਼੍ਰੋਮਣੀ ਭਗਤ ਬਾਬਾ ਸ਼ੇਖ ਫਰੀਦ ਸਾਹਿਬ ਦੇ ਸਲੋਕ ਪਾਕਪਟਨ ਸ਼ਹਿਰ ਵਿਚ ਲਿਖੇ ਗਏ। ਸਾਰੀ ਵਾਰਤਾ ਦਾ ਭਾਵ ਹੈ ਕਿ ਸਾਡੇ ਵੱਲੋਂ ਚੁਣੀਆਂ ਸਰਕਾਰਾਂ ਅਤੇ ਚੁਣੇ ਨੁਮਾਇੰਦੇ ਸਾਡੇ ਵਾਸਤੇ ਕਿੰਨੇ ਕੁ ਸੁਹਿਰਦ ਹਨ। ਵੈਸੇ ਪੰਜਾਬ ਵਰਗੇ ਸੂਬੇ ਵਿਚ ਇਕ ਮ੍ਰਿਤਕ ਦੇਹ ਪਏ ਹੋਣ ਦਾ ਭਾਰ ਨਹੀਂ ਹੈ ਪਰ ਗੱਲ ਸਿਰਫ ਕਾਨੂੰਨ ਦੀ ਪਾਲਣਾ ਕਰਨ ਦੀ ਹੈ। ਦੂਜੇ ਪਾਸੇ ਦੇਹ ਦੇ ਰੱਖ-ਰਖਾਵ ਅਤੇ ਸਕਿਉਰਟੀ ਗਾਰਦ ਦਾ ਪੂਰਾ ਖਰਚ ਪੰਜਾਬ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ। ਇਹੋ ਜਿਹੇ ਨਾਜਾਇਜ਼ ਖਰਚਿਆਂ ਵਾਲੇ ਵਿਸ਼ੇ ਤਾਂ ਹੋਰ ਵੀ ਬਹੁਤ ਹਨ ਪਰ ਇੱਕੋ ਵਾਰੀ ਦੋ-ਤਿੰਨ ਮੁੱਦੇ ਇਕੱਠੇ ਚੁੱਕਣੇ ਵੀ ਚੰਗੀ ਗੱਲ ਨਹੀਂ। ਇਸ ਦਾ ਜਵਾਬ ਆਉਣ ਉਪਰੰਤ ਨਵਾਂ ਵਿਸ਼ਾ ਲੈ ਕੇ ਤੁਹਾਡੀ ਸੇਵਾ ਵਿਚ ਹਾਜ਼ਰ ਹੋਵਾਂਗੇ।

# ਅਥਰੂਆਂ ਦੇ ਬੋਲ

ਡਾਕਟਰ ਅਜੀਤ ਸਿੰਘ
ਕੋਟਕਪੂਰਾ
ਮੋਬਾਈਲ +1-657-464-4066
ਪੰਜਾਬ ਮੇਲ USA



ਕਹਾਣੀ



ਪਿਛਲੇ ਅੰਕ ਦਾ ਬਾਕੀ

ਲਖਵੀਰ ਉਸ ਨੂੰ ਸਮਝਾਉਂਦਾ ਸੀ ਕਿ ਵੀਰੇ ਤੂੰ ਮਾਪਿਆਂ ਦਾ ਇਤਨਾ ਖਰਚ ਕਰਵਾਇਆ ਹੈ, ਪੜ੍ਹਾਈ ਵੱਲ ਧਿਆਨ ਦਿਆ ਕਰ ਪਰ ਉਹ ਉਸ ਦੀ ਬਿਲਕੁਲ ਹੀ ਨਹੀਂ ਸੁਣਦਾ ਸੀ। ਜਦੋਂ ਉਸ ਨੇ ਘਰੇ ਆਪਣੀ ਤੇ ਵੀਰੇ ਦੀ ਪੜ੍ਹਾਈ ਦੀ ਰਿਪੋਰਟ ਘਰੇ ਦਿੱਤੀ, ਤਾਂ ਦਲਜੀਤ ਨੇ ਲਖਵੀਰ ਨੂੰ ਇਹ ਕਹਿ ਕੇ ਚੁੱਪ ਕਰਵਾ ਦਿੱਤਾ ਕਿ ਤੂੰ ਆਪਦਾ ਫਿਕਰ ਕਰ, ਇਸ ਬਾਰੇ ਤੈਨੂੰ ਕੋਈ ਫਿਕਰ ਕਰਨ ਦੀ ਲੋੜ ਨਹੀਂ ਹੈ। ਇਹ ਸੁਣ ਲਖਵੀਰ ਦੇ ਮਨ ਨੂੰ ਭਾਰੀ ਸੱਟ ਵੱਜੀ ਤੇ ਉਸ ਨੇ ਮਹਿਸੂਸ ਕੀਤਾ ਕਿ ਕੀ ਮੈਂ ਤੇ ਮਨਵੀਰ ਸਕੇ ਭਰਾ ਹਾਂ। ਮੇਰੀ ਮਾਂ ਦਲਜੀਤ ਕੌਰ ਨਹੀਂ ਹੋ ਸਕਦੀ। ਇਹ ਗੱਲ ਉਸ ਨੇ ਕਿਸੇ ਨਾਲ ਵੀ ਸਾਂਝੀ ਨਾ ਕੀਤੀ। ਉਸ ਨੇ ਦਾਦੇ ਨੂੰ ਕਹਿ ਕੇ ਮਨਵੀਰ ਨਾਲੋਂ ਵੱਖਰਾ ਕਮਰਾ ਲੈ ਲਿਆ ਅਤੇ ਮਨਵੀਰ ਆਪਣੇ ਦੋਸਤਾਂ ਨਾਲ ਰਹਿਣ ਲੱਗ ਪਿਆ। ਲਖਵੀਰ ਨੂੰ ਹੁਣ ਤੱਕ ਇਹੋ ਹੀ ਸਮਝਾਇਆ ਗਿਆ ਸੀ ਕਿ ਤੇਰੇ ਮਾਂ ਅਤੇ ਬਾਪ ਦੀ ਇਕ ਸੜਕ ਦੁਰਘਟਨਾ ਵਿਚ ਮੌਤ ਹੋ ਚੁੱਕੀ ਹੈ ਅਤੇ ਤੈਨੂੰ ਤੇਰੇ ਦਾਦਾ-ਦਾਦੀ ਅਤੇ ਦਲਜੀਤ ਅਤੇ ਹਰਬੰਸ ਨੇ ਤੈਨੂੰ ਪਾਲਿਆ ਹੈ ਅਤੇ ਇਸ ਲਈ ਦਲਜੀਤ ਹੀ ਹੁਣ ਤੇਰੀ ਮਾਂ ਹੈ ਅਤੇ ਹਰਬੰਸ ਸਿੰਘ ਤੇਰਾ ਬਾਪ ਹੈ। ਉਹ ਆਪਣੀ ਪੜ੍ਹਾਈ ਵੱਲ ਧਿਆਨ ਦੇਣ ਲੱਗ ਪਿਆ। ਪ੍ਰੰਤੂ ਉਸ ਦਾ ਦਿਲ ਇਹ ਸਭ ਕੁਝ ਮੰਨਣ ਤੋਂ ਇਨਕਾਰੀ ਸੀ ਅਤੇ ਉਸ ਦੇ ਦਿਲ ਦੇ ਖੂੰਜੇ ਵਿਚੋਂ ਇਹ ਆਵਾਜ਼ ਆਉਂਦੀ ਸੀ ਕਿ ਲਖਵੀਰ ਸਿੰਘ ਤੇਰੀ ਮਾਂ ਮਰੀ ਨਹੀਂ ਹੈ ਅਤੇ ਉਹ ਜ਼ਿੰਦਾ ਹੈ। ਤੂੰ ਉਸ ਦੀ ਖੋਜ ਕਰਨੀ ਹੈ।

ਮਨਵੀਰ ਨੇ ਆਪਣੇ ਦੋਸਤਾਂ ਨਾਲ ਮਿਲਕੇ ਪਾਰਟੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ, ਜਦੋਂ ਉਹ ਲਖਵੀਰ ਨੂੰ ਪਾਰਟੀ ਲਈ ਆਖਦਾ, ਉਹ ਮਨਾ ਕਰ ਦਿੰਦਾ ਅਤੇ ਹੋਰ ਮਿਹਨਤ ਨਾਲ ਪੜ੍ਹਾਈ ਵੱਲ ਧਿਆਨ ਦਿੰਦਾ। ਪਾਰਟੀਆਂ ਵਿਚ ਨਸ਼ੇ ਦੀ ਵਰਤੋਂ ਹੋਣ ਲੱਗ ਪਈ, ਲਖਵੀਰ ਨੇ ਘਰੇ ਕਿਸੇ ਨਾਲ ਵੀ ਨਸ਼ੇ ਵਾਲੀ ਗੱਲ ਵੀ ਸਾਂਝੀ ਨਾ ਕੀਤੀ। ਮਨਵੀਰ ਨਸ਼ੇ ਦੇ ਟੀਕੇ ਵੀ ਲਾਉਣ ਲੱਗ ਪਿਆ। ਲਖਵੀਰ ਨੂੰ ਇਹ ਸਭ ਬਿਲਕੁਲ ਵੀ ਨਹੀਂ ਭਾਉਂਦਾ, ਉਹ ਤਾਂ ਕੇਵਲ ਪੜ੍ਹਾਈ ਉਪਰ ਹੀ ਕੇਂਦਰਿਤ ਸੀ। ਉਸ ਨੇ ਕਾਲਜ ਦੀ ਪੜ੍ਹਾਈ ਪੂਰੀ ਕਰ ਲਈ, ਜਦੋਂਕਿ ਮਨਵੀਰ ਉਸ ਤੋਂ ਕਾਫੀ ਪਿੱਛੇ ਰਹਿ ਗਿਆ ਸੀ। ਉਸ ਨੇ ਪੀ.ਸੀ.ਐੱਸ. ਦਾ ਇਮਿਤਿਹਾਨ ਦਿੱਤਾ ਤੇ ਕਾਮਯਾਬ ਹੋ ਗਿਆ। ਉਸ ਨੂੰ ਤਹਿਸੀਲਦਾਰ ਲਾ ਦਿੱਤਾ ਗਿਆ। ਉਸ ਨੇ ਸਿਖਲਾਈ ਪੂਰੀ ਕਰ ਲਈ ਅਤੇ ਨੇੜੇ ਦੇ ਜ਼ਿਲ੍ਹੇ ਵਿਚ ਨੌਕਰੀ ਕਰਨ ਲੱਗ ਪਿਆ। ਪ੍ਰੰਤੂ ਉਸ ਦੇ ਮਨ ਅੰਦਰ ਆਪਣੀ ਮਾਂ ਨੂੰ ਲੱਭਣ ਦੀ ਚਿੰਤਾ ਸੀ। ਇੱਕ-ਦੋ ਵਾਰ ਉਸ ਨੇ ਆਪਣੇ ਦਾਦੇ ਨੂੰ ਪੁੱਛਿਆ, ਤਾਂ ਉਸ ਨੇ ਵੀ ਘਰੇ ਹੋਏ ਫੈਸਲੇ ਮੁਤਾਬਿਕ ਉਸ ਨੂੰ ਦੱਸਿਆ ਕਿ ਦਲਜੀਤ ਕੌਰ ਹੀ ਤੇਰੀ ਮਾਂ ਹੈ ਅਤੇ ਹਰਬੰਸ ਸਿੰਘ ਹੀ ਤੇਰਾ ਬਾਪ ਹੈ। ਤੈਨੂੰ ਕੋਈ ਵਹਿਮ ਹੈ, ਚਿੰਤਾ ਨਾ ਕਰਿਆ ਕਰ। ਸਾਨੂੰ ਹੁਣ ਤੇਰੇ ਵਿਆਹ ਦਾ ਫਿਕਰ ਹੈ। ਲਖਵੀਰ ਨੇ ਕਿਹਾ ਕਿ ਵਿਆਹ ਤਾਂ ਜਦੋਂ ਕਹੋਗੇ, ਕਰਵਾ ਲਵਾਂਗਾ। ਮੈਂ ਆਪਣੇ ਪੈਰਾਂ ਸਿਰ ਹੋ ਗਿਆ ਹਾਂ। ਬਹੁਤ ਸਾਰੇ ਰਿਸ਼ਤੇ ਮਿਲ ਜਾਣਗੇ। ਮੈਨੂੰ ਤਾਂ ਇਹ ਫਿਕਰ ਹੈ ਕਿ ਮਨਵੀਰ ਦਾ ਕੀ ਬਣੇਗਾ। ਉਹ ਹਰ ਸਮੇਂ ਨਸ਼ੇ ਵਿਚ ਹੀ ਰਹਿੰਦਾ ਹੈ।

ਲਖਵੀਰ ਨੂੰ ਆਪਣੀ ਮਾਂ ਦਾ ਪਤਾ ਕਰਨ ਲਈ ਕੋਈ ਵੀ ਸੁਰਾਗ ਕਿਸੇ ਪਾਸੇ ਤੋਂ ਨਹੀਂ ਮਿਲ ਰਿਹਾ ਸੀ। ਇਕ ਦਿਨ ਨਸ਼ੇ ਦੀ ਤੋੜ ਵਿਚ ਮਨਵੀਰ ਨੇ ਦਲਵੀਰ ਨੂੰ ਕੁੱਟ ਦਿੱਤਾ ਕਿਉਂ ਜੋ ਉਹ ਉਸ ਨੂੰ ਨਸ਼ਾ ਖਰੀਦਣ ਲਈ ਪੈਸੇ ਨਹੀਂ ਦੇ ਰਹੀ ਸੀ। ਜਦੋਂ ਗੇਲੇ ਤੇ ਸਿਮਰੋ ਨੇ ਉਸ ਨੂੰ ਰੋਕਣ ਦੀ ਕੋਸ਼ਿਸ ਕੀਤੀ, ਤਾਂ ਮਨਵੀਰ ਨੇ ਉਨ੍ਹਾਂ ਦੇ ਵੀ ਸੱਟਾਂ ਮਾਰ ਦਿਤੀਆਂ। ਤਿੰਨਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਲਖਵੀਰ ਨੂੰ ਜਦੋਂ ਦੱਸਿਆ ਗਿਆ, ਤਾਂ ਉਹ ਵੀ ਪਤਾ ਲੈਣ ਲਈ ਹਸਪਤਾਲ ਪੁੱਜ ਗਿਆ। ਤਿੰਨਾਂ ਨੂੰ ਜ਼ਖਮੀ ਹਾਲਤ ਵਿਚ ਦੇਖ ਉਸ ਦਾ ਮਨ ਦੁਖੀ ਹੋਇਆ ਤੇ ਉਹ ਵਾਰੀ-ਵਾਰੀ ਦਲਜੀਤ, ਗੇਲੇ ਅਤੇ ਸਿਮਰੋ ਤੋਂ ਸਾਰੀ ਗੱਲ ਧਿਆਨ ਨਾਲ ਸੁਣਨ ਲੱਗਾ। ਉਹ ਚਾਹੁੰਦਾ ਸੀ ਕਿ ਮਨਵੀਰ ਨੂੰ ਸਿੱਧੇ ਰਸਤੇ ਪਾਇਆ ਜਾਵੇ ਪਰ ਇਸ ਕੰਮ ਲਈ ਦਲਜੀਤ ਅਤੇ ਹਰਬੰਸ ਦੀ ਸਹਿਮਤੀ ਜ਼ਰੂਰੀ ਸੀ। ਜਦੋਂ ਉਸ ਨੇ ਦਲਜੀਤ ਨੂੰ ਪੁੱਛਿਆ, ਤਾਂ ਉਹ ਅਸਲੀਅਤ ਨੂੰ ਲੁਕੋ ਕਹਿਣ ਲੱਗੀ ਕਿ ਮੈਂ ਤਾਂ ਡਿੱਗ ਪਈ ਸੀ, ਜਦੋਂ ਮੈਨੂੰ ਪਾਸੇ ਕਰਨ ਲਈ ਮਨਵੀਰ ਨੇ ਜ਼ਰਾ ਕੁ ਹੱਥ ਲਾਇਆ ਸੀ। ਜਦੋਂ ਕਿ ਗੇਲਾ ਤੇ ਸਿਮਰੋ ਫਿਸ ਪਏ। ਉਨ੍ਹਾਂ ਨੇ ਦੱਸਿਆ ਕਿ ਪਾਪਾ ਜੀ ਦੇ ਬੈਂਕ ਜਾਣ ਤੋਂ ਬਾਅਦ ਅਤੇ ਬਾਬਾ ਜੀ ਦੇ ਖੇਤ ਚਲੇ ਜਾਣ ਤੋਂ ਬਾਅਦ ਮਨਵੀਰ ਰੋਜ਼ਾਨਾ ਹੀ ਦਲਜੀਤ ਨਾਲ ਲੜਾਈ ਕਰਦਾ ਹੈ, ਉਸ ਤੋਂ ਪੈਸੇ ਲੈ ਜਾਂਦਾ ਹੈ। ਅੱਜ ਉਸ ਨੇ ਮਨ੍ਹਾ ਕੀਤਾ ਤੇ ਇਸ ਨੇ ਕੋਲ ਪਿਆ ਘੋਟਣਾ ਚੁੱਕ ਲਿਆ ਤੇ ਦੋ-ਤਿੰਨ ਉਸ ਦੇ ਜੜ੍ਹ ਦਿੱਤੇ, ਜਿਸ ਨਾਲ ਇਹ ਡਿੱਗ ਪਈ। ਅਸੀਂ ਦੋਵੇਂ ਨੇੜੇ ਹੀ ਕੰਮ ਕਰ ਰਹੇ ਸੀ ਅਤੇ ਜਦੋਂ ਨੇੜੇ ਪੁੱਜੇ, ਉਸ ਨੂੰ ਹਟਾਉਣਾ ਚਾਹਿਆ ਅਤੇ ਮੈਂ ਉਸ ਦੇ ਹੱਥੋਂ ਘੋਟਣਾ ਖੋਹ ਰਿਹਾ ਸੀ। ਉਸ ਨੇ ਮੇਰੇ ਵੀ ਢੂਈ ਵਿਚ ਚਾਰ-ਪੰਜ ਜੜ੍ਹ ਦਿੱਤੀਆਂ। ਮੈਂ ਤਾਂ ਉਥੇ ਹੀ ਡਿੱਗ ਪਿਆ, ਇਹੀ ਹਾਲ ਇਸ ਨੇ ਸਿਮਰੋ ਦਾ ਕੀਤਾ। ਮੈਂ ਤਾਂ ਸੋਚਿਆ ਕਿ ਅਸੀਂ ਤਾਂ ਮਰ ਗਏ, ਜਦੋਂ ਉਹ ਕਾਫੀ ਖੂਨ ਇਕੱਠਾ ਹੋ ਗਿਆ, ਤਾਂ ਇਹ ਘੋਟਣਾ ਸੁੱਟ ਕੇ ਭੱਜ ਗਿਆ। ਪਿੰਡ ਵਾਲੇ ਰੌਲਾ ਸੁਣ ਕੇ ਸਾਡੀ ਮਦਦ ਲਈ ਅਪੜੇ, ਤਾਂ ਸਾਨੂੰ ਇਥੇ ਹਸਪਤਾਲ ਵਿਚ ਲਿਆ ਸੁੱਟਿਆ। ਹੁਣ ਦਵਾਈਆਂ ਨਾਲ ਕੁਝ ਆਰਾਮ ਮਿਲਿਆ। ਹਾਲੇ ਵੀ ਪਾਸਾ ਨਹੀਂ ਲਿਆ ਜਾਂਦਾ, ਦਰਦ ਬਹੁਤ ਹੁੰਦਾ ਹੈ। ਸਿਮਰੋ ਦੀ ਆਵਾਜ਼ ਤਾਂ ਮਸਾਂ ਹੀ ਨਿਕਲਦੀ ਹੈ।

ਲਖਵੀਰ ਨੂੰ ਪੱਕਾ ਯਕੀਨ ਹੋ ਗਿਆ ਸੀ ਕਿ ਦਲਜੀਤ ਆਪਣੇ ਪੁੱਤ ਮਨਵੀਰ ਨੂੰ ਬਚਾਉਣਾ ਚਾਹੁੰਦੀ ਹੈ। ਮੈਨੂੰ ਉਹ ਅਸਲੀਅਤ ਨਹੀਂ ਦੱਸ ਰਹੀ ਹੈ ਕਿਉਂ ਜੋ ਮੈਂ ਉਸ ਦਾ ਪੁੱਤਰ ਨਹੀਂ ਹਾਂ। ਮੇਰੀ ਮਾਂ ਕੋਈ ਹੋਰ ਹੈ, ਉਹ ਜਿਥੇ ਵੀ ਮੈਂ ਲੱਭ ਕੇ ਰਹਾਂਗਾ। ਮੈਨੂੰ ਪਤਾ ਹੈ ਮਾਂ ਦੇ ਪੈਰਾਂ ਵਿਚ ਜੱਨਤ ਹੁੰਦੀ ਹੈ। ਮੈਨੂੰ ਉਸ ਦੇ ਮਿਲਣ 'ਤੇ ਹੀ ਪੂਰਨ ਖੁਸ਼ੀ ਮਿਲੇਗੀ ਅਤੇ ਅਨੰਦ ਦਾ ਅਨੁਭਵ ਹੋਵੇਗਾ। ਕੁਝ ਵੀ ਕਰਨਾ ਪਵੇ, ਮੈਂ ਉਸ ਨੂੰ ਜ਼ਰੂਰ ਹੀ ਲੱਭ ਲੈਣਾ ਹੈ। ਮੇਰਾ ਵਾਹਿਗੁਰੂ ਮੇਰੇ ਨਾਲ ਹੀ ਖੜ੍ਹੇਗਾ। ਉਹ ਹੀ ਮੈਨੂੰ ਰਸਤਾ ਦਿਖਾਵੇਗਾ। ਉਸ ਨੂੰ ਜਾਪਦਾ ਸੀ ਕਿ ਗੇਲੇ ਤੇ ਸਿਮਰੋ ਨੂੰ ਜ਼ਰੂਰ ਹੀ ਮਾਲੂਮ ਹੋਵੇਗਾ ਕਿਉਂ ਜੋ ਮੈਂ ਉਨ੍ਹਾਂ ਨੂੰ ਛੋਟੇ ਹੁੰਦੇ ਤੋਂ ਸਾਡੇ ਘਰ ਕੰਮ ਕਰਦਾ ਦੇਖਦਾ ਹਾਂ।

ਲਖਵੀਰ ਨੇ ਡਾਕਟਰੀ ਇਲਾਜ ਲਈ ਡਾਕਟਰ ਨੂੰ ਸਾਰੇ ਬਿਲ ਦੇਣ ਦੀ ਜ਼ਿੰਮੇਵਾਰੀ ਲੈ ਲਈ ਅਤੇ ਆਖਿਆ ਕਿ ਜਿਤਨਾ ਮਰਜ਼ੀ ਖਰਚ ਹੋ ਜਾਵੇ, ਤਿੰਨਾਂ ਨੂੰ ਪੂਰੀ ਤਰ੍ਹਾਂ ਠੀਕ ਹੋਣ ਤੋਂ ਪਹਿਲਾਂ ਛੁੱਟੀ ਨਹੀਂ ਦੇਣੀ ਹੈ। ਮੇਰੇ ਲਈ ਗੇਲਾ ਅਤੇ ਸਿਮਰੋ ਉਤਨੇ ਹੀ ਪਿਆਰੇ ਹਨ, ਜਿਤਨੀ ਦਲਜੀਤ ਮੈਨੂੰ ਪਿਆਰੀ ਹੈ। ਇਸ ਲਈ ਸਾਰਿਆਂ ਦਾ ਪੂਰੇ ਧਿਆਨ ਨਾਲ ਇਲਾਜ ਕਰਨਾ ਹੈ। ਹਰ ਦੂਜੇ-ਤੀਜੇ ਦਿਨ ਉਹ ਕੰਮ ਵਿਚੋਂ ਪਤਾ ਲੈਣ ਲਈ ਆ ਜਾਇਆ ਕਰਦਾ ਸੀ। ਇਕ ਦਿਨ ਜਦ ਉਸ ਨੂੰ ਜਾਪਿਆ ਕਿ ਸਿਮਰੋ ਦੀ ਹਾਲਤ ਕਾਫੀ ਠੀਕ ਹੈ, ਤਾਂ ਉਹ ਉਸ ਕੋਲ ਬੈਠ ਗਿਆ ਤੇ ਘਰ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਛੋਹ ਲਈਆਂ। ਉਸ ਨੇ ਪੁੱਛਿਆ ਕਿ ਤੂੰ ਮੈਨੂੰ ਇਹ ਦੱਸ ਕਿ ਕੀ ਮੈਂ ਦਲਜੀਤ ਕੌਰ ਦਾ ਪੁੱਤਰ ਹਾਂ? ਸਿਮਰੋ ਇਸ ਸੁਆਲ ਨੂੰ ਸੁਣ ਹੈਰਾਨ ਹੋ ਗਈ। ਇਸ ਗੱਲ 'ਤੇ ਪਰਦਾ ਰੱਖਣ ਲਈ ਉਨ੍ਹਾਂ ਨੂੰ ਕਸਮਾਂ ਖਵਾਈਆਂ ਗਈਆਂ ਸਨ ਅਤੇ ਕੁਝ ਨਕਦ ਰਕਮ ਵੀ ਦਿੱਤੀ ਗਈ ਸੀ। ਸਿਮਰੋ ਉੱਤਰ ਦੇਣ 'ਚ ਹਿਚਕਚਾਹਟ ਮਹਿਸੂਸ ਕਰ ਰਹੀ ਸੀ। ਲਖਵੀਰ ਵੀ ਉਸ ਦਾ ਮਨ ਭਾਂਪ ਗਿਆ, ਉਸ ਨੇ ਕਿਹਾ ਕਿ ਤੂੰ ਡਰ ਨਾ, ਮੈਨੂੰ ਸੱਚੋ-ਸੱਚ ਦੱਸ ਦੇ, ਮੈਂ ਤੈਨੂੰ ਇਨਾਮ ਦੇਵਾਂਗਾ। ਤੁਹਾਨੂੰ ਆਪਣੇ ਕੋਲ ਰੱਖਾਂਗਾ, ਜੇ ਕਰ ਤੁਸੀਂ ਵੱਖਰੇ ਰਹਿਣਾ ਹੈ, ਤਾਂ ਵਧੀਆ ਘਰ ਪਾ ਕੇ ਦੇ ਸਕਦਾ ਹਾਂ। ਜਿਉਂ ਹੀ ਉਸ ਨੇ ਲਾਲਚ ਦਿੱਤਾ, ਤਾਂ ਸਿਮਰੋ ਨੇ ਗੇਲੇ ਵੱਲ ਦੇਖਿਆ, ਜੋ ਕੇ ਸੌਂ ਰਿਹਾ ਸੀ। ਸਿਮਰੋ ਨੇ ਲਖਵੀਰ ਨੂੰ ਕਿਹਾ ਕਿ ਮੈਨੂੰ ਘਬਰਾਹਟ ਹੋ ਰਹੀ ਹੈ। ਮੈਨੂੰ ਬਾਹਰ ਲੈ ਚੱਲ। ਲਖਵੀਰ ਸਮਝ ਗਿਆ ਕਿ ਸਿਮਰੋ ਉਸ ਨਾਲ ਵੱਖਰੇ ਹੋ ਕੇ ਗੱਲ ਕਰਨਾ ਚਾਹੁੰਦੀ ਹੈ। ਉਹ ਉਸ ਨੂੰ ਸਹਾਰਾ ਦੇ ਕੇ ਬਾਹਰ ਲੈ ਗਿਆ। ਨਰਸ ਨੇ ਦੇਖਿਆ ਪਰ ਕੁਝ ਨਾ ਬੋਲੀ। ਬਾਹਰ ਜਾ ਕੇ ਸਿਮਰੋ ਨੇ ਲਖਵੀਰ ਨੂੰ ਕਿਹਾ ਕਿ ਤੁਸੀਂ ਮੈਨੂੰ ਬਚਾਉਣਾ ਹੋਵੇਗਾ ਕਿਉਂਕਿ ਜੇਕਰ ਮਨਵੀਰ ਨੂੰ ਪਤਾ ਲੱਗਾ ਕਿ ਭੇਦ ਮੈਂ ਖੋਲ੍ਹਿਆ ਹੈ, ਤਾਂ ਉਹ ਮੈਨੂੰ ਅਤੇ ਗੇਲੇ ਨੂੰ ਮਾਰ ਦੇਵੇਗਾ। ਲਖਵੀਰ ਨੇ ਕਿਹਾ ਕਿ ਡਰਨ ਦੀ ਲੋੜ ਨਹੀਂ, ਮੈਂ ਇਸ ਗੱਲ ਦੀ ਕਿਸੇ ਨੂੰ ਖਬਰ ਵੀ ਨਹੀਂ ਹੋਣ ਦੇਵਾਂਗਾ। ਤੂੰ ਮੈਨੂੰ ਸਾਰੀ ਗੱਲ ਦੱਸ ਦੇ। ਸਿਮਰੋ ਬੋਲੀ ਕਿ ਤੂੰ ਦਲਜੀਤ ਕੌਰ ਦਾ ਨਹੀਂ, ਸੁਰਜੀਤ ਕੌਰ ਦਾ ਪੁੱਤਰ ਹੈਂ। ਤੇਰਾ ਪਿਤਾ ਰਜਵੰਤ ਸਿੰਘ ਇਕ ਦੁਰਘਟਨਾ ਵਿਚ ਪੂਰਾ ਹੋ ਗਿਆ ਸੀ ਅਤੇ ਭੋਗ ਤੋਂ ਬਾਅਦ ਸਾਰਿਆਂ ਨੇ ਰਲ ਕੇ ਤੇਰੀ ਮਾਂ ਨੂੰ ਪੇਕੇ ਭੇਜ ਦਿੱਤਾ ਸੀ ਅਤੇ ਤੇਰਾ ਪਾਲਣ-ਪੋਸ਼ਣ ਦਲਜੀਤ ਕੌਰ ਜੋ ਤੇਰੀ ਚਾਚੀ ਲੱਗਦੀ ਹੈ ਤੇ ਤੇਰੀ ਦਾਦੀ ਨੇ ਰਲ ਕੇ ਕੀਤਾ ਹੈ। ਜਦੋਂ ਲਖਵੀਰ ਨੇ ਪੁੱਛਿਆ ਕਿ ਮੇਰੇ ਨਾਨਕੇ ਕਿਥੇ ਹਨ, ਤਾਂ ਸਿਮਰੋ ਨੇ ਦੱਸ ਦਿੱਤਾ। ਇਹ ਸੁਣ ਕੇ ਲਖਵੀਰ ਮਨ ਹੀ ਮਨ ਬਹੁਤ ਖੁਸ਼ ਹੋਇਆ। ਉਹ ਵਾਪਸ ਸਿਮਰੋ ਨੂੰ ਅੰਦਰ ਛੱਡ ਆਇਆ ਤੇ ਨਰਸ ਨੂੰ ਉਸ ਨੂੰ ਦਵਾਈ ਦੇਣ ਲਈ ਕਿਹਾ ਕਿਉਂ ਜੋ ਬਾਕੀ ਮਰੀਜ਼ਾਂ ਨੂੰ ਦਵਾਈ ਦੇ ਬੈਠੀ ਸੀ। ਜਦੋਂ ਸਿਮਰੋ ਨੂੰ ਦਵਾਈ ਲਈ ਆਵਾਜ਼ ਦਿੱਤੀ ਸੀ, ਤਾਂ ਲਖਵੀਰ ਨੇ ਥੋੜ੍ਹਾ ਇੰਤਜ਼ਾਰ ਕਰਨ ਲਈ ਕਹਿ ਦਿੱਤਾ ਸੀ।

ਹੁਣ ਲਖਵੀਰ ਦਾ ਟੀਚਾ ਆਪਣੀ ਮਾਂ ਦੇ ਦਰਸ਼ਨ ਕਰਨਾ ਸੀ। ਉਹ ਆਪਣੇ ਨਾਨਕੇ ਘਰ ਵਿਚ ਜਾ ਕੇ ਆਪਣੀ ਅਸਲੀ ਮਾਂ ਸੁਰਜੀਤ ਕੌਰ ਨੂੰ ਮਿਲਣਾ ਚਾਹੁੰਦਾ ਸੀ। ਉਹ ਇਸ ਲਈ ਬਹੁਤ ਹੀ ਉਤਾਵਲਾ ਸੀ। ਸਿਮਰੋ ਨੇ ਨਾਨਕੇ ਪਿੰਡ ਦਾ ਅੰਦਾਜ਼ਾ ਦੇ ਦਿੱਤਾ ਸੀ। ਲਖਵੀਰ ਇਹ ਚਾਹੁੰਦਾ ਸੀ ਕਿ ਉਹ ਆਪਣੇ ਨਾਨਕੇ ਪਿੰਡ ਜਾ ਕੇ ਨਾਨਕੇ ਘਰ ਦੀ ਭਾਲ ਕਰੇ ਅਤੇ ਆਪਣੀ ਮਾਂ ਦੇ ਦਰਸ਼ਨ ਕਰ ਆਨੰਦ ਪ੍ਰਾਪਤ ਕਰੇ ਅਤੇ ਉਸ ਨੂੰ ਆਪਣੇ ਨਾਲ ਲਿਆ ਕੇ ਆਪਣੇ ਕੋਲ ਹੀ ਰੱਖੇ ਅਤੇ ਉਸ ਦੀ ਪੂਰੀ ਸੇਵਾ ਕਰੇ। ਅਗਲੇ ਦਿਨ ਹੀ ਨਾਨਕੇ ਪਿੰਡ ਪੁੱਜ ਗਿਆ। ਮਾਂ ਤੋਂ ਵਿਛੜੇ ਨੂੰ ਉਸ ਨੂੰ ਲਗਭਗ ਤਿੰਨ ਦਹਾਕੇ ਦਾ ਸਮਾਂ ਬੀਤ ਗਿਆ ਸੀ। ਉਸ ਪਿੰਡ ਦੀ ਨਵੀਂ ਪਨੀਰੀ ਨੂੰ ਸੁਰਜੀਤ ਕੌਰ ਜਾਂ ਉਸ ਦੇ ਮਾਪਿਆਂ ਦੇ ਘਰ ਦਾ ਕੋਈ ਵੀ ਇਲਮ ਨਹੀਂ ਸੀ। ਉਹ ਪਿੰਡ ਦੀ ਗਲੀ ਵਿਚ ਚਲਿਆ ਜਾ ਰਿਹਾ ਸੀ, ਤਾਂ ਇਕ ਥਾਂ ਉਸ ਨੇ ਕੁਝ ਬਜ਼ੁਰਗ ਤਾਸ਼ ਖੇਡਦੇ ਮਿਲੇ। ਉਸ ਨੇ ਪੂਰੇ ਸਤਿਕਾਰ ਨਾਲ ਫਤਹਿ ਬੁਲਾਈ। ਉਸ ਨੇ ਪੁੱਛਿਆ ਕਿ ਸੁਰਜੀਤ ਕੌਰ ਜੋ ਮੇਰੇ ਪਿੰਡ ਕੌਲੀ ਜ਼ਿਲ੍ਹਾ ਸੰਗਰੂਰ ਵਿਚ ਵਿਆਹੀ ਸੀ। ਉਸ ਦਾ ਘਰ ਵਾਲਾ ਬੈਂਕ ਵਿਚ ਸੀ ਅਤੇ ਇਕ ਦੁਰਘਟਨਾ ਵਿਚ ਪੂਰਾ ਹੋ ਗਿਆ ਸੀ। ਇਹ ਲਗਭਗ 30 ਸਾਲ ਪਹਿਲਾਂ ਦੀ ਘਟਨਾ ਹੈ। ਮੈਂ ਉਨ੍ਹਾਂ ਦਾ ਘਰ ਲੱਭ ਰਿਹਾ ਹਾਂ। ਇਸ ਲਈ ਮੈਨੂੰ ਤੁਹਾਡੀ ਮਦਦ ਦੀ ਲੋੜ ਹੈ। ਇਕ ਬਜ਼ੁਰਗ ਬੋਲਿਆ, ਹਾਂ! ਮੈਨੂੰ ਇਹ ਸਾਰੀ ਘਟਨਾ ਇੰਜ ਯਾਦ ਹੈ, ਜਿਵੇਂ ਇਹ ਹਾਲੇ ਨੇੜੇ ਹੀ ਘਟੀ ਹੋਵੇ। ਮੈਂ ਵੀ ਉਸ ਦੇ ਭੋਗ 'ਤੇ ਗਿਆ ਸੀ ਕਿਉਂ ਜੋ ਸੁਰਜੀਤ ਕੌਰ ਮੇਰੀ ਹੀ ਭਤੀਜੀ ਲੱਗਦੀ ਹੈ, ਬਹੁਤ ਕਹਿਣ ਦੇ ਬਾਵਜੂਦ ਸੁਰਜੀਤ ਕੌਰ ਨੇ ਹੋਰ ਵਿਆਹ ਨਹੀਂ ਕਰਵਾਇਆ ਅਤੇ ਉਹ ਵੀ ਆਪਣੇ ਪੁੱਤਰ ਦੇ ਵਿਯੋਗ ਵਿਚ, ਇਸ ਆਸ ਨਾਲ ਜੀਅ ਰਹੀ ਹੈ ਕਿ ਇਕ ਦਿਨ ਵਾਹਿਗੁਰੂ ਮੇਹਰ ਕਰੇਗਾ ਅਤੇ ਮੇਰਾ ਆਪਣੇ ਪੁੱਤਰ ਦਾ ਮੇਲ ਹੋਵੇਗਾ, ਦਿਨ ਕੱਟ ਰਹੀ ਹੈ। ਮੇਰੇ ਭਰਾ ਤਾਂ ਉਥੇ ਜਾ ਚੁੱਕਾ ਹੈ, ਜਿਥੋਂ ਕਦੇ ਵੀ ਕੋਈ ਵਾਪਸ ਨਹੀਂ ਆਇਆ। ਇਹ ਬੋਲਦਿਆਂ ਉਸ ਦੀ ਅੱਖਾਂ ਵਿਚੋਂ ਨਮੀ ਝਲਕ ਰਹੀ ਸੀ। ਲਖਵੀਰ ਦਾ ਮਨ ਵੀ ਭਰ ਆਇਆ। ਕੁਝ ਰੁੱਕ ਕੇ ਉਸ ਨੇ ਉਸ ਬਜ਼ੁਰਗ ਨੂੰ ਕਿਹਾ ਕਿ ਚਾਚਾ ਜੀ ਮੈਨੂੰ ਸੁਰਜੀਤ ਕੌਰ ਨੂੰ ਮਿਲਾ ਦਿਓ। ਮੈਂ ਉਸ ਸੁਰਜੀਤ ਕੌਰ ਦਾ ਅਭਾਗਾ ਪੁੱਤਰ ਹਾਂ, ਜਿਸ ਨੂੰ ਆਪਣੀ ਮਾਂ ਤੋਂ ਵਿਛੜੇ ਨੂੰ ਕਾਫੀ ਸਮਾਂ ਹੋ ਚੁੱਕਿਆ ਹੈ। ਮੈਂ ਇਹ ਸੋਚ ਸਕਦਾ ਹਾਂ ਕਿ ਉਸ ਨੇ ਦੁੱਖ ਵਿਚ ਇਤਨਾ ਸਮਾਂ ਕਿਵੇਂ ਅਥਰੂਆਂ ਦੇ ਸੰਗ ਬਿਤਾਇਆ ਹੋਵੇਗਾ। ਹੁਣ ਤੁਸੀਂ ਹੋਰ ਦੇਰ ਨਾ ਕਰੋ, ਮੇਰੇ ਨਾਲ ਹੀ ਚਲੋ, ਤਾਂ ਜੋ ਉਸ ਉਡੀਕਦੀ ਮਾਂ ਦੇ ਤਪਦੇ ਕਲੇਜੇ ਨੂੰ ਠੰਡ ਪਾ ਸਕਾਂ। ਲਖਵੀਰ ਨੇ ਚਾਚੇ ਨੂੰ ਨਾਲ ਲਿਆ ਅਤੇ ਘਰ ਵਲ ਚੱਲ ਪਏ।

ਜਦੋਂ ਘਰੇ ਪੁੱਜੇ ਤਾਂ ਦੇਖਿਆ ਕਿ ਲਖਵੀਰ ਦੀ ਨਾਨੀ ਅਤੇ ਮਾਂ ਘਰ ਦੇ ਦਰਵਾਜ਼ੇ ਵਿਚ ਬੈਠੀਆਂ ਹੋਈਆਂ ਸਨ ਅਤੇ ਗੱਲਾਂ ਵਿਚ ਰੁੱਝੀਆਂ ਹੋਈਆਂ ਸਨ। ਸੁਰਜੀਤ ਕੌਰ ਦਾ ਚਾਚਾ ਤਾਂ ਚੁੱਪ ਰਿਹਾ ਪਰ ਲਖਵੀਰ ਨੇ ਪਹਿਲਾਂ ਆਪਣੀ ਨਾਨੀ ਦੇ ਪੈਰ ਛੂਹੇ ਅਤੇ ਫਿਰ ਆਪਣੀ ਮਾਂ ਦੇ ਗੱਲ ਲੱਗ ਗਿਆ। ਜਦੋਂ ਮਾਂ-ਪੁੱਤ ਦਾ ਮੇਲ ਹੋਇਆ, ਤਾਂ ਸੁਰਜੀਤ ਕੌਰ ਇਕ ਵਾਰ ਤਾਂ ਹੈਰਾਨ ਹੋਈ, ਫਿਰ ਉਸ ਦੇ ਮਨ ਅੰਦਰ ਖਿਆਲ ਆਇਆ ਕਿ ਮੈਨੂੰ ਇਸ ਤਰ੍ਹਾਂ ਮਿਲਣ ਵਾਲਾ ਮੇਰਾ ਲੱਡੂ ਹੀ ਹੋ ਸਕਦਾ ਹੈ। ਜਦੋਂ ਉਸ ਨੇ ਲੱਡੂ ਦੀਆਂ ਅੱਖਾਂ ਵਿਚ ਹੰਝੂਆਂ ਦਾ ਹੜ੍ਹ ਵਹਿੰਦਾ ਡਿੱਠਾ, ਤਾਂ ਉਹ ਵੀ ਆਪਣੀ ਖੁਸ਼ੀ ਨਾ ਸੰਭਾਲ ਸਕੀ ਅਤੇ ਰੋ ਕੇ ਆਪਣਾ ਮਨ ਹਲਕਾ ਕਰਨ ਲੱਗ ਪਈ। ਅਥਰੂ ਆਪਣੇ ਬੋਲਾਂ ਰਾਹੀਂ ਇਕ ਦੂਸਰੇ ਦਾ ਦੁੱਖ ਹਲਕਾ ਕਰ ਰਹੇ ਸਨ। ਜਦੋਂ ਇਸ ਅਵਸਥਾ ਵਿਚ ਕਾਫੀ ਸਮਾਂ ਲੰਘ ਗਿਆ, ਤਾਂ ਬਜ਼ੁਰਗ ਚਾਚਾ ਬੋਲਿਆ ਕਿ ਭਰਜਾਈ ਇਹ ਤਾਂ ਦੋਹਤਵਾਨ ਹੈ, ਜੋ ਆਪਣੀ ਮਾਂ ਸੁਰਜੀਤ ਕੌਰ ਨੂੰ ਚਿੰਬੜਿਆ ਹੋਇਆ ਹੈ। ਨਾਨੀ ਭਾਵੇਂ ਜ਼ਿਆਦਾ ਉਮਰ ਕਾਰਨ ਅੱਖਾਂ ਤੋਂ ਪੂਰਾ ਸਾਫ ਨਹੀਂ ਦੇਖ ਸਕਦੀ ਸੀ। ਉਹ ਵਾਹਿਗੁਰੂ ਦਾ ਸ਼ੁਕਰਾਨਾ ਕਰ ਰਹੀ ਸੀ ਕਿ ਪ੍ਰਮਾਤਮਾ ਨੇ ਮੇਹਰ ਕਰ ਮੇਰੀ ਧੀ ਦਾ ਕਾਲ਼ਜਾ ਠਾਰ ਦਿੱਤਾ ਹੈ। ਲਖਵੀਰ ਨੇ ਮਾਂ ਨੂੰ ਆਪਣੇ ਬਾਰੇ ਦੱਸਿਆ ਕਿ ਮੈਂ ਹੁਣ ਸਰਕਾਰੀ ਨੌਕਰ ਹਾਂ ਅਤੇ ਤੈਨੂੰ ਆਪਣੇ ਨਾਲ ਲੈ ਕੇ ਜਾਵਾਂਗਾ। ਸੁਰਜੀਤ ਕੌਰ ਨੇ ਆਪਣੇ ਪੁੱਤ ਵਲ ਫਿਰ ਸਿਰ ਚੁੱਕ ਕੇ ਡਿੱਠਾ ਤੇ ਬੋਲੀ, ਵਾਹ! ਵੇ ਲੱਡੂ ਤੂੰ ਤਾਂ ਕਮਾਲ ਕਰ ਦਿੱਤੀ। ਮੈਂ ਅੱਜ ਬਹੁਤ ਖੁਸ਼ ਹਾਂ। ਹੁਣ ਮੈਂ ਤੇਰੇ ਨਾਲ ਜ਼ਰੂਰ ਚਲਾਂਗੀ। ਤੂੰ ਮੈਨੂੰ ਇਹ ਦੱਸ ਕਿ ਮੇਰੀ ਨੂੰਹ ਕਿਹੋ ਜਿਹੀ ਹੈ, ਉਸ ਨੂੰ ਨਾਲ ਲੈ ਕੇ ਆਉਣਾ ਸੀ। ਲਖਵੀਰ ਨੇ ਕਿਹਾ, ਮੇਰੀ ਭੋਲੀ ਮਾਂ! ਮੇਰਾ ਪਹਿਲਾ ਕੰਮ ਤੈਨੂੰ ਲੱਭਣਾ ਸੀ। ਮੈਨੂੰ ਪਤਾ ਹੈ ਕਿ ਮਾਂ ਦੇ ਪੈਰਾਂ ਵਿਚ ਜੱਨਤ ਹੁੰਦੀ ਹੈ ਅਤੇ ਉਹ ਜੱਨਤ ਮੈਂ ਪਾ ਲਈ ਹੈ। ਮੈਨੂੰ ਖੂਬ ਆਨੰਦ ਮਿਲਿਆ ਹੈ। ਹੁਣ ਮੈਂ ਤੁਹਾਨੂੰ ਨਾਲ ਲਿਜਾਵਾਂਗਾ। ਫੇਰ ਆਪਾਂ ਰਲ ਕੇ ਤੇਰੀ ਨੂੰਹ ਦੀ ਤਲਾਸ਼ ਕਰਾਂਗੇ। ਤੂੰ ਮੇਰੇ ਸਿਰ 'ਤੇ ਹੱਥ ਰੱਖੀ, ਅਸੀਂ ਖੁਸ਼ੀਆਂ ਭਰਿਆ ਜੀਵਨ ਬਤੀਤ ਕਰਾਂਗੇ। ਅਰਸਤੂ ਨੇ ਕਿਹਾ ਹੈ ਕਿ ਜਦੋਂ ਜੀਵਨ ਵਿਚ ਖੁਸ਼ੀ ਪ੍ਰਾਪਤ ਹੁੰਦੀ ਹੈ, ਤਾਂ ਮਨੁੱਖ ਮਹਿਸੂਸ ਕਰਦਾ ਹੈ, ਮੈਨੂੰ ਮੰਜ਼ਿਲ ਪ੍ਰਾਪਤ ਹੋ ਗਈ ਹੈ। ਸਿੱਖ ਮਤ ਵਿਚ ਇਸ ਖੁਸ਼ੀ ਨੂੰ ਅਨੰਦੁ ਦੀ ਅਵਸਥਾ ਆਖਿਆ ਗਿਆ ਹੈ। ਮੈਨੂੰ ਪਤਾ ਹੈ ਕਿ ਤੁਸੀਂ ਦੁਖਾਂ ਦੇ ਸਮੁੰਦਰ ਵਿਚ ਸੀ, ਹੁਣ ਮੈਂ ਦੁਖਾਂ ਤੋਂ ਨਿਜਾਤ ਦਿਵਾ ਆਪਾਂ ਸਾਰੇ ਖੁਸ਼ੀਆਂ ਨੂੰ ਮਾਣਾਂਗੇ ਅਤੇ ਅਨੰਦ ਦੀ ਪ੍ਰਾਪਤੀ ਹੋਵੇਗੀ। ਮੈਂ ਆਪਣੇ ਦਾਦਾ, ਦਾਦੀ, ਚਾਚਾ ਅਤੇ ਚਾਚੀ ਨਾਲ ਵੀ ਸਾਂਝੀ ਕਰਾਂਗਾ। ਸ਼ਾਮ ਤੱਕ ਰੁਕ ਕੇ ਦੋਵੇਂ ਮਾਂ-ਪੁੱਤ ਘਰ ਲਈ ਚੱਲ ਪਏ।

# ਜਦੋਂ ਪਾਖੰਡ ਬੱਚਿਆਂ ਦੀ ਸਿੱਖਿਆ 'ਤੇ ਬੁਰਾ ਪ੍ਰਭਾਵ ਪਾਉਂਦਾ ਹੈ

*ਭਾਰਤ ਵਿਚ ਬੱਚਿਆਂ ਦੀ ਸਿੱਖਿਆ ਸਬੰਧੀ ਸਭ ਤੋਂ ਵੱਡਾ ਸੰਕਟ ਸਿਰਫ਼ ਗਰੀਬੀ ਜਾਂ ਸਾਧਨਾਂ ਦੀ ਘਾਟ ਨਹੀਂ ਹੈ, ਸਗੋਂ ਧਾਰਮਿਕ ਪਾਖੰਡ ਹੈ। ਕੁਝ ਸਵੈ-ਘੋਸ਼ਿਤ ਬਾਬੇ ਸਿੱਖਿਆ ਨੂੰ ਅਪਵਿੱਤਰ, ਔਰਤਾਂ ਲਈ ਅਯੋਗ ਅਤੇ ਸਮਾਜ ਵਿਰੋਧੀ ਕਹਿ ਕੇ ਬੱਚਿਆਂ ਨੂੰ ਸਕੂਲ ਤੋਂ ਦੂਰ ਰੱਖਦੇ ਹਨ। ਇਹ ਰੁਝਾਨ ਨਾ ਸਿਰਫ਼ ਸੰਵਿਧਾਨ ਦੇ ਵਿਰੁੱਧ ਹੈ, ਸਗੋਂ ਸਮਾਜ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਰਿਹਾ ਹੈ। ਲੇਖ ਵਿਚ ਦਲੀਲ ਦਿੱਤੀ ਗਈ ਹੈ ਕਿ ਜਦੋਂ ਤੱਕ ਸਿੱਖਿਆ ਪਖੰਡ ਤੋਂ ਮੁਕਤ ਨਹੀਂ ਹੁੰਦੀ, ਇੱਕ ਸਸ਼ਕਤ ਸਮਾਜ ਦਾ ਸੁਪਨਾ ਅਧੂਰਾ ਰਹੇਗਾ। – ਡਾ. ਪ੍ਰਿਯੰਕਾ ਸੌਰਭ*

ਪ੍ਰਿਯੰਕਾ ਸੌਰਭ
ਹਰਿਆਣਾ
ਮੋਬਾਇਲ : 70153-75570
(ਗੱਲਬਾਤ + ਵਟਸਐਪ)
ਪੰਜਾਬ ਮੇਲ USA

ਇੱਕ ਪਾਸੇ, ਭਾਰਤ ਵਿਚ, ਅਸੀਂ ਵਿਗਿਆਨ, ਤਕਨਾਲੋਜੀ ਅਤੇ ਪੁਲਾੜ ਖੋਜ ਵਿਚ ਨਵੀਆਂ ਉਚਾਈਆਂ ਨੂੰ ਛੂਹਣ ਦਾ ਦਾਅਵਾ ਕਰਦੇ ਹਾਂ, ਦੂਜੇ ਪਾਸੇ, ਅੱਜ ਵੀ, ਦੇਸ਼ ਦੇ ਹਰ ਕੋਨੇ ਵਿਚ ਅਜਿਹੇ ਦ੍ਰਿਸ਼ ਮਿਲਦੇ ਹਨ, ਜਿੱਥੇ ਬੱਚੇ ਸਿੱਖਿਆ ਤੋਂ ਵਾਂਝੇ ਹਨ। ਇਹ ਵਿਡੰਬਨਾ ਹੋਰ ਵੀ ਦੁਖਦਾਈ ਹੋ ਜਾਂਦਾ ਹੈ, ਜਦੋਂ ਸਿੱਖਿਆ ਦੇ ਰਾਹ ਵਿਚ ਸਿਰਫ਼ ਗਰੀਬੀ ਜਾਂ ਸਾਧਨਾਂ ਦੀ ਘਾਟ ਹੀ ਨਹੀਂ, ਸਗੋਂ ਅੰਧਵਿਸ਼ਵਾਸ ਅਤੇ ਪਖੰਡ ਵੀ ਰੁਕਾਵਟ ਬਣ ਜਾਂਦੇ ਹਨ।

ਪਖੰਡ ਸਿਰਫ਼ ਇੱਕ ਨਕਲੀ ਬਾਬੇ ਦੁਆਰਾ ਦਿਖਾਏ ਗਏ ਚਮਤਕਾਰ ਨਹੀਂ ਹਨ, ਇਹ ਇੱਕ ਸਮਾਜਿਕ ਜਾਲ ਹੈ, ਜਿਸ ਵਿਚ ਬੱਚਿਆਂ ਦੇ ਵਿਚਾਰ, ਸਵਾਲ ਅਤੇ ਸੁਪਨੇ ਫਸ ਜਾਂਦੇ ਹਨ। ਅਜਿਹੇ ਲੋਕ ਜਿਨ੍ਹਾਂ ਦਾ ਉਦੇਸ਼ ਸਮਾਜ ਵਿਚ ਆਪਣਾ ਦਬਦਬਾ ਸਥਾਪਤ ਕਰਨਾ ਹੁੰਦਾ ਹੈ, ਉਹ ਸਿੱਖਿਆ ਨੂੰ ਸਭ ਤੋਂ ਵੱਡਾ ਖ਼ਤਰਾ ਸਮਝਦੇ ਹਨ। ਕਿਉਂਕਿ ਸਿੱਖਿਆ ਸਵਾਲ ਕਰਨਾ ਸਿਖਾਉਂਦੀ ਹੈ, ਸੋਚਣ ਲਈ ਵਿਵੇਕ ਦਿੰਦੀ ਹੈ ਅਤੇ ਵਿਅਕਤੀ ਨੂੰ ਆਤਮਨਿਰਭਰ ਬਣਾਉਂਦੀ ਹੈ। ਇਹ ਉਹ ਸ਼ਕਤੀ ਹੈ, ਜੋ ਪਖੰਡੀਆਂ ਦੀਆਂ ਦੁਕਾਨਾਂ ਬੰਦ ਕਰ ਸਕਦੀ ਹੈ।

ਅੱਜ ਵੀ, ਦੇਸ਼ ਦੇ ਕਈ ਪਿੰਡਾਂ, ਕਸਬਿਆਂ ਅਤੇ ਪਛੜੇ ਇਲਾਕਿਆਂ ਵਿਚ, ਅਖੌਤੀ ਸਾਧੂ, ਸੰਤ ਅਤੇ ਧਾਰਮਿਕ ਗੁਰੂ ਹਨ, ਜੋ ਸਟੇਜ ਤੋਂ ਉਪਦੇਸ਼ ਦਿੰਦੇ ਹਨ, "ਜੇ ਤੁਸੀਂ ਕੁੜੀਆਂ ਨੂੰ ਬਹੁਤ ਜ਼ਿਆਦਾ ਪੜ੍ਹਾਓਗੇ, ਤਾਂ ਉਹ ਘਰ ਨਹੀਂ ਸੰਭਾਲਣਗੀਆਂ", "ਧੀ ਦੀ ਪੜ੍ਹਾਈ ਉਸਦੇ ਵਿਆਹ ਵਿਚ ਰੁਕਾਵਟ ਬਣ ਜਾਂਦੀ ਹੈ", "ਇੱਕ ਉੱਚ ਸਿੱਖਿਆ ਪ੍ਰਾਪਤ ਕੁੜੀ ਅਸ਼ੁੱਭ ਹੁੰਦੀ ਹੈ।" ਅਜਿਹੇ ਬਿਆਨ ਸਿਰਫ਼ ਮਜ਼ਾਕ ਨਹੀਂ ਹਨ, ਇਹ ਸਮਾਜ ਦੀ ਸੋਚ ਨੂੰ ਦਿਸ਼ਾ ਦਿੰਦੇ ਹਨ ਅਤੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਤੋਂ ਰੋਕਦੇ ਹਨ।

ਸਰਕਾਰੀ ਯਤਨਾਂ ਦੇ ਬਾਵਜੂਦ, ਸਿੱਖਿਆ ਉਦੋਂ ਤੱਕ ਨਹੀਂ ਫੈਲ ਸਕਦੀ, ਜਦੋਂ ਤੱਕ ਸਮਾਜ ਦੀ ਮਾਨਸਿਕਤਾ ਨਹੀਂ ਬਦਲਦੀ। ਇੱਕ ਪਾਸੇ, ਸਰਕਾਰ ਬੱਚਿਆਂ ਨੂੰ ਸਕੂਲ ਲਿਆਉਣ ਲਈ ਪੌਸ਼ਟਿਕ ਭੋਜਨ, ਸਕਾਲਰਸ਼ਿਪ ਅਤੇ ਮੁਫ਼ਤ ਕਿਤਾਬਾਂ ਵਰਗੀਆਂ ਯੋਜਨਾਵਾਂ ਚਲਾ ਰਹੀ ਹੈ, ਜਦੋਂ ਕਿ ਦੂਜੇ ਪਾਸੇ, ਸਮਾਜ ਦੇ ਸਵੈ-ਘੋਸ਼ਿਤ ਠੇਕੇਦਾਰ ਸਿੱਖਿਆ ਨੂੰ ਨਫ਼ਰਤ ਨਾਲ ਦੇਖ ਰਹੇ ਹਨ।

ਸਿੱਖਿਆ ਦਾ ਵਿਰੋਧ ਕਰਨ ਵਾਲੀ ਹਰ ਆਵਾਜ਼ ਅਸਲ ਵਿਚ ਉਸ ਡਰ ਦਾ ਪ੍ਰਤੀਕ ਹੈ, ਜੋ ਪਖੰਡੀਆਂ ਨੂੰ ਸਤਾਉਂਦਾ ਹੈ - ਕਿ ਜੇ ਕੋਈ ਬੱਚਾ ਸਿੱਖਿਆ ਪ੍ਰਾਪਤ ਕਰਦਾ ਹੈ, ਤਾਂ ਉਹ ਜਾਤੀਵਾਦ, ਵਿਤਕਰਾ, ਮੰਦਰਾਂ ਵਿਚ ਵਿਤਕਰਾ, ਔਰਤਾਂ ਦੀ ਸਥਿਤੀ, ਸ਼ੋਸ਼ਣ ਅਤੇ ਬੇਇਨਸਾਫ਼ੀ ਵਰਗੇ ਮੁੱਦਿਆਂ 'ਤੇ ਸਵਾਲ ਉਠਾਏਗਾ। ਇਹ ਡਰ ਉਨ੍ਹਾਂ ਨੂੰ ਕਿਤਾਬਾਂ ਤੋਂ ਦੂਰ ਰੱਖਦਾ ਹੈ।

ਅੱਜ ਵੀ, ਕਈ ਥਾਵਾਂ 'ਤੇ ਇਹ ਕਿਹਾ ਜਾਂਦਾ ਹੈ ਕਿ "ਜੇ ਤੁਸੀਂ ਆਪਣੀਆਂ ਧੀਆਂ ਨੂੰ ਬਹੁਤ ਜ਼ਿਆਦਾ ਪੜ੍ਹਾਓਗੇ, ਤਾਂ ਉਨ੍ਹਾਂ ਦਾ ਵਿਆਹ ਕਰਨਾ ਮੁਸ਼ਕਲ ਹੋ ਜਾਵੇਗਾ।" ਕੁਝ ਥਾਵਾਂ 'ਤੇ, ਇਹ ਵੀ ਕਿਹਾ ਜਾਂਦਾ ਹੈ ਕਿ "ਇੱਕ ਪੜ੍ਹੀ-ਲਿਖੀ ਕੁੜੀ ਸੱਭਿਆਚਾਰਹੀਣ ਹੋ ਜਾਂਦੀ ਹੈ।" ਇਹ ਸੋਚ ਨਾ ਸਿਰਫ਼ ਪਛੜੇਪਣ ਦਾ ਨਤੀਜਾ ਹੈ, ਸਗੋਂ ਉਸ ਪਾਖੰਡੀ ਸੋਚ ਦਾ ਵੀ ਨਤੀਜਾ ਹੈ, ਜੋ ਧਰਮ ਅਤੇ ਸੱਭਿਆਚਾਰ ਦੇ ਨਾਮ 'ਤੇ ਅਗਿਆਨਤਾ ਨੂੰ ਉਤਸ਼ਾਹਿਤ ਕਰਦੀ ਹੈ।

ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਜਿਹੜੇ ਸਵੈ-ਘੋਸ਼ਿਤ ਧਾਰਮਿਕ ਆਗੂ ਕਹਿੰਦੇ ਹਨ ਕਿ ਸਿੱਖਿਆ ਵਿਅਰਥ ਹੈ, ਉਹ ਖੁਦ ਉੱਚ ਸਿੱਖਿਆ ਪ੍ਰਾਪਤ ਹਨ। ਉਨ੍ਹਾਂ ਦੇ ਬੱਚੇ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਪੜ੍ਹਦੇ ਹਨ, ਪਰ ਉਹ ਪਿੰਡਾਂ ਦੇ ਬੱਚਿਆਂ ਨੂੰ 'ਗੁਰੂਕੁਲ ਸੱਭਿਆਚਾਰ' ਦੇ ਪਾਠ ਪੜ੍ਹਾਉਂਦੇ ਹਨ, ਜਿੱਥੇ ਤਰਕ ਲਈ ਕੋਈ ਥਾਂ ਨਹੀਂ ਹੈ। ਇਹ ਦੋਹਰਾ ਮਾਪਦੰਡ ਇਸ ਦੇਸ਼ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ।



ਵਿਸ਼ਵਾਸ ਅਤੇ ਅੰਧਵਿਸ਼ਵਾਸ ਵਿਚਕਾਰ ਸੀਮਾ ਰੇਖਾ ਧੁੰਦਲੀ ਹੋ ਜਾਂਦੀ ਹੈ, ਜਦੋਂ ਕੋਈ ਬਾਬਾ ਕਹਿੰਦਾ ਹੈ ਕਿ "ਬੱਚਿਆਂ ਨੂੰ ਸਕੂਲ ਨਹੀਂ, ਸਤਿਸੰਗ ਵਿਚ ਭੇਜੋ" ਅਤੇ ਸਮਾਜ ਅੰਨ੍ਹੇਵਾਹ ਉਸਦਾ ਪਾਲਣ ਕਰਦਾ ਹੈ। ਇਹ ਉਹ ਪਲ ਹੈ, ਜਦੋਂ ਸਿੱਖਿਆ ਉੱਤੇ ਪਖੰਡ ਭਾਰੂ ਹੋ ਜਾਂਦਾ ਹੈ।

ਇੱਕ ਸਿੱਖਿਅਤ ਸਮਾਜ ਇੱਕ ਪ੍ਰਗਤੀਸ਼ੀਲ ਰਾਸ਼ਟਰ ਦੀ ਨੀਂਹ ਹੁੰਦਾ ਹੈ। ਪਰ ਜਦੋਂ ਸਿੱਖਿਆ ਨੂੰ ਹੀ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ, ਤਾਂ ਦੇਸ਼ ਦਾ ਭਵਿੱਖ ਹਨੇਰਾ ਹੋ ਜਾਂਦਾ ਹੈ। ਸਕੂਲਾਂ ਨੂੰ ਪੂਜਾ ਸਥਾਨਾਂ ਤੋਂ ਘਟੀਆ ਸਮਝਣਾ, ਅਧਿਆਪਕਾਂ ਨੂੰ ਸਮਾਜ ਵਿਚ ਦੂਜਾ ਸਥਾਨ ਦੇਣਾ ਅਤੇ ਗਿਆਨ ਦੀ ਬਜਾਏ ਮੰਤਰਾਂ ਨੂੰ ਤਰਜੀਹ ਦੇਣਾ - ਇਹ ਸਭ ਉਸੇ ਮਾਨਸਿਕਤਾ ਦਾ ਨਤੀਜਾ ਹੈ।

ਇਹ ਵੀ ਧਿਆਨਦੇਣ ਯੋਗ ਹੈ ਕਿ ਕਈ ਵਾਰ ਰਾਜਨੀਤਿਕ ਸ਼ਕਤੀ ਅਤੇ ਧਾਰਮਿਕ ਪਖੰਡ ਇਕੱਠੇ ਹੋ ਜਾਂਦੇ ਹਨ। ਵੋਟ ਬੈਂਕ ਦੀ ਰਾਜਨੀਤੀ ਵਿਚ, ਅਖੌਤੀ ਸਾਧੂਆਂ ਨੂੰ ਇੱਕ ਪਲੇਟਫਾਰਮ ਮਿਲਦਾ ਹੈ ਅਤੇ ਉਹ ਬੱਚਿਆਂ ਦੀ ਸਿੱਖਿਆ ਨੂੰ ਭਰਮ ਅਤੇ ਪਾਪ ਕਹਿ ਕੇ ਉਨ੍ਹਾਂ ਦੀ ਮਾਨਸਿਕਤਾ ਦਾ ਸ਼ੋਸ਼ਣ ਕਰਦੇ ਹਨ। ਕਈ ਵਾਰ ਅਜਿਹੇ ਪ੍ਰਚਾਰਕਾਂ ਨੂੰ ਸਰਕਾਰੀ ਪਲੇਟਫਾਰਮ, ਸੁਰੱਖਿਆ ਅਤੇ ਸਹੂਲਤਾਂ ਵੀ ਮਿਲਦੀਆਂ ਹਨ।

ਜਦੋਂ ਬੱਚੇ ਸਕੂਲ ਜਾਂਦੇ ਹਨ, ਤਾਂ ਉਹ ਸਿਰਫ਼ ਗਣਿਤ, ਵਿਗਿਆਨ ਜਾਂ ਭਾਸ਼ਾ ਹੀ ਨਹੀਂ ਸਿੱਖਦੇ। ਉਹ ਆਜ਼ਾਦੀ, ਸਮਾਨਤਾ, ਤਰਕ ਅਤੇ ਅਧਿਕਾਰ ਵੀ ਸਿੱਖਦੇ ਹਨ। ਇਹੀ ਗੱਲ ਪਖੰਡੀਆਂ ਨੂੰ ਬੇਆਰਾਮ ਕਰਦੀ ਹੈ।

ਉਹ ਨਹੀਂ ਚਾਹੁੰਦੇ ਕਿ ਕੋਈ ਬੱਚਾ ਪੁੱਛੇ -

"ਜੇ ਅਸੀਂ ਸਾਰੇ ਰੱਬ ਦੇ ਬੱਚੇ ਹਾਂ, ਤਾਂ ਫਿਰ ਜਾਤਾਂ ਕਿਉਂ ਹਨ?"

"ਔਰਤਾਂ ਨੂੰ ਮੰਦਰਾਂ ਵਿਚ ਕਿਉਂ ਨਹੀਂ ਜਾਣ ਦਿੱਤਾ ਜਾਂਦਾ?"

"ਗਰੀਬਾਂ ਨੂੰ ਚੰਗੇ ਸਕੂਲ ਕਿਉਂ ਨਹੀਂ ਮਿਲਦੇ?"

ਸਿਰਫ਼ ਇਹ ਸਵਾਲ ਹੀ ਪਖੰਡ ਦੀਆਂ ਜੜ੍ਹਾਂ ਹਿਲਾ ਸਕਦੇ ਹਨ, ਇਸ ਲਈ ਅਜਿਹੇ ਲੋਕਾਂ ਦਾ ਪਹਿਲਾ ਹਮਲਾ ਹਮੇਸ਼ਾ ਸਿੱਖਿਆ 'ਤੇ ਹੁੰਦਾ ਹੈ।

ਦੁੱਖ ਦੀ ਗੱਲ ਇਹ ਹੈ ਕਿ ਸਿੱਖਿਆ ਵਿਭਾਗ ਵੀ ਕਈ ਵਾਰ ਇਨ੍ਹਾਂ ਪ੍ਰਵਿਰਤੀਆਂ ਅੱਗੇ ਝੁਕ ਜਾਂਦਾ ਹੈ। ਸਕੂਲਾਂ ਵਿਚ ਧਾਰਮਿਕ ਰਸਮਾਂ ਪੜ੍ਹਾਉਣਾ, ਬਾਬਿਆਂ ਦੇ ਨਾਮ 'ਤੇ ਛੁੱਟੀਆਂ ਦੇਣਾ ਜਾਂ ਭਜਨ ਮੁਕਾਬਲੇ ਕਰਵਾਉਣਾ ਹੁਣ ਆਮ ਹੋ ਗਿਆ ਹੈ।

ਅਜਿਹੀ ਸਥਿਤੀ ਵਿਚ, ਇੱਕ ਬੱਚੇ ਨੂੰ ਜਿਸਨੂੰ ਸੋਚਣ ਦੀ ਆਜ਼ਾਦੀ ਦਿੱਤੀ ਜਾਣੀ ਚਾਹੀਦੀ ਹੈ, ਉਸਨੂੰ ਨਕਲ ਦਾ ਸਬਕ ਸਿਖਾਇਆ ਜਾਂਦਾ ਹੈ।

ਕੁੜੀਆਂ ਦੀ ਹਾਲਤ ਹੋਰ ਵੀ ਤਰਸਯੋਗ ਹੈ। 'ਕੰਨਿਆਦਾਨ' ਦੇ ਨਾਮ 'ਤੇ ਉਨ੍ਹਾਂ ਨੂੰ ਚੁੱਪ ਕਰਾਉਣਾ, 'ਸ਼ੁੱਧਤਾ' ਦੇ ਨਾਮ 'ਤੇ ਉਨ੍ਹਾਂ ਨੂੰ ਘਰ ਵਿਚ ਕੈਦ ਰੱਖਣਾ ਅਤੇ 'ਸੱਭਿਆਚਾਰ' ਦੇ ਨਾਮ 'ਤੇ ਉਨ੍ਹਾਂ ਨੂੰ ਸਿੱਖਿਆ ਤੋਂ ਵਾਂਝਾ ਰੱਖਣਾ - ਇਹ ਸਭ ਇੱਕ ਅਜਿਹੇ ਸਮਾਜ ਦੀ ਅਸਲੀ ਤਸਵੀਰ ਹੈ, ਜੋ ਬਾਹਰੋਂ ਚਮਕਦਾ ਹੈ ਪਰ ਅੰਦਰੋਂ ਸੜਿਆ ਹੋਇਆ ਹੈ।

ਅਸੀਂ ਅਕਸਰ ਕਹਿੰਦੇ ਹਾਂ ਕਿ ਇੱਕ ਪੜ੍ਹੀ-ਲਿਖੀ ਮਾਂ ਪੂਰੇ ਪਰਿਵਾਰ ਨੂੰ ਪੜ੍ਹਾਉਂਦੀ ਹੈ। ਪਰ ਜਦੋਂ ਸਮਾਜ ਉਸ ਮਾਂ ਨੂੰ ਸਕੂਲੋਂ ਬਾਹਰ ਕੱਢਣ ਲਈ ਮਜਬੂਰ ਕਰਦਾ ਹੈ, ਤਾਂ ਪੀੜ੍ਹੀਆਂ ਹਨੇਰੇ ਵਿਚ ਪਲਦੀਆਂ ਹਨ।

ਸਾਨੂੰ ਇਹ ਸਮਝਣਾ ਪਵੇਗਾ ਕਿ ਸਿੱਖਿਆ ਕੋਈ ਵਿਕਲਪਿਕ ਸਾਧਨ ਨਹੀਂ ਹੈ, ਇਹ ਇੱਕ ਮੌਲਿਕ ਅਧਿਕਾਰ ਹੈ। ਬੱਚਿਆਂ ਦੀਆਂ ਅੱਖਾਂ ਵਿਚ ਚਮਕ ਉਦੋਂ ਵੱਧ ਜਾਂਦੀ ਹੈ, ਜਦੋਂ ਉਨ੍ਹਾਂ ਦੇ ਹੱਥਾਂ ਵਿਚ ਕਿਤਾਬਾਂ ਹੁੰਦੀਆਂ ਹਨ, ਜਦੋਂ ਉਨ੍ਹਾਂ ਨੂੰ ਸਵਾਲ ਪੁੱਛਣ ਦੀ ਆਜ਼ਾਦੀ ਹੁੰਦੀ ਹੈ ਅਤੇ ਜਦੋਂ ਅਧਿਆਪਕ ਉਨ੍ਹਾਂ ਦਾ ਮਾਰਗਦਰਸ਼ਕ ਹੁੰਦਾ ਹੈ, ਨਾ ਕਿ ਕੋਈ ਬਾਬਾ।

ਜੇਕਰ ਅਸੀਂ ਇੱਕ ਅਜਿਹਾ ਸਮਾਜ ਚਾਹੁੰਦੇ ਹਾਂ, ਜੋ ਤਰਕਸ਼ੀਲ, ਨਿਆਂਪੂਰਨ ਅਤੇ ਸਮਾਨਤਾਵਾਦੀ ਹੋਵੇ, ਤਾਂ ਸਾਨੂੰ ਬੱਚਿਆਂ ਨੂੰ ਸਿੱਖਿਆ ਨਾਲ ਜੋੜਨਾ ਪਵੇਗਾ। ਇਸ ਲਈ ਸਿਰਫ਼ ਯੋਜਨਾਵਾਂ ਹੀ ਨਹੀਂ, ਸਗੋਂ ਮਾਨਸਿਕਤਾ ਵਿਚ ਤਬਦੀਲੀ ਦੀ ਲੋੜ ਹੈ।

ਸਾਨੂੰ ਇਹ ਸਿੱਧਾ ਸਵਾਲ ਬਾਬਿਆਂ ਅਤੇ ਪਖੰਡੀਆਂ ਤੋਂ ਪੁੱਛਣਾ ਪਵੇਗਾ:-

"ਜੇ ਸਿੱਖਿਆ ਪਾਪ ਹੈ, ਤਾਂ ਤੁਸੀਂ ਆਪਣੇ ਬੱਚਿਆਂ ਨੂੰ ਕਿਉਂ ਸਿੱਖਿਆ ਦਿੰਦੇ ਹੋ?"

"ਜੇ ਕੁੜੀਆਂ ਦਾ ਸਕੂਲ ਜਾਣਾ ਬੇਇਨਸਾਫ਼ੀ ਹੈ, ਤਾਂ ਤੁਹਾਡੇ ਘਰ ਦੀਆਂ ਧੀਆਂ ਕਾਲਜ ਕਿਉਂ ਜਾ ਰਹੀਆਂ ਹਨ?"

ਸਵਾਲ ਪੁੱਛਣਾ ਪਖੰਡ ਵਿਰੁੱਧ ਲੜਾਈ ਦਾ ਪਹਿਲਾ ਕਦਮ ਹੈ।

ਅਧਿਆਪਕਾਂ ਨੂੰ ਸਿਰਫ਼ ਪਾਠਕ੍ਰਮ ਹੀ ਨਹੀਂ ਪੜ੍ਹਾਉਣਾ ਚਾਹੀਦਾ, ਸਗੋਂ ਬੱਚਿਆਂ ਨੂੰ ਸਮਝਦਾਰ ਵੀ ਬਣਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਵਿਸ਼ਵਾਸ ਅਤੇ ਸਮਝ ਵਿਚ ਅੰਤਰ ਦੱਸਣਾ ਚਾਹੀਦਾ ਹੈ। ਸਕੂਲਾਂ ਨੂੰ ਅਜਿਹੇ ਕੇਂਦਰ ਬਣਨਾ ਚਾਹੀਦਾ ਹੈ, ਜਿੱਥੇ ਸੁਤੰਤਰ ਵਿਚਾਰਾਂ ਦਾ ਸਤਿਕਾਰ ਕੀਤਾ ਜਾਂਦਾ ਹੈ ਅਤੇ ਸਿਰਫ਼ ਨਕਲ ਹੀ ਨਹੀਂ ਸਿਖਾਈ ਜਾਂਦੀ।

ਸਰਕਾਰਾਂ ਨੂੰ ਸਿੱਖਿਆ ਦੇ ਖੇਤਰ ਵਿਚ ਕਿਸੇ ਵੀ ਤਰ੍ਹਾਂ ਦੀ ਧਾਰਮਿਕ ਦਖਲਅੰਦਾਜ਼ੀ ਬੰਦ ਕਰਨੀ ਚਾਹੀਦੀ ਹੈ। ਸੰਵਿਧਾਨਕ ਨਾਗਰਿਕਾਂ ਨੂੰ ਧਰਮ ਦੇ ਨਾਮ 'ਤੇ ਬੱਚਿਆਂ ਦੇ ਅਧਿਕਾਰਾਂ ਦੀ ਉਲੰਘਣਾ ਨਹੀਂ ਹੋਣ ਦੇਣੀ ਚਾਹੀਦੀ ਅਤੇ ਸਭ ਤੋਂ ਵੱਧ, ਸਮਾਜ ਨੂੰ ਬੱਚਿਆਂ ਦੀ ਸਿੱਖਿਆ ਨੂੰ 'ਫਰਜ਼' ਸਮਝਣਾ ਚਾਹੀਦਾ ਹੈ, 'ਧਰਮ' ਨਹੀਂ।

ਬੱਚਿਆਂ ਦੇ ਭਵਿੱਖ ਤੋਂ ਵੱਡਾ ਕੋਈ ਧਰਮ ਨਹੀਂ ਹੋ ਸਕਦਾ।

ਉਸਦਾ ਸਕੂਲ ਕਿਸੇ ਵੀ ਉਪਦੇਸ਼ ਨਾਲੋਂ ਵੱਧ ਮਹੱਤਵਪੂਰਨ ਹੈ।

ਕਿਸੇ ਵੀ ਚਮਤਕਾਰ ਨਾਲੋਂ ਵੱਧ ਮਹੱਤਵਪੂਰਨ ਉਸਦੀ ਸਵਾਲ ਪੁੱਛਣ ਦੀ ਹਿੰਮਤ ਹੈ।

ਸਿਰਫ਼ ਕਿਤਾਬਾਂ ਹੀ ਪਖੰਡ ਦੀਆਂ ਕੰਧਾਂ ਨੂੰ ਤੋੜ ਸਕਦੀਆਂ ਹਨ ਅਤੇ ਉਸ ਕਿਤਾਬ ਦੇ ਪਹਿਲੇ ਪੰਨੇ 'ਤੇ ਇਹ ਲਿਖਿਆ ਹੋਣਾ ਚਾਹੀਦਾ ਹੈ - "ਮੈਂ ਸੋਚ ਸਕਦਾ ਹਾਂ, ਇਸ ਲਈ ਮੈਂ ਆਜ਼ਾਦ ਹਾਂ।"

ਅੰਤ ਵਿਚ, ਇਹ ਸਾਡੀ ਸਮੂਹਿਕ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਇੱਕ ਅਜਿਹੇ ਸਮਾਜ ਵਿਚ ਪਾਲੀਏ, ਜਿੱਥੇ ਉਹ ਜ਼ਮੀਰ ਨਾਲ ਰਹਿ ਸਕਣ, ਆਜ਼ਾਦ ਸੋਚ ਸਕਣ ਅਤੇ ਹਰ ਤਰ੍ਹਾਂ ਦੇ ਪਾਖੰਡ ਤੋਂ ਉੱਪਰ ਉੱਠ ਕੇ ਆਪਣੇ ਭਵਿੱਖ ਨੂੰ ਆਕਾਰ ਦੇ ਸਕਣ।

## ਆਜ਼ਾਦੀ ਦੇ ਓਹਲੇ: ਰਾਵਲਪਿੰਡੀ ਕਤਲੇਆਮ

# ਪਿੰਡ ਥੋਹਾ ਖਾਲਸਾ ਦੀ ਦਰਦ ਬਯਾਨੀ, ਬਚੇ ਜਿੰਦਾ ਪਾਤਰ ਦੀ ਆਪਣੀ ਜ਼ੁਬਾਨੀ

ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
(Punjab Mail USA)



**47** ਦੇ ਹੱਲਿਆਂ ਸਮੇਂ ਪਿੰਡ ਥੋਹਾ ਖ਼ਾਲਸਾ ਤਹਿਸੀਲ ਕਹੂਟਾ, ਜ਼ਿਲ੍ਹਾ ਰਾਵਲਪਿੰਡੀ ਵਿਚ ਵਾਪਰੇ ਸਿੱਖਾਂ ਦੇ ਦਰਦਨਾਕ ਕਤਲੇਆਮ ਨੇ ਇਸ ਪਿੰਡ ਨੂੰ ਅੰਤਰਰਾਸ਼ਟਰੀ ਨਕਸ਼ੇ 'ਤੇ ਉਭਾਰ ਦਿੱਤਾ। ਸਿੱਖ ਸਰਦਾਰਾਂ ਵਲੋਂ ਇੱਜ਼ਤ ਅਤੇ ਅਣਖ਼ ਖ਼ਾਤਰ ਆਪਣੀਆਂ ਮੁਟਿਆਰ ਬਹੂ-ਬੇਟੀਆਂ ਦੇ ਹੱਥੀਂ, ਧੌਣਾਂ ਵੱਢ ਦੇਣ ਅਤੇ ਖੂਹਾਂ ਵਿਚ ਛਾਲਾਂ ਮਰਵਾ ਦੇਣ ਉਪਰੰਤ ਬਾਹਰ ਨਿਕਲ ਕੇ ਦੰਗੱਈਆਂ ਨਾਲ ਮੁਕਾਬਲਾ ਕਰਦਿਆਂ ਸ਼ਹੀਦੀ ਪਾ ਜਾਣ ਦੀ ਅਜਬ ਦਾਸਤਾਨ ਹੈ। ਪੇਸ਼ ਹੈ ਇਸ ਘਟਨਾ ਦੇ ਬਚ ਗਏ ਚਸ਼ਮਦੀਦ ਗਵਾਹ ਸ. ਪ੍ਰਿਤਪਾਲ ਸਿੰਘ ਜੋ ਅੱਜਕੱਲ੍ਹ ਚੰਡੀਗੜ੍ਹ ਵਿਖੇ ਰਿਹਾਇਸ਼ ਪੁਜੀਰ ਨੇ, ਦੀ ਦਰਦ ਬਿਆਨੀ:-

"ਥੋਹਾ ਖ਼ਾਲਸਾ ਸਾਡਾ ਆਬਾਈ ਗਰਾਂ ਸੀ। ਸਾਡੇ ਵਡੇਰੇ ਦਾ ਨਾਮ ਸ. ਹਰੀ ਸਿੰਘ ਧੀਰ ਸੀ। ਉਨ੍ਹਾਂ ਦਾ ਪੁੱਤਰ ਭਗਤ ਸਿੰਘ ਹੋਇਆ। ਭਗਤ ਸਿੰਘ ਦੇ ਅੱਗੇ ਇੰਦਰ ਸਿੰਘ ਦੇ ਘਰ ਮੇਰੀ ਪੈਦਾਇਸ਼ 1936 ਦੀ ਏ। ਮੈਂ ਪਿੰਡ ਚੌਥੀ ਜਮਾਤ ਪਾਸ ਕਰਨ ਉਪਰੰਤ ਮਾਰਚ 1946 ਨੂੰ ਮਟੌਰ ਦੇ ਮਿਡਲ ਸਕੂਲ ਦੀ 5ਵੀਂ ਜਮਾਤ ਵਿਚ ਜਾ ਦਾਖ਼ਲ ਹੋਇਆ। ਮਟੌਰ ਜਨਰਲ ਸ਼ਾਹ ਨਵਾਜ਼ (ਆਜ਼ਾਦ ਹਿੰਦ ਫ਼ੌਜ ਦੀ ਮਸ਼ਾਹੂਰ ਤਿੱਕੜੀ ਸਹਿਗਲ-ਢਿੱਲੋਂ-ਸ਼ਾਹ ਨਵਾਜ਼) ਦਾ ਪਿੰਡ ਹੈ। ਸਲਾਮ ਹੈ ਕਿ ਉਨ੍ਹਾਂ ਨੇ ਮਟੌਰ ਖ਼ਾਲਸਾ ਦੇ ਕਿਸੇ ਵੀ ਸਿੱਖ ਦਾ ਵਾਲ ਤੱਕ ਵਿੰਗਾ ਨਹੀਂ ਹੋਣ ਦਿੱਤਾ।

ਸਾਰੀਆਂ ਕੌਮਾਂ ਵਿਚ ਬਹੁਤ ਇਤਫ਼ਾਕ ਅਤੇ ਸਾਂਝ ਸੀ। ਕੋਈ 150 ਕੁ ਘਰ ਸਿੱਖਾਂ ਦੇ, 15-16 ਘਰ ਹਿੰਦੂ ਮਿਸ਼ਰ ਗੋਤੀਆਂ ਦੇ ਅਤੇ 50-60 ਕੁ ਘਰ ਮੁਸਲਿਮ ਆਬਾਦੀ ਦੇ ਸਨ। ਉਨ੍ਹਾਂ ਦੀ ਰਿਹਾਇਸ਼ ਪਿੰਡ ਤੋਂ ਕੁਝ ਹਟ ਕੇ ਉਚੀ ਥਾਂ 'ਤੇ ਵੱਖਰੀ ਬਸਤੀ ਦੇ ਰੂਪ ਵਿਚ ਸੀ, ਜਿਸ ਨੂੰ ਢੋਕ ਆਖਦੇ ਸਾਂ।

ਹਾਲਤ ਖਰਾਬ ਹੋ ਸਕਦੇ ਹਨ, ਦੀ ਮਿਸਾਲ ਸਾਨੂੰ ਦਸੰਬਰ 1946 ਵਿਚ ਲੱਗੀ। ਜਦੋਂ ਮਟੌਰ ਸਕੂਲ ਤੋਂ ਅਸੀਂ ਕੋਈ 30-35 ਮੁੰਡੇ ਸਕੂਲ ਮਾਸਟਰ ਰਘਬੀਰ ਸਿੰਘ ਜੋ ਸਾਡੇ ਪਿੰਡ ਤੋਂ ਹੀ ਸਨ, ਨਾਲ ਪਿੰਡ ਵਾਪਸ ਆ ਰਹੇ ਸਾਂ, ਤਾਂ ਇਕ ਮਜ਼੍ਹਬੀ ਤੁਅਸਬ ਵਾਲੇ ਮੁਸਲਿਮ ਰਿਟਾਇਰਡ ਫ਼ੌਜੀ ਨੇ ਸਾਡਾ ਰਾਹ ਰੋਕ ਕੇ ਸਾਨੂੰ ਗਾਣਾ ਸੁਣਾਉਣ ਲਈ ਕਿਹਾ। ਅਸੀਂ ਗਾਣਾ ਤਾਂ ਸੁਣਾ ਦਿੱਤਾ ਪਰ ਉਸ ਸ਼ਾਬਾਸ਼ ਦੇਣ ਦੀ ਥਾਂ ਸਾਨੂੰ ਓਧਰੋਂ ਜਬਰੀ ਕੱਢ ਦੇਣ ਅਤੇ ਪਾਕਿਸਤਾਨੀ ਬਣ ਜਾਣ ਦੀ ਧਮਕੀ ਦਿੱਤੀ। ਚੜ੍ਹਦੇ ਫਰਵਰੀ ਵਿਚ ਇਹ ਖਬਰਾਂ ਆਉਣ ਲੱਗੀਆਂ ਕਿ ਅੰਗਰੇਜ਼ ਭਾਰਤ ਛੱਡ ਕੇ ਜਾ ਰਹੇ ਹਨ। ਆਜ਼ਾਦ ਹੁੰਦਿਆਂ ਭਾਰਤ ਦੀ ਵੰਡ ਹੋ ਕੇ ਵਿਚ ਪਾਕਿ ਬਣੇਗਾ ਪਰ ਸਾਡੇ ਵਾਸਤੇ ਇਹ ਖ਼ਬਰ ਨਾ ਯਕੀਨ ਕਰਨ ਵਾਲੀ ਸੀ। ਅਗਲੇ ਹਫ਼ਤੇ ਹੀ ਆਲੇ-ਦੁਆਲੇ ਦੰਗੇ ਫ਼ਸਾਦ ਅਤੇ ਅੱਗਜ਼ਨੀ ਦੀਆਂ ਸਰਗੋਸ਼ੀਆਂ ਹੋਣ ਲੱਗੀਆਂ। ਫਿਰ ਇਕ ਦਿਨ 8 ਮਾਰਚ ਨੂੰ ਕੋਹ ਮਰੀ ਕਸਬੇ 'ਚ ਅੱਗ ਦੇ ਲਾਂਬੂ ਉਠਦੇ ਦੇਖੇ।

9 ਮਾਰਚ ਦੀ ਢਲੀ ਸ਼ਾਮ ਨੂੰ ਬਾਹਰੀ ਪਿੰਡਾਂ ਦੇ ਲੁੱਟ-ਖੋਹ ਅਤੇ ਬਦਮਾਸ਼ ਬਿਰਤੀ ਵਾਲੇ ਪਿੰਡ ਦੇ ਕੁੱਝ ਮੁਸਲਮਾਨਾਂ ਨੇ ਕਬਾਇਲੀਆਂ ਨਾਲ ਮਿਲ ਕੇ ਬਾਹਰੀ ਆਬਾਦੀ 'ਤੇ ਹਮਲਾ ਕੀਤਾ। ਸਿੱਖ ਆਬਾਦੀ ਦੇ ਕਈ ਘਰਾਂ ਨੂੰ ਲੁੱਟ-ਪੁੱਟ ਕੇ ਅੱਗ ਲਗਾ ਦਿੱਤੀ। ਪਿੰਡ ਦੇ ਸਿਆਣੇ ਅਤੇ ਮੋਹਤਬਰ ਸਰਦਾਰਾਂ ਦੀ, ਸ. ਗੁਲਾਬ ਸਿੰਘ ਦੀ ਹਵੇਲੀ ਹੋਈ ਬੈਠਕ ਵਿਚ ਮੌਕੇ ਦੇ ਹਾਲਾਤ 'ਤੇ ਵਿਚਾਰ-ਚਰਚਾ ਕੀਤੀ ਗਈ। 4-5 ਸਿੱਖ ਸਰਦਾਰਾਂ ਪਾਸ ਬੰਦੂਕਾਂ ਅਤੇ ਸ. ਅਵਤਾਰ ਸਿੰਘ ਪਾਸ ਪਿਸਤੌਲ ਸੀ। ਕੁਝ ਕਸ਼ਮਕਸ਼ ਤੋਂ ਬਾਅਦ ਉਹ ਦੰਗਈ ਹਜੂਮ ਹੋਰਸ ਪਿੰਡਾਂ ਵੱਲ ਨਿਕਲ ਗਿਆ। ਫਿਰ ਇਵੇਂ ਹੀ 10 ਅਤੇ 11 ਮਾਰਚ ਨੂੰ ਹਜੂਮ ਪਿੰਡ 'ਤੇ ਧਾਵਾ ਬੋਲਣ ਲਈ ਆ ਚੜ੍ਹਿਆ। ਦੋਵਾਂ ਵਾਰੀ ਉਨ੍ਹਾਂ ਕਿਹਾ ਕਿ ਅਸੀਂ ਆਪਣੇ ਹਥਿਆਰ ਅਤੇ ਗਹਿਣਾ ਗੱਟਾ ਉਨ੍ਹਾਂ ਨੂੰ ਦੇ ਕੇ ਪਿੰਡ ਛੱਡ ਜਾਈਏ ਪਰ ਸਿੱਖ ਸਰਦਾਰ ਜਾਣਦੇ ਸਨ ਕਿ ਇਸ ਵਿਚ ਉਨ੍ਹਾਂ ਦਾ ਛੱਲ ਹੈ, ਤਾਂ ਸਿੱਖ ਮੋਹਰੀਆਂ ਨੇ ਵੰਗਾਰਦਿਆਂ ਕਿਹਾ ਕਿ ਤੁਸੀਂ ਅੱਗੇ ਵਧੋ ਪਰ ਕਿਸੇ ਵੀ ਧਿਰ ਨੇ ਹਮਲਾ ਨਾ ਕੀਤਾ। ਉਹ ਵਾਪਸ ਪਰਤ ਗਏ। ਇਸੇ ਸਮੇਂ ਦੌਰਾਨ ਸਭ ਹਿੰਦੂ-ਸਿੱਖਾਂ ਨੇ ਆਪਣਾ ਕੁਝ ਕੁ ਜ਼ਰੂਰੀ ਸਾਮਾਨ ਗੁਲਾਬ ਸਿੰਘ ਦੀ ਹਵੇਲੀ ਅਤੇ ਕਈਆਂ ਨੇ ਨਜ਼ਦੀਕੀ ਗੁਰਦੁਆਰਾ ਸਾਹਿਬ ਵਿਖੇ ਲਿਆਂਦਾ। ਵੈਸੇ ਇਕ ਗੁਰਦੁਆਰਾ ਹੋਰ, ਦੁਖਭੰਜਨੀ ਨਾਮੇ ਸੀ, ਜਿਥੇ 3 ਹਾੜ ਨੂੰ ਮੇਲਾ ਲੱਗਦਾ ਹੁੰਦਾ ਸੀ। ਉਥੇ ਨੇੜੇ ਹੀ ਝਲਿਹਾਰੀ (ਪਾਣੀ ਦਾ ਚਸ਼ਮਾ) ਫੁੱਟਦਾ ਸੀ, ਜਿਥੇ ਇਸ਼ਨਾਨ ਲਈ ਔਰਤਾਂ-ਮਰਦਾਂ ਵਾਸਤੇ ਵੱਖ-ਵੱਖ ਹੌਜ ਬਣੇ ਹੋਏ ਸਨ, ਦੇ ਨਾਲ ਹੀ ਕਸ ਵਗਦੀ ਸੀ।



1. ਸ. ਪ੍ਰਿਤਪਾਲ ਸਿੰਘ ਆਪਣੀ ਪਤਨੀ ਦੇ ਨਾਲ਼।



ਉਹ ਖ਼ੂਹ ਜਿਸ ਵਿਚ ਗ਼ੈਰਤ ਦੀ ਖ਼ਾਤਰ ਬੀਬੀਆਂ ਛਾਲਾਂ ਮਾਰ ਗਈਆਂ।

ਫਿਰ 12 ਮਾਰਚ ਦੀ ਦੁਪਹਿਰ ਨੂੰ ਢੋਲ ਵਜਾਉਂਦਾ, ਛਵੀਆਂ ਭਾਲਿਆਂ ਨਾਲ ਲੈਸ ਯਾ ਅਲੀ, ਅੱਲਾ-ਹੂ-ਅਕਬਰ ਦੇ ਨਾਅਰੇ ਮਾਰਦਾ ਦੰਗਈਆਂ ਦਾ ਇਕ ਵੱਡਾ ਹਜੂਮ ਹਮਲਾ ਕਰਨ ਲਈ ਆਇਆ। ਉਹੀ ਉਨ੍ਹਾਂ ਹਥਿਆਰਾਂ, ਮਾਲ ਇਸਬਾਬ ਦੇ ਨਾਲ ਔਰਤਾਂ ਦੀ ਮੰਗ ਕੀਤੀ ਕਿ ਉਹ ਸਾਨੂੰ ਦੇ ਦਿਓ, ਤਾਂ ਅਸੀਂ ਚਲੇ ਜਾਂਦੇ ਆਂ। ਸਿੰਘ ਸਰਦਾਰਾਂ ਜਿਨ੍ਹਾਂ ਗੁਰਦੁਆਰਾ ਸੁਧਾਰ ਲਹਿਰ ਵਿਚ ਹਮੇਸ਼ਾ ਵੱਧ-ਚੜ੍ਹ ਕੇ ਹਿੱਸਾ ਲਿਆ, ਨੇ ਲਲਕਾਰਦਿਆਂ ਕਿਹਾ ਕਿ ਸਾਡੇ ਪੁਰਖੇ ਤਾਂ ਹਿੰਦੂ ਕੁੜੀਆਂ ਨੂੰ ਕਾਬਲ ਕੰਧਾਰ ਤੋਂ ਛੁਡਾ ਕੇ ਲਿਆਉਂਦੇ ਰਹੇ ਅਤੇ ਅਸੀਂ ਆਪਣੀ ਕੁੜੀਆਂ ਤੁਹਾਨੂੰ ਆਪਣੇ ਹੱਥੀਂ ਕਿਵੇਂ ਦੇ ਦਈਏ?

ਬਾਹਰ ਵੈਰੀ ਦਾ ਘੇਰਾ ਬੜਾ ਜ਼ਬਰਦਸਤ ਸੀ। ਉਹ ਭਾਰੀ ਹੁੜਦੰਗ ਮਚਾ ਰਹੇ ਸਨ। ਸਾਰੇ ਸਿੱਖ ਪਰਿਵਾਰ ਹਵੇਲੀ ਵਿਚ ਇਕੱਠੇ ਹੋਏ। ਨੌਜਵਾਨਾਂ ਦੀ ਬਹੁਤਾਤ ਤਾਂ ਫ਼ੌਜ ਪੁਲਿਸ ਵਿਚ ਭਰਤੀ ਸੀ ਅਤੇ ਜਾਂ ਬਾਹਰ ਦੂਰ-ਦੁਰਾਡੇ ਰੁਜ਼ਗਾਰ ਵਿਚ ਲੱਗੇ ਹੋਏ ਸਨ। ਸੋ ਪਿੰਡ 'ਚ ਹਾਜ਼ਰ ਨੌਜਵਾਨ ਬਹੁਤ ਥੋੜ੍ਹੀ ਗਿਣਤੀ ਵਿਚ ਸਨ। ਕੋਈ ਵਾਹ ਨਾ ਚਲਦੀ ਦੇਖ, ਸਿੱਖ ਹਿਫਾਜ਼ਤੀ ਦਸਤੇ ਦੀ ਅਗਵਾਈ ਕਰ ਰਹੇ ਸਰਦਾਰਾਂ ਨੇ ਮਿਲ ਕੇ ਇਕ ਬਹੁਤ ਭਿਆਨਕ ਅਤੇ ਦਿਲ ਸੋਜ਼ ਫ਼ੈਸਲਾ ਲੈ ਲਿਆ। ਉਹ ਫ਼ੈਸਲਾ ਇਹ ਸੀ ਕਿ ਸਾਰੀਆਂ ਮੁਟਿਆਰ ਔਰਤਾਂ ਨੂੰ ਆਪਣੇ ਹੀ ਹੱਥੋਂ ਸਿਰ ਕਲਮ ਕਰਨ ਦਾ ਫ਼ੈਸਲਾ। ਰਾਜਾ ਸਿੰਘ ਜੀ ਨੇ ਸਭ ਤੋਂ ਪਹਿਲਾਂ ਆਪਣੀ ਵੱਡੀ ਬੇਟੀ ਨਾਮ ਕੌਰ, ਜੋ ਕਰੀਬ 19 ਕੁ ਸਾਲ ਦੀ ਸੀ ਅਤੇ ਵਿਆਹ ਦੇ ਲਾਈਕ ਸੀ, ਨੂੰ 'ਵਾਜ਼ ਮਾਰੀ। ਕਹਿਓਸ, "ਨਾਮ ਬੇਟਾ ਆ ਜਾ", ਰਾਜਾ ਸਿੰਘ ਜੀ ਦੇ ਹੱਥ ਵਿਚ ਇਕ ਭਾਰੀ ਦੋ ਧਾਰੀ ਖੰਡਾ ਫੜਿਆ ਹੋਇਆ ਸੀ। 'ਨਾਮ ਕੌਰ ਨੇ ਇਕ ਵਾਰ ਵੀ ਸੀ ਨਾ ਕੀਤੀ। ਉਹ ਆਪਣੇ ਪਿਤਾ ਜੀ ਦੇ ਸਾਹਮਣੇ ਆ ਬੈਠੀ ਅਤੇ ਇਸ ਦੇ ਨਾਲ ਹੀ ਹੋਰ 3-4 ਬੀਮਾਰ ਜਾਂ ਬਜ਼ੁਰਗ ਸਰਦਾਰਾਂ ਨੂੰ ਵੀ ਸ਼ਹੀਦ ਕੀਤਾ।

ਇਸੇ ਤਰ੍ਹਾਂ ਹਵੇਲੀ ਦੇ ਉਪਰ ਚੁਬਾਰੇ ਵਿਚ 26-27 ਹੋਰ ਸਿੱਖ ਕੁੜੀਆਂ-ਔਰਤਾਂ, ਜਿਨ੍ਹਾਂ 'ਚ ਨਵ ਵਿਆਹੁਤਾ ਚੂੜੇ ਵਾਲੀਆਂ ਮੁਟਿਆਰਾਂ ਵੀ ਸਨ, ਨੂੰ ਆਪਣੇ ਹੀ ਹੱਥੀਂ ਸ਼ਹੀਦ ਕਰ ਦਿੱਤਾ। ਖ਼ਾਸ ਗੱਲ ਇਹ ਰਹੀ ਕਿ ਉਸ ਸਮੇਂ ਸਾਰਿਆਂ 'ਤੇ ਸ਼ਹੀਦੀ ਰੰਗ ਚੜ੍ਹਿਆ ਹੋਇਆ ਸੀ। ਕੋਈ ਨੱਸੀ ਨਹੀਂ, ਕਿਸੇ ਨੇ ਇਨਕਾਰ ਨਹੀਂ ਕੀਤਾ। ਬਸ ਇਕੋ ਖੱਟਖੱਟ ਜਾਂ ਵਾਹਿਗੁਰੂ ਦੀ ਆਵਾਜ਼ ਹੀ ਆਉਂਦੀ ਸੀ।

ਹਿਫਾਜ਼ਤੀ ਦਸਤੇ ਦੇ ਮੋਹਰੀਆਂ ਨੇ ਮਿਲ ਕੇ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ ਧਰਮ, ਇੱਜ਼ਤ ਅਤੇ ਅਣਖ ਖ਼ਾਤਰ ਅਸੀਂ ਇਹ ਕਰਨ ਲਈ ਮਜਬੂਰ ਹੋਏ ਹਾਂ। ਇਸ ਦੇ ਲਈ ਸੁਮੱਤ ਅਤੇ ਸ਼ਕਤੀ ਬਖਸ਼ੋ। ਉਨ੍ਹਾਂ ਜੈਕਾਰਾ ਛੱਡਿਆ ਅਤੇ ਬਾਹਰ ਨਿਕਲ ਕੇ ਜ਼ਾਲਮਾਂ ਨਾਲ ਟੱਕਰ ਲੈਂਦੇ ਹੋਏ ਸ਼ਹੀਦੀ ਪਾ ਲਈ।

ਉਪਰੰਤ ਸ. ਅਜੈਬ ਸਿੰਘ ਦੀ ਪਤਨੀ ਮਾਈ ਬਸੰਤ ਕੌਰ, ਗੁਲਾਬ ਸਿੰਘ ਦੀ ਪਤਨੀ ਮਾਈ ਲਾਜ ਕੌਰ ਨੇ ਅਰਦਾਸ ਕੀਤੀ। ਉਸ ਵਕਤ ਬੀਬੀਆਂ ਅਤੇ ਬੱਚੇ ਖ਼ੂਹ ਦੇ ਉਚੇ ਥੜ੍ਹੇ 'ਤੇ ਅਤੇ ਬਚੇ ਹੋਏ ਮਰਦ ਸਾਰੇ ਥੱਲੇ ਘਾਹ ਉਪਰ ਬੈਠੇ ਹੋਏ ਸਨ। ਕਰੀਬ ਸੌ, ਸਵਾ ਸੌ ਬੀਬੀਆਂ ਅਤੇ ਬੱਚਿਆਂ ਨੇ ਹਵੇਲੀ ਦੇ ਨੇੜੇ ਪੈਂਦੇ ਬਾਹਰੀ ਖ਼ੂਹ 'ਚ ਛਾਲਾਂ ਮਾਰ ਦਿੱਤੀਆਂ। ਇਨ੍ਹਾਂ ਵਿਚ ਬਸੰਤ ਕੌਰ ਦੀਆਂ ਦੋ ਬੇਟੀਆਂ ਵੀ ਸ਼ਾਮਲ ਸਨ। ਇਥੇ ਵੀ ਇਕ ਦਿਲਚਸਪ ਘਟਨਾ ਵਾਪਰੀ ਕਿ ਬੱਸ ਸਟੈਂਡ ਦੇ ਨਾਲ ਸਾਡਾ ਘਰ ਸੀ। ਮੇਰੇ ਪਿਤਾ ਤਦੋਂ ਭਾਰਤੀ ਫ਼ੌਜ ਵਿਚ ਮੇਰਠ ਵਿਖੇ ਨੌਕਰ ਸਨ। ਮੈਂ, ਮੇਰਾ ਛੋਟਾ ਭਰਾ ਕੁਲਦੀਪ, ਇਕ ਭੈਣ ਅਤੇ ਮਾਤਾ, ਮਾਮਾ ਜੀ ਦੇ ਦੋ ਪੁੱਤਰ ਅਤੇ ਦੋ ਕੁੜੀਆਂ ਨੇ ਵੀ ਖ਼ੂਹ ਵਿਚ ਛਾਲਾਂ ਮਾਰ ਦਿੱਤੀਆਂ। ਖ਼ੂਹ ਵਿਚ ਛਾਲਾਂ ਮਾਰਨ ਤੋਂ ਐਨ ਪਹਿਲੇ ਮੈਂ ਦੂਜੇ ਪਾਸੇ ਖ਼ੂਹ ਦੀ ਮੌਣ 'ਤੇ ਬੈਠੀ ਆਪਣੀ ਮਾਂ ਹਰਬੰਸ ਕੌਰ ਪਾਸ ਗਿਆ ਅਤੇ ਹੱਥ ਜੋੜ ਕੇ ਆਖਿਆ ਕਿ ਅੰਮਾ ਕੋਈ ਗਲਤੀ ਹੋਈ ਹੋਏ ਤਾਂ ਮੁਆਫ਼ ਕਰਦੇ। ਅੰਮਾਂ ਨੇ ਆਪਣਾ ਗੱਚ ਭਰਦਿਆਂ ਆਖਿਆ ਕਿ ਨਹੀਂ ਪੁੱਤਰ ਤੈਥੋਂ ਕੋਈ ਗਲਤੀ ਨਹੀਂ ਹੋਈ। ਮੈਂ ਮੁੜ ਆਪਣੀ ਜਗ੍ਹਾ ਮੌਣ ਦੇ ਦੂਜੇ ਪਾਸੇ ਆ ਬੈਠਾ। ਤਦੋਂ ਹੀ ਸਾਰਿਆਂ ਨੇ ਇਕੱਠੇ ਹੋ ਕੇ ਖ਼ੂਹ ਵਿਚ ਛਾਲਾਂ ਮਾਰ ਦਿੱਤੀਆਂ। ਖ਼ੂਹ ਤਾਂ ਪਹਿਲਾਂ ਹੀ ਕਾਫ਼ੀ ਭਰ ਗਿਆ ਸੀ। ਮੈਂ ਵੀ 1-2 ਗੋਤੇ ਖਾ ਕੇ ਪਾਣੀ ਦੇ ਉਪਰ ਆ ਗਿਆ।



ਗੁਰਦੁਆਰਾ ਸਾਹਿਬ ਇਮਾਰਤ ਦੀ ਖੜ੍ਹੀ ਆਖਰੀ ਨਿਸ਼ਾਨੀ।

ਪਰ ਚੰਗੇ ਭਾਗੀਂ ਮਾਮਾ ਜੀ ਦੀ ਇਕ ਬੇਟੀ ਗੁਰਚਰਨ ਕੌਰ, ਜੋ ਉਦੋਂ ਸ਼ਾਦੀ ਦੇ ਲਾਈਕ ਸੀ ਅਤੇ ਮੈਂ ਪ੍ਰਿਤਪਾਲ ਸਿੰਘ ਬਿੱਲੂ, ਜੋ ਉਸ ਵੇਲੇ 12 ਸਾਲ ਦਾ ਸੀ, ਸਮੇਤ ਮਾਈ ਬਸੰਤ ਕੌਰ, ਹੋਰ 7-8 ਨੂੰ, ਸ.ਜਵੰਦ ਸਿੰਘ ਆਟਾ ਚੱਕੀ ਵਾਲਿਆਂ ਅਤੇ 2-3 ਹੋਰਾਂ ਨੇ ਖ਼ੂਹ ਵਿਚ ਆਪਣੀਆਂ ਪੱਗਾਂ ਲਮਕਾ ਕੇ ਸਾਨੂੰ ਬਾਹਰ ਕੱਢ ਲਿਆ। ਉਪਰੰਤ ਅਸੀਂ ਸੁਜਾਨ ਸਿੰਘ ਦੀ ਹਵੇਲੀ ਚਲੇ ਗਏ। ਮੇਰੇ ਦਾਦਾ ਜੀ ਨੂੰ ਦਗੰਈਆਂ ਨੇ 13 ਮਾਰਚ ਦੇ ਦਿਨ ਮਕਾਨ ਨੂੰ ਅੱਗ ਲਗਾ ਕੇ ਜ਼ਿੰਦਾ ਸਾੜ ਦਿੱਤਾ ਪਰ ਮੈਂ, ਮੇਰੀ ਦਾਦੀ ਜੀ ਅਤੇ ਮਾਮਾ ਜੀ, ਜੋ ਸੁਜਾਨ ਸਿੰਘ ਦੀ ਹਵੇਲੀ 'ਚ ਸਨ, ਬਚ ਗਏ। ਜਿੱਦ ਤਾਂ ਮੈਂ ਵੀ ਦਾਦਾ ਜੀ ਦੇ ਪਾਸ ਘਰ ਜਾਣ ਦੀ ਕਰ ਰਿਹਾ ਸਾਂ ਪਰ ਮਾਮਾ ਜੀ ਨੇ ਇਹ ਕਹਿੰਦਿਆਂ ਰੋਕ ਦਿੱਤਾ ਕਿ ਬਾਹਰ ਦੰਗੱਈ ਫਿਰਦੇ ਹਨ।

ਉਪਰੰਤ ਦੰਗਈ ਥਮਾਲੀ ਪਿੰਡ ਵੱਲ ਚਲੇ ਗਏ, ਜਿੱਥੇ ਸਿੱਖਾਂ ਦਾ ਕਾਫੀ ਜ਼ੋਰ ਸੀ ਅਤੇ ਉਹ ਪਿਛਲੇ 10 ਦਿਨਾਂ ਤੋਂ ਲਗਾਤਾਰ, ਹਮਲਾਵਰਾਂ ਨੂੰ ਬਰਾਬਰ ਦੀ ਟੱਕਰ ਦੇ ਰਹੇ ਸਨ। ਇਥੇ ਇਕ ਹੋਰ ਦੁਖਦਾਈ ਘਟਨਾ ਵਾਪਰੀ ਸੀ ਕਿ ਮੁਕਾਬਲੇ ਲਈ ਨਿਕਲਣ ਤੋਂ ਪਹਿਲਾ ਅਵਤਾਰ ਸਿੰਘ ਬਿੰਦਰਾ ਨੇ ਆਪਣੀ ਗਰਭਵਤੀ ਪਤਨੀ ਹਰਨਾਮ ਕੌਰ ਨੂੰ ਗੋਲੀ ਮਾਰ ਦਿੱਤੀ।

13 ਮਾਰਚ ਨੂੰ ਫਿਰ ਖ਼ਤਰਾ ਜਾਣ ਕੇ, ਬਚ ਗਈਆਂ 3-4 ਮੁਟਿਆਰਾਂ ਨੇ ਬਾਅਦ ਵਿਚ ਸੁਜਾਨ ਸਿੰਘ ਦੀ ਹਵੇਲੀ ਵਿਚਲੇ ਖ਼ੂਹ ਵਿਚ ਛਾਲਾਂ ਮਾਰੀਆਂ। ਅਗਲੇ ਦਿਨ ਸਵੇਰੇ ਸਾਡੇ ਸਕੂਲ ਮਾਸਟਰ ਸਾਦਕ, ਜੋ ਪਿੰਡ ਮਟੌਰ ਤਹਿਸੀਲ ਕਹੂਟਾ ਦਾ ਰਹਿਣ ਵਾਲਾ ਅਤੇ ਆਜ਼ਾਦ ਹਿੰਦ ਫੌਜ ਵਾਲੇ ਸ਼ਾਹ ਨਵਾਜ ਦਾ ਸਕਾ ਸਾਲਾ ਸੀ, ਪਤਾ ਲੱਗਣ 'ਤੇ ਘੋੜੀ ਉਪਰ ਕੁਝ ਹੋਰ ਸਾਥੀਆਂ ਸਮੇਤ ਮੌਕਾ ਦੇਖਣ ਆਏ। ਉਹ ਡੱਬ ਵਿਚ ਪਿਸਤੌਲ ਰੱਖਣ ਦੇ ਵੀ ਸ਼ੌਕੀਨ ਸਨ। ਉਨ੍ਹਾਂ ਨੇ ਹਵੇਲੀ ਅੰਦਰਲੇ ਖ਼ੂਹ ਦਾ ਵੀ ਰੁੱਖ ਕੀਤਾ, ਤਾਂ ਦੇਖਿਆ ਕਿ ਖ਼ੂਹ 'ਚੋਂ ਜਪੁਜੀ ਸਾਹਿਬ ਦੇ ਪਾਠ ਦੀ ਆਵਾਜ਼ ਪਈ ਆਏ। ਸਭ ਕੁੜੀਆਂ ਖ਼ੂਹ ਵਿਚ ਬੈਠੀਆਂ ਪਾਠ ਕਰ ਰਹੀਆਂ ਸਨ। ਉਨ੍ਹਾਂ ਗੁਆਂਢੀ ਪਿੰਡ ਮੰਡਿਆਲਾ ਜਾ ਕੇ ਰੱਸਾ ਲਿਆਂਦਾ। ਇਸ ਤਰ੍ਹਾਂ ਉਹ ਬਚ ਗਈਆਂ।

ਚਧੌਰੀ ਸੁੰਦਰ ਸਿੰਘ ਧੀਰ ਅਤੇ ਉਸ ਦਾ ਪੁੱਤਰ ਗੁਰਬਖਸ਼ ਸਿੰਘ, ਜਿਨ੍ਹਾਂ ਦੇ 8-10 ਟਰੱਕ ਚਲਦੇ ਸਨ। ਉਹ 10 ਮਾਰਚ ਨੂੰ ਜੰਗਲ ਦੇ ਰਸਤੇ ਨਿਕਲਣ ਉਪਰੰਤ ਰਾਵਲਪਿੰਡੀ ਡੀ.ਸੀ. ਸਾਹਿਬ ਨੂੰ ਮਿਲਣ 'ਚ ਕਾਮਯਾਬ ਰਹੇ। ਡੀ.ਸੀ. ਨਾਲ ਉਨ੍ਹਾਂ ਦਾ ਪਹਿਲਾਂ ਹੀ ਉੱਠਣ ਬੈਠਣ ਸੀ। ਉਹ ਅਗਲੇ ਦਿਨ ਕੁਝ ਸਰਕਾਰੀ ਅਮਲੇ ਸਮੇਤ ਤਿੰਨ ਟਰੱਕ ਲੈ ਆਏ, ਜੋ ਇਸ ਭਿਆਨਕ ਤੂਫਾਨ 'ਚੋਂ ਬਚ ਗਏ। ਆਲੇ-ਦੁਆਲੇ ਦਿਲ ਦਹਿਲਾ ਦੇਣ ਵਾਲਾ ਮੰਜਰ ਸੀ। 14 ਮਾਰਚ ਨੂੰ ਟਰੱਕ ਆਏ, ਉਹ ਅੱਗਿਓਂ ਮਟੌਰ ਵੱਲ ਹਿੰਦੂ-ਸਿੱਖਾਂ ਨੂੰ ਲੈਣ ਚਲੇ ਗਏ। ਦੁਪਹਿਰ ਵੇਲੇ ਟਰੱਕ ਆਇਆ ਤਾਂ ਉਸ ਵਿਚ ਕਾਫ਼ੀ ਲੋਕ ਜਾ ਚੜ੍ਹੇ। ਮੈਂ ਵੀ ਅਣਭੋਲ ਟਰੱਕ ਦੇ ਨੇੜੇ ਖੜ੍ਹਾ ਸੀ ਤਾਂ ਇਕ ਸਰਦਾਰ ਮੇਰੇ ਪਾਸ ਆਇਆ, ਕਿਹਾ ਉਹ ਤੂੰ ਬਿੱਲੂ ਹੈ? ਮੇਰੇ ਹਾਂ ਕਹਿਣ 'ਤੇ ਉਸ ਨੇ ਉਵੇਂ ਹੀ ਮੈਨੂੰ ਚੁੱਕ ਕੇ ਟਰੱਕ ਵਿਚ ਬਿਠਾ ਦਿੱਤਾ।

ਸਾਡੇ ਟਰੱਕਾਂ ਦੇ ਕਾਫ਼ਲੇ ਦਾ ਪਹਿਲਾ ਪੜਾਅ ਰਵਾਤ ਵਿਖੇ ਹੋਇਆ। ਤਦੋਂ ਮੈਂ ਕਛਹਿਰਾ ਅਤੇ ਕਮੀਜ਼ ਹੀ ਪਹਿਨੇ ਹੋਏ ਸਨ। ਮੈਂ ਸਿਰ ਪੈਰੋਂ ਨੰਗਾ ਹੀ ਸਾਂ। ਇਕ ਬੰਦਾ ਛੋਲਿਆਂ ਦੀ ਮੁੱਠ-ਮੁੱਠ ਵੰਡ ਰਿਹਾ ਸੀ। ਮੈਂ ਵੀ ਲੈ ਕੇ ਖਾਧੇ। ਰਾਤ ਉਥੇ ਸੜਕ 'ਤੇ ਹੀ ਸੁੱਤਾ। ਅਗਲੇ ਦਿਨ ਸਵੇਰੇ ਸਾਡੇ ਪਿੰਡ ਦਾ ਇਕ ਸਰਦਾਰ ਮੇਰੇ ਪਾਸ ਆਇਆ ਅਤੇ ਉਹ ਮੈਨੂੰ ਚਾਰ ਆਨੇ ਦੇ ਗਿਆ। ਭੁੱਖ ਮੈਨੂੰ ਡਾਹਢੀ ਲੱਗੀ ਹੋਈ ਸੀ। ਕੋਲ ਪੈਂਦੀ ਇਕ ਮੁਸਲਿਮ ਦੀ ਦੁਕਾਨ 'ਤੇ ਜਾ ਕੇ ਰੋਟੀ ਮੰਗੀ, ਤਾਂ ਉਸ ਨੇ ਮੈਨੂੰ ਇਕ ਆਨੇ ਵਿਚ ਆਚਾਰ ਨਾਲ ਮੱਕੀ ਦੀ ਇਕ ਰੋਟੀ ਦੇ ਦਿੱਤੀ। ਉਹ ਖਾ ਕੇ ਮੈਂ ਨੇੜਲੇ ਖ਼ੂਹ ਤੋਂ ਪਾਣੀ ਪੀਤਾ। ਅਗਲੇ ਦਿਨ 15 ਮਾਰਚ ਸਵੇਰੇ ਟਰੱਕ ਰਾਹੀਂ ਮੇਰੀ ਦਾਦੀ ਵੀ ਆ ਪਹੁੰਚੀ। ਦਾਦੀ ਜੀ ਨੇ ਮੈਨੂੰ ਬੜਾ ਜ਼ੋਰ ਲਾਇਆ ਕਿ ਮੈਂ ਉਨ੍ਹਾਂ ਨਾਲ ਅਗਲੇ ਕੈਂਪ ਗੁਜਰਖਾਨ ਲਈ ਚੱਲਾਂ ਪਰ ਮੈਂ ਨਾ ਮੰਨਿਆਂ। ਅਗਲੇ ਦਿਨ ਰਾਵਲਪਿੰਡੀ ਬਸੰਤ ਕੌਰ ਦਾ ਪਤੀ ਡਾ. ਅਜੈਬ ਸਿੰਘ, ਜੋ ਮੇਰੀ ਮਾਮੀ ਜੀ ਦਾ ਰਿਸ਼ਤੇਦਾਰ ਸੀ, ਕੈਂਪ ਵਿਚ ਮੈਨੂੰ ਲੱਭਣ ਲਈ ਆਇਆ ਅਤੇ ਮੈਨੂੰ ਨਾਲ ਹੀ ਲੈ ਗਿਆ। ਉਸ ਮੈਨੂੰ ਨਹਾਇਆ-ਧੁਲਾਇਆ ਅਤੇ ਆਪਣੇ ਬੇਟੇ ਦੇ ਕੱਪੜੇ ਮੈਨੂੰ ਪਹਿਨਣ ਲਈ ਦਿੱਤੇ। ਮੈਂ ਉਥੇ 5-6 ਦਿਨ ਰਿਹਾ। ਮੇਰੇ ਪਿਤਾ ਜੀ ਵੀ ਮੈਨੂੰ ਲੱਭਦੇ ਹੋਏ ਉਥੇ ਆ ਪੁੱਜੇ। ਮੈਂ ਉਨ੍ਹਾਂ ਦੇ ਗਲ ਲੱਗ ਕੇ ਜਾਰ-ਜਾਰ ਰੋਇਆ। ਪਿਤਾ ਜੀ ਮੈਨੂੰ ਤਾਇਆ ਜੀ ਗੁਰਚਰਨ ਸਿੰਘ, ਜੋ ਲਾਲ ਕੁਰਤੀ ਮੁਹੱਲੇ ਵਿਚ ਰਹਿੰਦੇ ਸਨ, ਦੇ ਘਰ ਲੈ ਗਏ।

ਉਥੇ ਅੱਗੇ ਇਕ ਹੋਰ ਚਾਚਾ ਜੀ, ਜੋ ਆਇਲ ਫੈਕਟਰੀ ਵਿਚ ਕੰਮ ਕਰਦੇ ਸਨ, ਪਾਸ ਚਲੇ ਗਏ। ਇਥੇ ਦਾਦੀ ਜੀ ਵੀ ਆ ਗਏ। ਰੇਲ ਗੱਡੀ ਰਾਹੀਂ ਲਾਹੌਰ, ਅੰਮ੍ਰਿਤਸਰ ਅਤੇ ਆਖੀਰ ਰਸਤੇ ਦੀਆਂ ਦੁੱਖ ਤਕਲੀਫ਼ਾਂ ਅਤੇ ਫਾਕੇ ਕੱਟਦਿਆਂ ਨੂਰਮਹਿਲ ਭੂਆ ਜੀ ਘਰ ਆ ਕੇ ਆਰਾਮ ਕੀਤਾ। ਸਾਡੇ ਤੋਂ ਪਹਿਲਾਂ ਆਈਆਂ ਲਗਾਤਾਰ ਦੋ ਗੱਡੀਆਂ ਨੂੰ ਦੰਗਈ ਮੁਸਲਿਮਾਂ ਨੇ ਵੱਢ ਦਿੱਤਾ ਸੀ ਪਰ ਅਸੀਂ ਠੀਕ-ਠਾਕ ਪਹੁੰਚ ਗਏ। ਕਰੀਬ ਪੰਜ ਕੁ ਮਹੀਨੇ ਉਥੇ ਰਹਿਣ ਤੋਂ ਬਾਅਦ ਕਰਨਾਲ ਆ ਗਿਆ, ਜਿਥੇ ਅੱਜ ਵੀ 47 ਦੀ ਪੀੜ ਦਾ ਦਰਦ ਦਿਲ ਵਿਚ ਸਮੋਈ ਬੈਠੇ ਆਂ। ਇਸ ਘਟਨਾਕ੍ਰਮ ਨੂੰ ਨੰਗੇ ਪਿੰਡੇ ਹੰਡਾਉਣ ਉਪਰੰਤ ਵੀ ਸੱਚ ਨਹੀਂ ਆਉਂਦਾ। ਇਹੀ ਲੱਗਦਾ ਹੈ ਕਿ ਉਹ ਇਕ ਬੁਰਾ ਸੁਪਨਾ ਸੀ, ਜੋ ਆਇਆ ਅਤੇ ਲੰਘ ਗਿਆ।"

ਜਸਵਿੰਦਰ ਸਿੰਘ
"ਰੁਪਾਲ"
ਵਟਸਐਪ ਨੰਬਰ :
9814715796
ਪੰਜਾਬ ਮੇਲ USA



# ਸ਼ਾਂਤੀ, ਪ੍ਰੇਮ ਅਤੇ ਕੁਦਰਤੀ ਸਾਧਨਾਂ ਦੇ ਬੈਰਾਗ ਦਾ ਪ੍ਰਤੀਕ; ਜਨਜਾਤੀ ਮੁਖੀ ਚੀਫ਼ ਸਿਆਟਲ ਦਾ ਭਾਸ਼ਣ



***ਅੱਜ ਅਸੀਂ ਉਸ ਦੇ 11 ਮਾਰਚ 1854 ਈਸਵੀ ਦੇ ਉਸ ਇਤਿਹਾਸਕ ਭਾਸ਼ਣ ਨੂੰ ਯਾਦ ਕਰ ਰਹੇ ਹਾਂ, ਜਿਹੜਾ ਉਸ ਨੇ ਸਿਆਟਲ ਦੇ ਖੁੱਲ੍ਹੇ ਮੈਦਾਨ ਵਿਚ ਹਜ਼ਾਰਾਂ ਲੋਕਾਂ ਦੇ ਸਾਹਮਣੇ ਆਪਣੀ ਜ਼ਮੀਨ ਨੂੰ ਗੋਰਿਆਂ ਨੂੰ ਸੌਂਪਣ ਸਮੇਂ ਦਿੱਤਾ। ਇਸ ਭਾਸ਼ਣ ਵਿਚੋਂ ਉਸ ਦਾ ਆਪਣੇ ਲੋਕਾਂ ਪ੍ਰਤੀ, ਆਪਣੀ ਧਰਤੀ ਅਤੇ ਵਾਤਾਵਰਣ ਸੰਬੰਧੀ ਪਿਆਰ ਤਾਂ ਪ੍ਰਗਟ ਹੋ ਹੀ ਰਿਹਾ ਹੈ, ਪਰ ਇੱਕ ਪ੍ਰਮਾਤਮਾ ਦੇ ਮੰਨਣ ਨਾਲ ਜੋ ਨਸਲੀ ਵਿਤਕਰੇ 'ਤੇ ਉਸ ਨੇ ਇਤਰਾਜ ਪ੍ਰਗਟਾਇਆ ਹੈ, ਉਹ ਵੀ ਬਹੁਤ ਮਹੱਤਵਪੂਰਨ ਹੈ। ਇਸ ਭਾਸ਼ਣ ਦੀ ਭਾਵਨਾ ਅੱਜ ਵੀ ਅਤੇ ਵਿਸ਼ਵ ਦੇ ਕਿਸੇ ਵੀ ਕੋਨੇ ਵਿਚ ਉਤਨੀ ਹੀ ਸਾਰਥਕ ਹੈ, ਜਿੰਨੀ ਉਸ ਸਮੇਂ ਇਹ ਉੱਤਰੀ ਅਮਰੀਕਨ ਭਾਰਤੀ ਲੋਕਾਂ ਲਈ ਸੀ।***

ਅਠਾਰਵੀਂ-ਉਨੀਵੀਂ ਸਦੀ ਵਿਚ ਉੱਤਰੀ ਅਮਰੀਕਾ ਦੇ ਮੂਲ ਵਾਸੀਆਂ ਪਾਸੋਂ ਉਨ੍ਹਾਂ ਦੀ ਜੱਦੀ ਜ਼ਮੀਨ ਲੈ ਲਈ ਗਈ। ਇੱਥੇ ਆ ਕੇ ਵੱਸੇ ਯੂਰਪੀ ਗੋਰਿਆਂ ਨੇ ਕਾਫੀ ਲੰਮੇ ਸਮੇਂ ਦੇ ਤਕਰਾਰਾਂ, ਧੱਕਿਆਂ, ਸਮਝੌਤਿਆਂ ਤੋਂ ਬਾਅਦ ਇਸ ਜ਼ਮੀਨ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ, ਜਿਸ ਦੇ ਬਦਲੇ ਵਿਚ ਮੂਲ ਵਾਸੀਆਂ ਨੂੰ ਛੋਟੇ-ਮੋਟੇ ਅਧਿਕਾਰ ਅਤੇ ਰਾਖਵਾਂਕਰਨ ਦੇ ਵਾਅਦੇ ਵਗੈਰਾ ਕੀਤੇ ਗਏ। ਜਿਹੜੇ ਕਿ ਹੂਬਹੂ ਕਦੇ ਵੀ ਪੂਰੇ ਨਹੀਂ ਹੋਏ। ਇਨ੍ਹਾਂ ਮੂਲ ਵਾਸੀਆਂ ਵਿਚ ਕਈ ਜਨਜਾਤੀਆਂ ਅਤੇ ਕਬੀਲੇ ਦੇ ਲੋਕ ਸਨ। ਦੁਵਾਮਿਸ਼ ਜਨਜਾਤੀ ਦੇ ਇੱਕ ਮੁਖੀ, ਚੀਫ਼ ਸਿਆਟਲ ਉਸ ਸਮੇਂ ਦੇ ਜਨਜਾਤੀ ਕਬੀਲਿਆਂ ਦਾ ਵਿਸ਼ਵ ਨਜ਼ਰੀਆ ਪੇਸ਼ ਕਰਨ ਵਾਲਾ ਪ੍ਰਤੀਨਿਧ ਆਗੂ ਸੀ। ਸਿਆਟਲ ਨੇ ਹੀ 1855 ਈਸਵੀ ਦੇ ਪੁਆਇੰਟ ਇਲੀਅਟ ਦੇ ਸਮਝੌਤੇ 'ਤੇ ਦਸਤਖ਼ਤ ਵੀ ਕੀਤੇ ਸਨ। ਜਿਸ ਰਾਹੀਂ ਇਨ੍ਹਾਂ ਲੋਕਾਂ ਨੂੰ ਸ਼ਿਕਾਰ ਕਰਨ ਅਤੇ ਮੱਛੀਆਂ ਫੜਨ ਦੇ ਅਧਿਕਾਰ ਦਿੱਤੇ ਗਏ ਸਨ। ਭਰੇ ਮਨ ਨਾਲ ਇਨ੍ਹਾਂ ਆਪਣੀ ਜ਼ਮੀਨ ਅਮਰੀਕਾ ਸਰਕਾਰ ਨੂੰ ਸੌਂਪ ਦਿੱਤੀ ਸੀ। ਇਹ ਲੋਕ ਧਰਤੀ ਨੂੰ, ਦਰਿਆਵਾਂ ਨੂੰ, ਜੰਗਲਾਂ ਨੂੰ ਬਹੁਤ ਜ਼ਿਆਦਾ ਪਿਆਰ ਕਰਦੇ ਸਨ। ਸਿਆਟਲ ਹੀ ਉਹ ਵਿਅਕਤੀ ਸੀ, ਜਿਸ ਦੀ ਮੂਲ ਨਿਵਾਸੀਆਂ ਅਤੇ ਯੂਰਪੀਅਨਾਂ ਵਿਚ ਸ਼ਾਂਤੀ ਅਤੇ ਸੁਖਾਵੇਂ ਸੰਬੰਧ ਬਣਾਈ ਰੱਖਣ ਦੇ ਯਤਨਾਂ ਨੂੰ ਮਾਣ ਦੇਣ ਲਈ ਡਾਕਟਰ ਮੈਨਾਰਡ, ਡੇਵਿਡ ਸਵਿਨਸਨ ਅਤੇ ਆਰਥਰ ਏ. ਡੈਨੀ ਨੇ ਅਮਰੀਕਾ ਦੇ ਸ਼ਹਿਰ ਦਾ ਨਾਂ ਉਸ ਦੇ ਨਾਮ 'ਤੇ ਸਿਆਟਲ ਰੱਖਿਆ। ਚੀਫ਼ ਸਿਆਟਲ ਦਾ ਜਨਮ 1786 ਈਸਵੀ ਅਤੇ ਮੌਤ 1866 ਈਸਵੀ ਵਿਚ ਹੋਈ। ਉਹ ਆਪਣੇ ਜੀਵਨ ਕਾਲ ਵਿਚ ਆਪਣੇ ਕਬੀਲੇ ਦੇ ਲੋਕਾਂ ਦੇ ਲਈ ਜਿਉਂਦਾ ਰਿਹਾ ਅਤੇ ਗੋਰਿਆਂ ਨਾਲ ਚੰਗੇ ਸੰਬੰਧ ਬਣਾਉਣ ਲਈ ਜੱਦੋ-ਜਹਿਦ ਕਰਦਾ ਰਿਹਾ। ਅੱਜ ਅਸੀਂ ਉਸ ਦੇ 11 ਮਾਰਚ 1854 ਈਸਵੀ ਦੇ ਉਸ ਇਤਿਹਾਸਕ ਭਾਸ਼ਣ ਨੂੰ ਯਾਦ ਕਰ ਰਹੇ ਹਾਂ, ਜਿਹੜਾ ਉਸ ਨੇ ਸਿਆਟਲ ਦੇ ਖੁੱਲ੍ਹੇ ਮੈਦਾਨ ਵਿਚ ਹਜ਼ਾਰਾਂ ਲੋਕਾਂ ਦੇ ਸਾਹਮਣੇ ਆਪਣੀ ਜ਼ਮੀਨ ਨੂੰ ਗੋਰਿਆਂ ਨੂੰ ਸੌਂਪਣ ਸਮੇਂ ਦਿੱਤਾ। ਇਸ ਭਾਸ਼ਣ ਵਿਚੋਂ ਉਸ ਦਾ ਆਪਣੇ ਲੋਕਾਂ ਪ੍ਰਤੀ, ਆਪਣੀ ਧਰਤੀ ਅਤੇ ਵਾਤਾਵਰਣ ਸੰਬੰਧੀ ਪਿਆਰ ਤਾਂ ਪ੍ਰਗਟ ਹੋ ਹੀ ਰਿਹਾ ਹੈ, ਪਰ ਇੱਕ ਪ੍ਰਮਾਤਮਾ ਦੇ ਮੰਨਣ ਨਾਲ ਜੋ ਨਸਲੀ ਵਿਤਕਰੇ 'ਤੇ ਉਸ ਨੇ ਇਤਰਾਜ ਪ੍ਰਗਟਾਇਆ ਹੈ, ਉਹ ਵੀ ਬਹੁਤ ਮਹੱਤਵਪੂਰਨ ਹੈ। ਇਸ ਭਾਸ਼ਣ ਦੀ ਭਾਵਨਾ ਅੱਜ ਵੀ ਅਤੇ ਵਿਸ਼ਵ ਦੇ ਕਿਸੇ ਵੀ ਕੋਨੇ ਵਿਚ ਉਤਨੀ ਹੀ ਸਾਰਥਕ ਹੈ, ਜਿੰਨੀ ਉਸ ਸਮੇਂ ਇਹ ਉੱਤਰੀ ਅਮਰੀਕਨ ਭਾਰਤੀ ਲੋਕਾਂ ਲਈ ਸੀ। ਇਸ ਭਾਸ਼ਣ ਦੇ ਮੂਲ ਪਾਠ ਦੀ ਪ੍ਰਮਾਣਿਕਤਾ ਬਾਰੇ ਤਾਂ ਪੂਰਾ ਦਾਅਵਾ ਨਹੀਂ ਕਰ ਸਕਦੇ, ਪਰ ਉਸਦੀ ਭਾਵਨਾ ਅਤੇ ਵਿਸ਼ਾ ਪੂਰਨ ਓਹੀ ਹੈ। ਸਮੇਂ ਦੀਆਂ ਪਰਤਾਂ ਨੇ ਹੋ ਸਕਦਾ ਏ, ਕੁਝ ਸ਼ਬਦਾਂ ਵਿਚ ਤਬਦੀਲੀ ਲੈ ਆਂਦੀ ਹੋਵੇ।

ਸਿਆਟਲ ਦੇ ਭਾਸ਼ਣ ਦੇ ਤਿੰਨ ਮੁੱਖ ਹਿੱਸੇ ਹਨ। ਪਹਿਲੇ ਵਿਚ ਉਸ ਦਾ ਕੁਦਰਤ ਨਾਲ ਸੰਬੰਧ ਜ਼ਾਹਿਰ ਹੁੰਦਾ ਹੈ, ਦੂਜੇ ਹਿੱਸੇ ਵਿਚ ਇੱਕ ਦੂਜੇ ਨਾਲ ਪਿਆਰ ਸੰਬੰਧ ਅਤੇ ਤੀਸਰੇ ਹਿੱਸੇ ਵਿਚ ਇੱਕੋ ਪ੍ਰਮਾਤਮਾ ਦੇ ਰਾਹੀਂ ਸਾਂਝੀ ਤਕਦੀਰ ਦਾ ਜ਼ਿਕਰ ਹੈ।

## 1. ਕੁਦਰਤ ਨਾਲ ਸੰਬੰਧ :

ਭਾਸ਼ਣ ਦੇ ਪਹਿਲੇ ਹਿੱਸੇ ਵਿਚ ਉਸ ਦਾ ਆਪਣੀ ਉਸ ਭੂਮੀ ਪ੍ਰਤੀ, ਉਸ ਦੇ ਦਰਿਆਵਾਂ, ਜੰਗਲ, ਪੰਛੀਆਂ, ਜਾਨਵਰਾਂ ਅਤੇ ਬਨਸਪਤੀ ਨਾਲ ਪਿਆਰ ਪ੍ਰਗਟ ਹੁੰਦਾ ਹੈ। ਆਓ ਸਿਆਟਲ ਦੇ ਸ਼ਬਦਾਂ ਨੂੰ ਮਾਣੀਏ:-

"ਜੇ ਤੁਹਾਡੇ ਕੋਲ ਤਾਜ਼ੀ ਹਵਾ ਦੇ ਬੁੱਲੇ ਅਤੇ ਜਲ ਦੀਆਂ ਫੁਹਾਰਾਂ ਨਹੀਂ ਹਨ, ਉਨ੍ਹਾਂ ਨੂੰ ਕਿਵੇਂ ਅਤੇ ਕਿੱਥੋਂ ਖਰੀਦੋਗੇ? ਧਰਤੀ ਦਾ ਹਰੇਕ ਟੋਟਾ ਮੇਰੇ ਲੋਕਾਂ ਲਈ ਪਾਕਿ ਪਵਿੱਤਰ ਹੈ। ਦੇਵਦਾਰ ਦੀਆਂ ਨੁਕੀਲੀਆਂ ਸੂਈਆਂ, ਹਰ ਰੇਤਲਾ ਕਿਨਾਰਾ, ਸੰਘਣੇ ਜੰਗਲਾਂ ਦਾ ਹਰ ਕੁਹਾਸਾ, ਹਰ ਚਰਾਗਾਹ, ਹਰ ਭਿਣ-ਭਿਣ ਕਰਦਾ ਕੀਟ ਮੇਰੇ ਲੋਕਾਂ ਦੇ ਤਜ਼ਰਬੇ ਅਤੇ ਯਾਦਾਂ ਵਿਚ ਪਾਕ ਪਵਿੱਤਰ ਹਨ। ਸਾਨੂੰ ਅਹਿਸਾਸ ਹੈ ਕਿ ਦਰੱਖਤਾਂ ਵਿਚੋਂ ਵਹਿੰਦੇ ਹੋਏ ਰਸ ਨੂੰ ਅਸੀਂ ਆਪਣਾ ਖ਼ੂਨ ਸਮਝਦੇ ਹਾਂ, ਜਿਹੜਾ ਸਾਡੀਆਂ ਨਾੜੀਆਂ ਵਿਚੋਂ ਵਗ ਰਿਹਾ ਹੈ। ਅਸੀਂ ਇਸ ਭੂਮੀ ਦਾ ਇੱਕ ਜਿਊਂਦਾ ਜਾਗਦਾ ਹਿੱਸਾ ਹਾਂ ਅਤੇ ਇਹ ਸਾਡਾ ਹਿੱਸਾ ਹੈ। ਮਹਿਕਦੇ ਫੁੱਲ ਸਾਡੀਆਂ ਭੈਣਾਂ ਹਨ। ਰਿੱਛ, ਭਾਲੂ, ਵਿਰਾਟ ਬਾਜ਼ ਸਾਡੇ ਭਰਾ ਹਨ। ਚਟਾਨੀ ਉਚਾਈਆਂ, ਜੂਸ ਅਤੇ ਚਰਾਂਦਾਂ, ਟੱਟੂ ਦੇ ਸਰੀਰ ਦੀ ਗਰਮੀ ਅਤੇ ਮਨੁੱਖ ਇਹ ਸਭ ਇੱਕ ਹੀ ਪਰਿਵਾਰ ਨਾਲ ਸੰਬੰਧ ਰੱਖਦੇ ਹਨ। ਨਦੀਆਂ ਅਤੇ ਦਰਿਆਵਾਂ 'ਚੋਂ ਵਹਿੰਦੇ ਹੋਏ ਲਹਿਲਹਾਉਂਦੇ ਪਾਣੀ ਨੂੰ ਸਿਰਫ ਪਾਣੀ ਹੀ ਨਾ ਜਾਣੋ, ਇਹ ਸਾਡੇ ਵੱਡੇ ਵਡੇਰਿਆਂ ਦਾ ਖ਼ੂਨ ਹੈ। ਜੇ ਅਸੀਂ ਆਪਣੀ ਭੂਮੀ ਤੁਹਾਨੂੰ ਵੇਚਦੇ ਹਾਂ, ਤਾਂ ਯਾਦ ਰੱਖਿਓ ਇਹ ਸਾਡੇ ਲਈ ਬਹੁਤ ਹੀ ਪਵਿੱਤਰ ਹੈ। ਝੀਲਾਂ ਦੇ ਸਾਫ਼ ਪਾਣੀ ਵਿਚ ਪੈਂਦਾ ਹਰ ਪ੍ਰੇਤਮਈ ਪ੍ਰਤੀਬਿੰਬ ਮੇਰੇ ਲੋਕਾਂ ਦੇ ਜੀਵਨ ਦੀਆਂ ਘਟਨਾਵਾਂ ਅਤੇ ਸਾਂਝਾਂ ਦੱਸਦਾ ਹੈ। ਪਾਣੀ ਦੀ ਗੜਗੜਾਹਟ ਸਾਡੇ ਪੁਰਖਿਆਂ ਦੀ ਆਵਾਜ਼ ਹੈ। ਦਰਿਆ ਸਾਡੇ ਭਰਾ ਹਨ। ਉਹ ਸਾਡੀ ਪਿਆਸ ਬੁਝਾਉਂਦੇ ਹਨ। ਉਹ ਸਾਡੇ ਬੇੜਿਆਂ ਨੂੰ ਠੇਲ੍ਹਦੇ ਹਨ ਅਤੇ ਸਾਡੇ ਬੱਚਿਆਂ ਨੂੰ ਪਾਲ਼ਦੇ ਹਨ। ਇਸ ਲਈ ਤੁਸੀਂ ਇਨ੍ਹਾਂ ਦਰਿਆਵਾਂ ਪ੍ਰਤੀ ਉਤਨੀ ਹੀ ਦਇਆ ਅਤੇ ਸੁਹਿਰਦਤਾ ਰੱਖਣੀ, ਜਿਤਨੀ ਤੁਸੀਂ ਆਪਣੇ ਭਰਾ ਪ੍ਰਤੀ ਰੱਖਦੇ ਹੋ।"

## 2. ਆਪਸੀ ਸੰਬੰਧ :

ਵਿਅਕਤੀ ਦੇ ਵਿਅਕਤੀ ਨਾਲ ਸੰਬੰਧ ਬਹੁਤ ਮਹੱਤਵਪੂਰਨ ਹਨ। ਜਿੱਥੇ ਸਿਆਟਲ ਸ਼ਹਿਰਾਂ ਦੀ ਮਸ਼ੀਨੀ ਜਿਹੀ ਸੱਭਿਅਤਾ ਨੂੰ ਪਸੰਦ ਨਹੀਂ ਕਰਦਾ, ਉੱਥੇ ਇਹ ਕਹਿਣ ਤੋਂ ਵੀ ਗੁਰੇਜ਼ ਨਹੀਂ ਕਰਦਾ ਕਿ ਇਨ੍ਹਾਂ ਵਿਚ ਜ਼ਿੰਦਗੀ ਦੀ ਧੜਕਣ ਨਹੀਂ ਹੈ। ਉਸਦੇ ਸ਼ਬਦਾਂ ਨੂੰ ਦੇਖੋ:-

"ਸਾਡੇ ਜੀਵਨ ਢੰਗ ਤੁਹਾਡੇ ਨਾਲੋਂ ਵੱਖਰੇ ਹਨ। ਤੁਹਾਡੇ ਸ਼ਹਿਰਾਂ ਦੀਆਂ ਨਜ਼ਰਾਂ ਲਾਲ ਆਦਮੀ (ਉੱਤਰੀ ਅਮਰੀਕਨ ਭਾਰਤੀ ਮੂਲ ਨਿਵਾਸੀਆਂ ਨੂੰ ਕਿਹਾ ਹੈ) ਨੂੰ ਤਕਲੀਫ਼ ਪੁਚਾਉਂਦੀਆਂ ਹਨ। ਗੋਰੇ ਲੋਕਾਂ (ਯੂਰਪੀਅਨ, ਜੋ ਇੱਥੇ ਆ ਕੇ ਸੈੱਟ ਹੋਏ, ਉਨ੍ਹਾਂ ਵੱਲ ਇਸ਼ਾਰਾ ਹੈ) ਦੇ ਸ਼ਹਿਰਾਂ ਵਿਚ ਕੋਈ ਵੀ ਜਗ੍ਹਾ ਸ਼ਾਂਤ ਨਹੀਂ ਹੈ। ਕੋਈ ਵੀ ਥਾਂ ਅਜਿਹੀ ਨਹੀਂ ਲੱਭਦੀ, ਜਿੱਥੇ ਬਸੰਤ ਰੁੱਤ ਵਿਚ ਹਵਾ 'ਚ ਖੜਕਦੇ ਪੱਤਿਆਂ ਦੀ ਜਾਂ ਕਿਸੇ ਕੀਟ ਦੇ ਖੰਭਾਂ ਦੀ ਭਿਣਭਿਣਾਹਟ ਸੁਣੀ ਜਾ ਸਕਦੀ ਹੋਵੇ ਅਤੇ ਇੱਕ ਇਨਸਾਨ ਦੀ ਜ਼ਿੰਦਗੀ ਕਿਸ ਅਰਥ ਰਹਿ ਜਾਏਗੀ, ਜੇ ਉਹ ਵਿਪਰਵਲ (ਇੱਕ ਅਮਰੀਕਨ ਪੰਛੀ) ਦੀ ਪਿਆਰੀ ਕੂਕ ਜਾਂ ਡੱਡੂਆਂ ਦੀ ਟਰੈਂ-ਟਰੈਂ ਨਹੀਂ ਸੁਣ ਸਕਦਾ? ਭਾਰਤੀ, ਤਲਾਅ ਦੇ ਉਪਰੋਂ ਵਗਦੀ ਹੋਈ ਪੌਣ ਦੀ ਮੱਠੀ ਆਵਾਜ਼ ਅਤੇ ਦੁਪਹਿਰ ਦੇ ਮੀਂਹ ਦੁਆਰਾ ਧੋਤੀ ਹੋਈ ਹਵਾ ਦੀ ਮਹਿਕ ਨੂੰ ਮਾਣਦਾ ਅਤੇ ਪਸੰਦ ਕਰਦਾ ਹੈ। ਲਾਲ ਆਦਮੀ ਲਈ ਹਵਾ ਬਹੁਤ ਕੀਮਤੀ ਹੈ ਕਿਉਂਕਿ ਹਰ ਜੀਵ ਇੱਕੋ ਤਰ੍ਹਾਂ ਸਾਹ ਲੈਂਦਾ ਹੈ। ਬੀਸਟ (ਅਮਰੀਕਨ ਜਾਨਵਰ), ਦਰੱਖਤ ਅਤੇ ਮਨੁੱਖ ਸਭ ਇੱਕੋ ਤਰ੍ਹਾਂ ਤਾਂ ਸਾਹ ਲੈਂਦੇ ਹਨ। ਸਿਰਫ ਇੱਕ ਮਰ ਰਹੇ ਪ੍ਰਾਣੀ ਨੂੰ ਤੇਜ਼ ਅਤੇ ਅਸੁਖਾਵੀਂ ਦੁਰਗੰਧ ਵੀ ਮਹਿਸੂਸ ਨਹੀਂ ਹੁੰਦੀ। ਪਰ ਜੇ ਅਸੀਂ ਆਪਣੀ ਭੂਮੀ ਤੁਹਾਨੂੰ ਵੇਚੀਏ, ਤੁਸੀਂ ਯਾਦ ਰੱਖਣਾ ਕਿ ਹਵਾ ਸਾਡੇ ਲਈ ਬਹੁਤ ਜ਼ਿਆਦਾ ਕੀਮਤੀ ਹੈ ਅਤੇ ਹਵਾ ਜ਼ਿੰਦਗੀ ਦੀ ਆਧਾਰ ਪ੍ਰਾਣ ਸ਼ਕਤੀ ਨੂੰ ਵੰਡਦੀ ਹੈ।"

"ਹਵਾ, ਜਿਸ ਵਿਚ ਸਾਡੇ ਪੁਰਖਿਆਂ ਨੇ ਪਹਿਲਾ ਸਾਹ ਲਿਆ, ਜਿਸ ਵਿਚ ਉਨ੍ਹਾਂ ਨੇ ਆਖਰੀ ਸਾਹ ਵੀ ਲਿਆ ਸੀ। ਜੇ ਅੱਜ ਅਸੀਂ ਆਪਣੀ ਜ਼ਮੀਨ ਤੁਹਾਨੂੰ ਵੇਚੀਏ, ਤੁਸੀਂ ਇਸਨੂੰ ਸੰਭਾਲ ਕੇ ਅਤੇ ਪਵਿੱਤਰਤਾ ਨਾਲ ਅਜਿਹੀ ਥਾਂ ਵਾਂਗ ਰੱਖਿਓ, ਜਿੱਥੇ ਇੱਕ ਗੋਰਾ ਵਿਅਕਤੀ (ਯੂਰਪੀਅਨ) ਵੀ ਉਸ ਹਵਾ ਦਾ ਆਨੰਦ ਲੈਣ ਜਾਵੇ, ਜਿਹੜੀ ਕਿ ਚਰਾਂਦਾਂ ਦੇ ਫੁੱਲਾਂ ਨਾਲ ਮਹਿਕਾਈ ਗਈ ਹੈ।"

"ਆਦਮੀ ਬੀਸਟ ਤੋਂ ਬਿਨਾਂ ਕਾਹਦੇ ਜੋਗਾ ਹੈ? ਜੇ ਸਾਰੇ ਬੀਸਟ ਖਤਮ ਹੋ ਗਏ, ਇਸ ਮਨੁੱਖ ਦੀ ਰੂਹ ਵੀ ਇੱਕਲਤਾ ਕਰਕੇ ਹੀ ਮਰ ਜਾਵੇਗੀ। ਸਾਰੇ ਜੀਵ ਆਪਸ ਵਿਚ ਚੰਗੀ ਤਰ੍ਹਾਂ ਜੁੜੇ ਹੋਏ ਹਨ।"

"ਤੁਸੀਂ ਆਪਣੇ ਬੱਚਿਆਂ ਨੂੰ ਜ਼ਰੂਰ ਸਿਖਾਉਣਾ ਕਿ ਉਨ੍ਹਾਂ ਦੇ ਪੈਰਾਂ ਹੇਠਲੀ ਜ਼ਮੀਨ, ਸਾਡੇ ਬਜ਼ੁਰਗਾਂ ਦੀ ਅੰਤਿਮ ਰਾਖ ਹੈ, ਤਾਂ ਕਿ ਉਹ ਜ਼ਮੀਨ ਦਾ ਸਤਿਕਾਰ ਕਰ ਸਕਣ। ਆਪਣੇ ਬੱਚਿਆਂ ਨੂੰ ਦੱਸੋ ਕਿ ਭੂਮੀ ਸਾਡੇ ਪੁਰਖਿਆਂ ਦੀਆਂ ਜ਼ਿੰਦਗੀਆਂ ਨਾਲ ਭਰਪੂਰ ਹੈ। ਜੇ ਕੋਈ ਵਿਅਕਤੀ ਇਸ ਜ਼ਮੀਨ 'ਤੇ ਥੁੱਕਦਾ ਹੈ, ਤਾਂ ਉਹ ਆਪਣੇ ਵੱਡੇ-ਵਡੇਰਿਆਂ 'ਤੇ ਥੁੱਕ ਰਿਹਾ ਹੈ। ਸਾਨੂੰ ਪਤਾ ਹੈ ਕਿ ਧਰਤੀ ਵਿਅਕਤੀ ਦੀ ਨਹੀਂ ਹੈ, ਸਗੋਂ ਮਨੁੱਖ ਧਰਤੀ ਦਾ ਹੈ। ਅਸੀਂ ਚੰਗੀ ਤਰ੍ਹਾਂ ਸਮਝਦੇ ਹਾਂ ਕਿ ਸਾਰੀਆਂ ਚੀਜ਼ਾਂ ਅਤੇ ਸਾਰੇ ਜੀਵ ਉਸ ਖ਼ੂਨ ਵਾਂਗ ਜੁੜੇ ਹੋਏ ਹਨ, ਜਿਹੜਾ ਇੱਕ ਪਰਿਵਾਰ ਨੂੰ ਜੋੜਦਾ ਹੈ। ਸਭ ਕੁਝ ਹੀ ਆਪਸ ਵਿਚ ਸੰਬੰਧਿਤ ਹੈ।"

## 3. ਸਾਂਝੀ ਤਕਦੀਰ:

ਇਹ ਕਬੀਲੇ ਪ੍ਰਮਾਤਮਾ ਵਿਚ ਵਿਸ਼ਵਾਸ਼ ਰੱਖਦੇ ਹਨ। ਸਿਆਟਲ ਦਾ ਪ੍ਰਮਾਤਮਾ ਸਭ ਨੂੰ ਇੱਕੋ ਨਜ਼ਰ ਨਾਲ ਦੇਖਦਾ ਹੈ ਅਤੇ ਕਿਸੇ ਤਰ੍ਹਾਂ ਦਾ ਵਿਤਕਰਾ ਨਹੀਂ ਕਰਦਾ। ਉਹ ਨਸਲੀ ਵਿਤਕਰੇ ਵਿਰੁੱਧ ਆਪਣੇ ਪ੍ਰਭੂ ਤੋਂ ਤਾਕਤ ਲੈਂਦਾ ਹੈ ਪਰ ਉਸਦਾ ਇਹ ਵਿਸ਼ਵਾਸ਼ ਵੀ ਹੈ ਕਿ ਗੋਰਿਆਂ ਨੂੰ ਤਾਕਤਵਰ ਵੀ ਉਸਨੇ ਹੀ ਬਣਾਇਆ ਹੈ। ਉਸ ਦੀ ਸਾਂਝੀ ਤਕਦੀਰ ਦਾ ਬਿਆਨ ਪੜ੍ਹੋ:-

"ਇੱਕ ਗੋਰਾ ਵਿਅਕਤੀ ਜਿਸ ਦਾ ਰੱਬ ਉਸ ਨਾਲ ਦੋਸਤਾਂ ਵਾਂਗ ਤੁਰਦਾ ਹੈ ਅਤੇ ਦੋਸਤਾਂ ਵਾਂਗ ਗੱਲ ਕਰਦਾ ਹੈ, ਸਾਂਝੀ ਤਕਦੀਰ ਤੋਂ ਬਚ ਨਹੀਂ ਸਕਦਾ। ਆਖਰ ਅਸੀਂ ਸਾਰੇ ਹੀ ਭਰਾ ਹੋ ਸਕਦੇ ਹਾਂ। ਇੱਕ ਗੱਲ ਪੱਕੀ ਜੋ ਸਾਨੂੰ ਪਤਾ ਹੈ ਅਤੇ ਇੱਕ ਦਿਨ ਗੋਰਾ ਮਨੁੱਖ ਵੀ ਜਾਣ ਜਾਏਗਾ, ਉਹ ਇਹ ਹੈ ਕਿ ਸਾਡਾ ਰੱਬ ਵੀ ਓਹੀ ਹੈ, ਉਨ੍ਹਾਂ ਵਾਲਾ ਹੀ। ਕਿਉਂਕਿ ਤੁਸੀਂ ਸਾਡੀ ਜ਼ਮੀਨ ਲੈਣ ਦੀ ਇੱਛਾ ਰੱਖਦੇ ਹੋ, ਪਰ ਇਸ ਤਰ੍ਹਾਂ ਨਹੀਂ ਹੋ ਸਕਦਾ। ਰੱਬ ਦਾ ਪਿਆਰ ਗੋਰੇ ਨਾਲ ਅਤੇ ਲਾਲ ਆਦਮੀ ਨਾਲ ਇੱਕੋ ਜਿਹਾ ਹੈ। ਉਸ ਲਈ ਇਸ ਧਰਤ ਦੀ ਬਹੁਤ ਕੀਮਤ ਅਤੇ ਮਹੱਤਤਾ ਹੈ। ਧਰਤ ਨੂੰ ਜ਼ਰਾ ਜਿੰਨਾ ਵੀ ਖਰਾਬ ਕਰਨਾ ਉਸਦੇ ਹੁਕਮ ਦੀ ਹੁਕਮ ਅਦੂਲੀ ਹੈ। ਗੋਰੇ ਵੀ ਇੱਕ ਦਿਨ ਮਰ ਜਾਣਗੇ, ਸ਼ਾਇਦ ਕਬੀਲਿਆਂ ਨਾਲੋਂ ਵੀ ਛੇਤੀ ਹੀ। ਪਰ ਯਾਦ ਰੱਖਿਓ, ਆਪਣੇ ਰਹਿਣ ਦੀ ਥਾਂ ਨੂੰ ਦੂਸ਼ਿਤ ਕਰੋਗੇ, ਤਾਂ ਇੱਕ ਦਿਨ ਆਪਣੇ ਹੀ ਰਹਿੰਦ-ਖੂੰਹਦ ਦੀ ਸੜ੍ਹਾਂਦ ਨਾਲ ਮਰ ਜਾਓਗੇ।"

"ਪਰ ਤੁਹਾਡੇ ਖ਼ਾਕ ਹੋਣ ਸਮੇਂ ਤੁਸੀਂ ਪ੍ਰਮਾਤਮਾ ਦੀ ਤਾਕਤ ਨਾਲ ਚਮਕਣ ਲੱਗੋਗੇ, ਜਿਸ ਨੇ ਤੁਹਾਨੂੰ ਜ਼ਮੀਨ ਦਿਵਾਈ ਹੈ। ਅਤੇ ਕਿਸੇ ਖਾਸ ਕਾਰਨ ਕਰਕੇ ਇਸ ਜ਼ਮੀਨ ਉੱਪਰ ਅਤੇ ਲਾਲ ਆਦਮੀਆਂ ਉੱਪਰ ਅਧਿਕਾਰ ਦਿੱਤਾ ਹੈ।"

ਇਨ੍ਹਾਂ ਸ਼ਬਦਾਂ ਵਿਚੋਂ ਕੁਦਰਤ ਨਾਲ ਅਤੇ ਵਾਤਾਵਰਣ ਨਾਲ ਰੂਹ ਦਾ ਪਿਆਰ ਝਲਕਦਾ ਹੈ। ਜੇ ਹਰ ਮਨੁੱਖ ਆਪਣੇ ਕੁਦਰਤੀ ਵਸੀਲਿਆਂ ਨੂੰ ਇਸ ਇਸ਼ਕ ਦੀ ਇੰਤਹਾ ਤੱਕ ਚਾਹੁਣ ਲੱਗ ਜਾਵੇ, ਤਾਂ ਸਾਰੀ ਦੁਨੀਆਂ ਸਵਰਗ ਬਣ ਸਕਦੀ ਹੈ।

# ਖ਼ੂਬਸੂਰਤ ਕਾਵਿ-ਰੰਗਾਂ ਦਾ ਸੰਗ੍ਰਹਿ ਹੈ... ਹਾਲ ਉਥਾਈਂ ਕਹੀਏ!!

ਕੁਲਵਿੰਦਰ ਬਾਠ
ਕੈਲੀਫ਼ੋਰਨੀਆ
ਪੰਜਾਬ ਮੇਲ USA



ਜਗਜੀਤ ਨੌਸ਼ਹਿਰਵੀ ਦੀ ਪਲੇਠੀ ਪੁਸਤਕ "ਹਾਲ ਉਥਾਈਂ ਕਹੀਏ" ਨੂੰ ਪੜ੍ਹਨ ਦਾ ਮੌਕਾ ਮਿਲਿਆ। ਖ਼ੂਬਸੂਰਤ ਗ਼ਜ਼ਲਾਂ, ਕਵਿਤਾਵਾਂ, ਅਤੇ ਗੀਤਾਂ ਦੇ ਰੰਗਾਂ ਅਤੇ ਤਰੰਗਾਂ ਦਾ ਸੰਗ੍ਰਹਿ ਹੈ। ਇਸ ਕਿਤਾਬ ਬਾਰੇ ਗੱਲ ਅੱਗੇ ਤੋਰਨ ਤੋਂ ਪਹਿਲਾਂ ਇੱਕ ਹੋਰ ਗੱਲ ਕਰਨੀ ਬਣਦੀ ਹੈ।

ਜਦ ਕਦੇ ਕੋਈ ਵੀ ਪੁਸਤਕ ਪਾਠਕ ਦੇ ਹੱਥਾਂ ਵਿਚ ਪਹਿਲੀ ਵਾਰ ਪਹੁੰਚਦੀ ਹੈ.. ਤਾਂ ਉਪਰੀ ਨਜ਼ਰੇ 'ਫਰੋਲਦਿਆਂ ਅਤੇ ਟਟੋਲਦਿਆਂ' ਹੀ ਉਹਦਾ ਚੁੱਪ ਮਨ ਕਿਤਾਬ ਬਾਰੇ ਆਪਣੀ ਰਾਏ ਦੇ ਦਿੰਦਾ ਹੈ। ਕਿਤਾਬ ਚੰਗੀ ਹੋਵੇ ਤਾਂ... ਉਸ ਨੂੰ ਪੜ੍ਹਨ, ਜਾਨਣ, ਮਾਣਨ ਅਤੇ ਉਸ ਤੋਂ ਕੁਝ ਨਾ ਕੁਝ ਸਿੱਖਣ ਲਈ ਉਤਸ਼ਾਹ ਵੀ ਦੇ ਦਿੰਦਾ ਹੈ। ਪਾਠਕ ਲਈ ਲਿਖੀ ਗਈ ਕਿਤਾਬ ਜੇਕਰ ਪਾਠਕ ਦੀ ਰੂਹ ਤੱਕ ਅੱਪੜ ਜਾਵੇ... ਆਪਣਾ ਮੁਰੀਦ ਬਣਾ ਜਾਵੇ ਤਾਂ... ਉਹ ਲਿਖਤ ਪ੍ਰਵਾਨ ਹੋ ਜਾਂਦੀ ਹੈ। ਇਸ ਤੋਂ ਵੱਧ ਖ਼ੁਸ਼ੀ ਲੇਖਕ ਨੂੰ ਕੀ ਹੋ ਸਕਦੀ ਹੈ? ਪੰਜਾਬੀ ਦੇ ਸਮਰੱਥ ਸ਼ਾਇਰ ਕਵਿੰਦਰ ਚਾਂਦ ਦੀਆਂ ਕੁਝ ਖ਼ੂਬਸੂਰਤ ਲਾਈਨਾਂ ਯਾਦ ਆ ਗਈਆਂ, ਜੋ ਇਸ ਕਿਤਾਬ ਉੱਪਰ ਵੀ ਢੁੱਕਦੀਆਂ ਅਤੇ ਫਬਦੀਆਂ ਵੀ ਹਨ...

ਲੈ ਗਈ ਸਨਮਾਨ ਸਾਰੇ
ਇੱਕ ਲੇਖਕ ਦੀ ਕਿਤਾਬ
ਪੜ੍ਹਨ ਪਿੱਛੋਂ ਉਸ ਨੂੰ ਜਦ
ਪਾਠਕਾਂ ਨੇ ਚੁੰਮਿਆ


ਇਸ ਪੁਸਤਕ ਵਿਚ ਲੇਖਕ ਦੀ ਸੰਵੇਦਨਸ਼ੀਲ ਅਤੇ ਮੁਹੱਬਤੀ ਰੂਹ ਦੇ ਧੁਰ ਅੰਦਰੋਂ ਫੁੱਟੇ ਵਲਵਲੇ ਅਤੇ ਅਹਿਸਾਸ ਖ਼ੂਬਸੂਰਤ ਲਫ਼ਜ਼ਾਂ ਦੇ ਵਸਤਰ ਪਹਿਨ ਕੇ ਪਾਠਕਾਂ ਨਾਲ ਸੰਵਾਦ ਰਚਾਉਣ ਨੂੰ ਕਾਹਲ਼ੇ ਪੈ ਜਾਂਦੇ ਹਨ...। ਲਿਖਤ ਵਿਚਲੇ ਪ੍ਰਭਾਵਸ਼ਾਲੀ ਸ਼ਬਦ ਪਾਠਕ ਨੂੰ ਨਾਲ਼ ਤੋਰ ਲੈਂਦੇ ਹਨ ਅਤੇ ਕਾਫ਼ਲਾ ਤੁਰਦਾ ਰਹਿੰਦਾ ਹੈ।

ਜਗਜੀਤ ਨੌਸ਼ਹਿਰਵੀ...

ਅਮਰੀਕਾ ਦੀ ਸਿਰਮੌਰ ਸੰਸਥਾ, ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਦੇ 'ਮੋਢੀਆਂ ਦਾ ਮੋਢੇਦਾਰ' ਜਗਜੀਤ ਨੌਸ਼ਹਿਰਵੀ ਨਾਰਥ ਅਮਰੀਕਾ ਦੇ ਸਾਹਿਤਕ ਹਲਕਿਆਂ ਵਿਚ ਇੱਕ ਜਾਣਿਆ ਪਛਾਣਿਆ ਨਾਂਅ ਹੈ...। ਪੱਚੀ ਕੁ ਸਾਲ ਪਹਿਲਾਂ ਇਸ ਸੰਸਥਾ ਦੇ ਸੰਗਠਿਤ ਹੋਣ ਤੋਂ ਲੈ ਕੇ ਹੁਣ ਤੱਕ ਆਪਣਾ ਬਣਦਾ ਯੋਗਦਾਨ ਪਾ ਰਿਹਾ ਹੈ। ਸਾਹਿਤ ਦੀ ਚੇਟਕ ਤਾਂ ਉਸ ਨੂੰ ਕਾਲਜ ਵਿਚ ਪੜ੍ਹਦਿਆਂ ਹੀ ਲੱਗ ਗਈ ਸੀ... । ਫੇਰ ਪਰਵਾਸ ਦੀ ਸੰਘਰਸ਼ ਭਰੀ ਜ਼ਿੰਦਗੀ ਨੇ ਕੁਝ ਚਿਰ ਲਈ ਇਸ ਸ਼ੌਕ ਨੂੰ ਮੱਠਾ ਤਾਂ ਪਾ ਦਿੱਤਾ, ਪਰ ਖ਼ਤਮ ਨਹੀਂ ਕਰ ਸਕੀ...। ਆਪਣੀ ਪਲੇਠੀ ਪੁਸਤਕ ਨੂੰ ਪਾਠਕਾਂ ਦੇ ਹੱਥਾਂ ਤੱਕ ਪਹੁੰਚਾ ਕੇ ਉਸ ਨੇ ਮੱਠੀ ਰਫ਼ਤਾਰ ਨੂੰ ਕਿਤੇ ਪਿੱਛੇ ਛੱਡ ਦਿੱਤਾ ਹੈ। ਖ਼ੂਬਸੂਰਤ ਰੂਹ ਅਤੇ ਸੂਖ਼ਮ ਬਿਰਤੀ ਵਾਲਾ ਜਗਜੀਤ ਨੌਸ਼ਹਿਰਵੀ ਕਵਿਤਾ ਨੂੰ... ਅਤੇ ਕਵਿਤਾ ਉਸ ਨੂੰ ਸਮਰਪਿਤ ਹੈ!! ਉਸ ਦੇ ਖ਼ੁਦ ਦੇ ਸ਼ਬਦ ਵੀ ਇਹੀ ਕਹਿੰਦੇ ਨੇ..., "ਕਵਿਤਾ ਸਿਰਫ ਸੁਖਾਵੇਂ ਪਲਾਂ ਦੀ ਰੰਗੀਨੀ ਨਹੀਂ, ਬਲਕਿ ਦੁੱਖਾਂ ਦੀ ਕਾਲੀ ਰਾਤ ਨੂੰ ਰੌਸ਼ਨ ਕਰਨ ਵਾਲਾ ਦੀਵਾ ਹੈ। ਇਹ ਮੁਸ਼ਕਲਾਂ ਸਮੇਂ ਵਿਚ ਇੱਕ ਅਜਿਹਾ ਹਥਿਆਰ ਹੈ, ਜੋ ਇਨਸਾਨ ਨੂੰ ਹੌਂਸਲਾ ਦਿੰਦਾ ਹੈ।" ਜਗਜੀਤ ਦੀ ਲਿਖਣ ਸ਼ੈਲੀ ਵਿਚ ਡੂੰਘਾਈ ਹੈ, ਸੰਜੀਦਗੀ ਹੈ, ਸੰਵੇਦਨਸ਼ੀਲਤਾ ਹੈ, ਰਸ ਹੈ, ਧੀਰਜ ਹੈ, ਸਾਦਗੀ ਹੈ ਅਤੇ ਵੰਨਗੀ ਵੀ ਹੈ, ਜੋ ਸੁਹਿਰਦ ਪਾਠਕਾਂ ਦੇ ਦਿਲ ਵਿਚ ਉੱਤਰ ਜਾਂਦੀ ਹੈ। ਉਨ੍ਹਾਂ ਨੂੰ ਸ਼ਬਦਾਂ ਦੇ ਕਾਫ਼ਲੇ ਨਾਲ਼ ਨਾਲ਼ ਤੋਰੀ ਰੱਖਦੀ ਹੈ। ਇਹ ਖ਼ੂਬਸੂਰਤੀ... ਹਰ ਇੱਕ ਲੇਖਕ ਦੇ ਹਿੱਸੇ ਨਹੀਂ ਆਉਂਦੀ!

ਹਾਲ ਉਥਾਈਂ ਕਹੀਏ...

ਸ਼ੇਖ ਫ਼ਰੀਦ ਅਤੇ ਬਾਬਾ ਬੁੱਲੇ ਸ਼ਾਹ ਵਾਂਗ ਈ ਪੰਜਾਬੀ ਸੂਫ਼ੀ-ਕਾਵਿ ਪ੍ਰੰਪਰਾ ਦੇ ਤੀਸਰੇ ਥੰਮ੍ਹ ਸ਼ਾਹ ਹੁਸੈਨ ਦੀ ਕਾਫ਼ੀ "ਹਾਲ ਉਥਾਈਂ ਕਹੀਏ" ਦੇ ਨਾਲ਼ ਸ਼ੁਰੂ ਕੀਤੇ ਇਸ ਸੰਗ੍ਰਹਿ ਵਿਚ ਗ਼ਜ਼ਲ, ਕਵਿਤਾ ਅਤੇ ਗੀਤਾਂ ਦੇ ਰੰਗਾਂ ਦੀ ਵੰਨਗੀ ਹੈ। ਜਗਜੀਤ ਦੇ ਕੋਮਲ ਕਾਵਿ-ਦਿਲ ਵਿਚੋਂ ਉਪਜੀਆਂ ਇਨ੍ਹਾਂ ਲਿਖਤਾਂ ਵਿਚ ਜੀਵਨ ਅਤੇ ਸਮਾਜ ਦੇ ਤਾਣਿਆਂ-ਬਾਣਿਆਂ ਅਤੇ ਰੰਗਾਂ-ਤਰੰਗਾਂ




ਦੀਆਂ ਡੂੰਘੀਆਂ ਰਮਜ਼ਾਂ ਹਨ। ਮੈਨੂੰ ਅਕਸਰ ਇੰਜ ਵੀ ਲੱਗਦਾ ਹੁੰਦਾ ਹੈ ਕਿ ਗ਼ਜ਼ਲ ਜਾਂ ਕਵਿਤਾ ਦੇ ਚੰਦ ਕੁ ਸ਼ਬਦਾਂ ਵਿਚ ਐਡੀਆਂ ਵੱਡੀਆਂ ਅਤੇ ਡੂੰਘੀਆਂ ਗੱਲਾਂ ਬਿਆਨ ਕਰ ਜਾਣੀਆਂ... ਹਰੇਕ ਦੇ ਵੱਸ ਦੀ ਗੱਲ ਨਹੀਂ ਹੁੰਦੀ। ਸ਼ਾਇਦ, ਤਦ ਹੀ ਹਰ ਬੰਦਾ ਕਵੀ ਨਹੀਂ ਬਣ ਜਾਂਦਾ।

ਕੋਮਲ ਜਿਹੇ...
ਮਨ ਦੇ ਹੁੰਦੇ ਨੇ ਅਦੀਬ
ਜੋ ਸ਼ਬਦਾਂ ਵਿਚ ਮਾਣਕ ਪਰੋਂਦੇ ਰਹਿੰਦੇ ਨੇ!

29 ਗ਼ਜ਼ਲਾਂ, 30 ਕਵਿਤਾਵਾਂ ਅਤੇ 5 ਕੁ ਗੀਤਾਂ ਦੀ ਰੰਗਤ ਵਾਲਾ ਇਹ ਸੰਗ੍ਰਹਿ ਜਗਜੀਤ ਦੀ ਪ੍ਰਤਿਭਾ ਅਤੇ ਬਹੁਪੱਖੀ ਸ਼ਖ਼ਸੀਅਤ ਦਾ ਪ੍ਰਤੀਕ ਹੈ। ਉਹ ਪੁਸਤਕ ਦੀ ਸ਼ੁਰੂਆਤ ਇਨ੍ਹਾਂ ਖ਼ੂਬਸੂਰਤ ਅਤੇ ਸਕਾਰਾਤਮਕ ਲਾਈਨਾਂ ਨਾਲ ਕਰਦਾ ਹੈ...

ਲਈ ਫਿਰਦਾ ਹਾਂ ਖੰਭਾਂ ਹੇਠ ਮੈਂ ਇੱਕ ਪੰਡ ਚਾਨਣ ਦੀ,
ਮੈਂ ਲਿਖਣਾ ਲੋਚਦਾਂ ਫੁੱਲ-ਪੱਤਿਆਂ 'ਤੇ ਜਾਗਦੇ ਅੱਖਰ।

ਆਪਣੀ ਜਨਮ ਭੋਇੰ ਨੂੰ ਕੋਈ ਵੀ ਇਨਸਾਨ ਛੇਤੀ ਕੀਤਿਆਂ ਛੱਡਣਾ ਨਹੀਂ ਚਾਹੁੰਦਾ। ਪਰ ਕਈ ਵਾਰੀ ਨਾ ਚਾਹੁੰਦੇ ਹੋਏ ਵੀ ਮਨੁੱਖ ਪਰਵਾਸ ਦੀ 'ਦੂਹਰੀ ਜੂਨ' ਹੰਢਾਉਣ ਦੇ ਪੈਂਡਿਆਂ ਦਾ ਪਾਂਧੀ ਹੋ ਨਿਬੜਦਾ ਹੈ। ਰੂਹ ਦੇ ਅਹਿਸਾਸ ਖ਼ੁਦ-ਬ-ਖ਼ੁਦ ਗ਼ਜ਼ਲ ਬਣਦਿਆਂ ਇਸ ਤ੍ਰਾਸਦੀ ਨੂੰ ਬਿਆਨ ਕਰ ਜਾਂਦੇ ਨੇ...


ਵਤਨ ਛੱਡ ਕੇ ਕੀ ਆਏ ਹਾਂ, ਕਿ ਆਪਣੀ ਥਾਂ ਨਹੀਂ ਮਿਲਦੀ।
ਕੀ ਵਿਛੜੇ ਬੋਹੜ ਤੇ ਨਿੰਮਾਂ, ਕਿ ਮਿੱਠੜੀ ਛਾਂ ਨਹੀਂ ਮਿਲਦੀ।

ਕਵੀ ਅਤੇ ਕਵਿਤਾ ਦਾ ਆਪਸ ਵਿਚ ਗਹਿਰਾ ਅਤੇ ਅਨਿੱਖੜਵਾਂ ਸਬੰਧ ਹੁੰਦਾ ਹੈ। ਕਵਿਤਾ ਵਿਚ ਕਵੀ-ਮਨ ਦੇ ਵਲਵਲੇ ਮੋਤੀਆਂ ਵਰਗੇ ਲਫ਼ਜ਼ਾਂ ਵਿਚ ਪਰੋਏ ਹੁੰਦੇ ਨੇ...। ਅਲਫਾਜ਼ ਬੋਲਦੇ ਨੇ ਅਤੇ ਕਵੀ ਦੀ ਰੂਹ ਦਾ ਸੁਨੇਹਾ ਪਾਠਕ ਤੱਕ ਪਹੁੰਚਾਉਂਦੇ ਨੇ। ਜੇਕਰ ਮਨ ਦੇ ਵਲਵਲਿਆਂ ਅਤੇ ਸ਼ਬਦਾਂ ਦਾ ਸੰਗਮ ਨਹੀਂ ਹੁੰਦਾ... ਤਾਂ ਸੰਗੀਤ ਵੀ ਸ਼ੋਰ ਵਿਚ ਬਦਲ ਜਾਂਦਾ ਹੈ। ਸੰਗੀਤ ਮਨ ਨੂੰ ਸਕੂਨ ਦਿੰਦਾ ਹੈ, ਜਦਕਿ ਸ਼ੋਰ...ਸਿਰਫ਼ ਪ੍ਰਦੂਸ਼ਣ। ਜਗਜੀਤ ਨੌਸ਼ਹਿਰਵੀ ਦੀਆਂ ਸੰਵੇਦਨਸ਼ੀਲ ਸਤਰਾਂ ਤੋਂ ਤੁਸੀਂ ਉਸ ਦੇ ਮਨ ਦੀ ਗਹਿਰਾਈ ਦਾ ਅੰਦਾਜ਼ਾ ਸਹਿਜੇ ਈ ਲਗਾ ਸਕਦੇ ਹੋ...

ਗੀਤ ਨੇ ਮੇਰੇ ਪੁੱਤਰਾਂ ਵਰਗੇ, ਗ਼ਜ਼ਲਾਂ ਧੀਆਂ ਵਰਗੀਆਂ ਨੇ।
ਮੇਰੀਆਂ ਸਭ ਕਵਿਤਾਵਾਂ ਮੈਨੂੰ ਘਰ ਦੇ ਜੀਆਂ ਵਰਗੀਆਂ ਲੱਗਦੀਆਂ ਨੇ।

ਗੀਤ (ਪੁੱਤਰ), ਗ਼ਜ਼ਲ (ਧੀਆਂ) ਅਤੇ ਕਵਿਤਾਵਾਂ (ਘਰ ਦੇ ਜੀਅ) ਸ. ਜਗਜੀਤ ਦੀਆਂ ਇਹ ਮੁਹੱਬਤੀ ਲਾਈਨਾਂ ਮੈਨੂੰ ਓਸ ਦੀ ਅਥਾਹ ਸਿਰਜਣ ਸ਼ਕਤੀ ਬਾਰੇ ਸੋਚਣ ਲਈ ਮਜਬੂਰ ਵੀ ਕਰਦੀਆਂ ਹਨ!!

ਜ਼ਿੰਦਗੀ ਵੀ ਜ਼ਿੰਦਗੀ ਦੇ ਵੱਖ-ਵੱਖ ਰੰਗਾਂ ਦਾ ਸੰਗ੍ਰਹਿ ਹੈ। ਰਲ਼ਾ ਮਿਲ਼ਾ ਕੇ ਜ਼ਿੰਦਗੀ ਹੋਣੀ ਤਾਂ ਜਸ਼ਨ ਚਾਹੀਦੀ ਹੈ... ਪਰ ਉਤਰਾਅ ਤੋਂ ਬਗੈਰ ਚੜ੍ਹਾਅ, ਗ਼ਮੀ ਤੋਂ ਬਗੈਰ ਖ਼ੁਸ਼ੀ, ਰਾਤ ਤੋਂ ਬਗੈਰ ਦਿਨ ਜਾਂ ਫਿਰ ਪਤਝੜ ਤੋਂ ਬਗੈਰ ਬਹਾਰ ਦੀ ਕੀ ਅਹਿਮੀਅਤ?? ਕਵੀ-ਮਨ ਦਾ ਵੀ ਆਪਣਾ ਹੀ ਨਜ਼ਰੀਆ ਹੁੰਦਾ ਹੈ... । ਦੋਸਤੋ,... ਅਗਰ ਸੋਚੀਏ ਤਾਂ ਪਤਝੜ ਵੀ ਬਹਾਰ ਨਾਲੋਂ ਘੱਟ ਸੋਹਣੀ ਤਾਂ ਨਹੀਂ ਹੁੰਦੀ,...



ਪਤਝੜ ਵਿਚੋਂ ਭਲਕੇ ਵਾਪਸ ਆਉਣ ਵਾਲੀ ਬਹਾਰ ਦਿਖਾਈ ਦਿੰਦੀ ਹੈ। ਜ਼ਿੰਦਗੀ ਦੇ ਰੰਗ ਬਦਲਦੇ ਨੇ... ਅੱਜ ਹੋਰ... ਤੇ ਕੱਲ੍ਹ ਨੂੰ ਹੋਰ!

ਜਗਜੀਤ ਨੌਸ਼ਹਿਰਵੀ ਵੀ ਜ਼ਿੰਦਗੀ ਦੇ ਰੰਗਾਂ ਦੀਆਂ ਬਾਤਾਂ ਬਾਖ਼ੂਬੀ ਪਾਉਂਦਾ ਹੈ। ਉਸ ਦੇ ਖ਼ਿਆਲਾਂ ਅਤੇ ਅਹਿਸਾਸਾਂ ਦਾ 'ਬੋਹਲ਼' ਵੀ ਖਾਸਾ ਵੱਡਾ ਹੈ।

ਦੁਪਹਿਰਾਂ ਤਿੱਖੀਆਂ ਲੰਘਣ ਉਦਾਸੀ ਸ਼ਾਮ ਆਵੇ।
ਮਿਰੀ ਇਸ ਤੜਪਦੀ ਰੂਹ ਨੂੰ ਕਿਤੇ ਆਰਾਮ ਆਵੇ।
ਮੈਂ ਪੀਲੇ ਪੱਤ ਬਿਰਖਾਂ ਦੇ ਉਠਾਵਾਂ ਤੇ ਪੜ੍ਹਾਂ ਨਿਤ,
ਕਿਤੇ ਧਰਤੀ ਦੀ ਕੁੱਖੋਂ ਹੀ ਕੋਈ ਪੈਗ਼ਾਮ ਆਵੇ।

**ਇੰਨਾਂ ਖ਼ੂਬਸੂਰਤ ਲਾਈਨਾਂ ਨੂੰ ਵੀ ਪੜ੍ਹੋ...**

ਡਾਕੀਏ ਨੇ ਪਤਝੜਾਂ ਨੂੰ ਵੀ ਪੜ੍ਹਾਏ ਹੋਣਗੇ।
ਖ਼ਤ ਬਹਾਰਾਂ ਨੇ ਜੋ ਸਾਡੇ ਨਾਮ ਪਾਏ ਹੋਣਗੇ।

ਮੁਹੱਬਤ ਦੀਆਂ ਫਿਜ਼ਾਵਾਂ ਰੁਮਕਦੀਆਂ ਰਹਿਣੀਆਂ ਚਾਹੀਦੀਆਂ ਹਨ... ਜੋ ਜਿਉਂਦੇ ਜਾਗਦੇ ਇਨਸਾਨ ਦੀ ਜ਼ਮੀਰ ਅਤੇ ਇਨਸਾਨੀਅਤ ਦੀ ਨਿਸ਼ਾਨਦੇਹੀ ਕਰਦੀਆਂ ਹਨ। ਕਦੇ-ਕਦਾਈਂ ਬੰਦੇ ਦੀਆਂ ਆਪਹੁਦਰੀਆਂ ਅਤੇ ਖ਼ੁਦਗ਼ਰਜ਼ੀਆਂ ਹੈਵਾਨੀਅਤ ਦੇ ਝੱਖੜ ਝੁਲਾ ਦਿੰਦੀਆਂ ਨੇ... ਹਵਾਵਾਂ ਵਿਚ ਜ਼ਹਿਰਾਂ ਬਿਖਰਾ ਦਿੰਦੀਆਂ ਨੇ। ਪੰਜ-ਆਬਾਂ ਦੀ ਭੋਇੰ 'ਤੇ ਇਹ ਵਰਤਾਰਾ ਤ੍ਰਾਸਦੀ ਦਾ ਦੈਂਤ ਬਣ ਕੇ ਤੁਰਿਆ ਹੀ ਆਉਂਦਾ ਹੈ।

ਹਵਾ ਵਿਚ ਬਿਖਰੀਆਂ ਜ਼ਹਿਰਾਂ ਦਾ ਕੁਝ ਕਰਨਾ ਪਵੇਗਾ,
ਕਿ ਹਰ ਚਿਹਰਾ ਤੇ ਪੱਤਰ ਦਿਨ-ਬ-ਦਿਨ ਕੁਮਲਾ ਰਿਹਾ ਹੈ।

ਪਰਵਾਸ ਦਾ ਦਰਦ ਜਗਜੀਤ ਨੂੰ ਮੁੜ-ਮੁੜ ਸਤਾਉਂਦਾ ਹੈ, ਜਿਸ ਨੂੰ ਪੜ੍ਹਦਿਆਂ ਪਾਠਕ ਭਲੀ ਭਾਂਤ ਮਹਿਸੂਸ ਵੀ ਕਰਦਾ ਹੈ। ਕਦੇ ਇੰਜ ਵੀ ਮਹਿਸੂਸ ਹੁੰਦਾ ਹੈ, ਜਿਵੇਂ ਨੌਸ਼ਹਿਰਵੀ ਮੇਰੀ ਜਾਂ ਮੇਰੇ ਵਰਗੇ ਪਰਵਾਸੀ ਬਾਸ਼ਿੰਦਿਆਂ ਦੀ ਹੀ ਬਾਤ ਪਾ ਰਿਹਾ ਹੋਵੇ... ਜੋ ਦਹਾਕਿਆਂ ਤੋਂ ਮਨਾਂ ਵਿਚ ਚਮਕਦੇ ਸੂਰਜਾਂ ਦੀ ਤਾਂਘ ਲੈ ਕੇ ਪ੍ਰਵਾਸ ਦੀ ਪਰਵਾਜ਼ ਭਰ ਆਏ ਸਨ...

ਘਰੋਂ ਨਿਕਲੇ ਸਾਂ ਮਨ ਵਿਚ ਸੂਰਜਾਂ ਦੀ ਤਾਂਘ ਲੈ ਕੇ।
ਘਰਾਂ 'ਚੋਂ ਬੁਝ ਗਏ ਦੀਵੇ ਵੀ ਸਾਡੇ ਮੁੜਦੇ ਮੁੜਦੇ।
ਪਰਦੇਸਾਂ ਵਿਚ ਖਿੰਡ ਗਿਆ ਹਾਂ ਤੂੰਬਾ ਤੂੰਬਾਂ ਹੋ ਕੇ,
ਕਹਿਣਾ ਉਸਨੂੰ ਨਾਂ ਮੇਰੇ ਦੀ ਪੂਣੀ ਨਾ ਹੁਣ ਕੱਤੇ।
ਨਾ ਮੇਲਾ ਨਾ ਮੱਸਿਆ ਕੋਈ, ਨਾ ਹੀ 'ਕੱਠ ਨਾ ਲੋਹੜੀ,
ਵਾਂਗ ਪਰਾਇਆਂ ਲੰਘ ਜਾਂਦੇ ਨੇ ਦਿਨ ਸੱਤੇ ਦੇ ਸੱਤੇ।

**ਪਰਦੇਸੀ ਜ਼ਿੰਦਗੀ ਦਾ ਇੱਕ ਹੋਰ ਰੰਗ...**

ਪਰਦੇਸੀ ਅਸੀਂ ਉੱਡਣ ਹਾਰੇ,
ਅੱਜ ਐਥੇ, ਕੱਲ੍ਹ ਹੋਰੇ।
ਵਤਨ ਮਾਹੀ ਦਾ ਪਿੱਛੇ ਰਹਿਆ,
ਫਿਰ ਕਦ ਮਿਲਸੀ ਖ਼ੌਰੇ।

ਸ਼ਬਦ, ਮਾਂ-ਬੋਲੀ ਜਾਂ ਜ਼ੁਬਾਨ ਤੋਂ ਬਗੈਰ ਸਾਡਾ ਜੀਵਨ ਭਲਾ ਕਿਹੋ ਜਿਹਾ ਹੁੰਦਾ? ਸ਼ਬਦਾਂ ਵਿਚ ਬੜੀ ਤਾਕਤ ਹੁੰਦੀ ਹੈ। ਸ਼ਬਦਾਂ ਤੋਂ ਬਿਨਾ ਇਨਸਾਨ ਜਿਉਂਦਾ ਵੀ ਮਰਿਆਂ ਵਰਗਾ ਈ ਤਾਂ ਹੰਦਾ ਹੈ। ਸੁਪਨੇ ਅਤੇ ਸ਼ਬਦ ਕਦੇ ਮਰਨੇ ਨਹੀਂ ਚਾਹੀਦੇ। ਸ਼ਬਦ ਹੀ ਨਾ ਰਹੇ.. ਤਾਂ ਮਨ ਦੇ ਅਹਿਸਾਸਾਂ, ਵਲਵਲਿਆਂ ਤੇ ਖ਼ਿਆਲਾਂ ਦਾ ਕੀ ਬਣੇਗਾ? ਕੰਨਾਂ ਤੋਂ ਬਗੈਰ ਰਾਗ ਤੇ ਸੰਗੀਤ ਕਿਵੇਂ ਲੱਗੇਗਾ? ਸੁਖ਼ਨਵਰ ਸ਼ਬਦਾਂ ਵਿਚ ਜਿਉਂਦੇ ਰਹਿੰਦੇ ਹਨ... ਬਹੁਤ ਦੇਰ ਮਰਨ ਤੋਂ ਬਾਅਦ ਵੀ। ਨੌਸ਼ਹਿਰਵੀ ਦੀ ਵੀ ਇਹੀ ਸ਼ਬਦ-ਦੁਆ ਹੈ... ਸ਼ਬਦਾਂ ਦਾ ਦਰਿਆ ਹਮੇਸ਼ਾ ਵਹਿੰਦਾ ਰਹਿਣਾ ਚਾਹੀਦਾ ਹੈ।

ਸ਼ਬਦਾਂ ਦੀ ਤੇਰੇ ਕਿਣ-ਮਿਣ ਹੋਵੇ
ਦਿਹੁੰ ਰਾਤੀਂ ਹਰ ਰੁੱਤੇ
ਸ਼ਬਦਾਂ ਵਿਚ ਤਾਂ ਉਹ ਵੀ ਜੀਵਣ
ਜੋ ਕਬਰਾਂ ਵਿਚ ਸੁੱਤੇ

ਸੱਤ ਸਮੁੰਦਰੋਂ ਪਾਰ ਬੈਠੇ ਹਰ ਪੰਜਾਬੀ ਵਾਂਗ ਰਾਵੀ ਜਗਜੀਤ ਦੇ ਧੁਰ ਰੂਹ ਅੰਦਰ ਵਹਿ ਰਿਹਾ ਹੈ। ਪੰਜ-ਆਬਾਂ ਦੇ ਹਰ ਇੱਕ ਆਬ ਦੀ ਭਾਵੇ ਆਪਣੀ ਅਹਿਮੀਅਤ ਹੈ, ਪਰ ਫਿਰ ਵੀ ਰਾਵੀ ਨਾਲ ਅਲੱਗ ਹੀ ਮੁਹੱਬਤੀ ਰਿਸ਼ਤੇ ਨੇ...

ਇਸ ਰਾਵੀ ਮੇਰਾ ਨਾਨਕ ਸੁੱਤਾ,
ਇਸ ਰਾਵੀ ਮੇਰਾ ਅਰਜੁਨ ਰਮਿਆ,
ਇਸ ਦੇ ਤਲਿਓਂ
ਆਉਣ ਅਵਾਜ਼ਾਂ,
ਗਾਵੇ ਸ਼ਾਹ ਹੁਸੈਨਾ।

ਸ਼ਹਿਜ਼ਾਦਾ ਦਲੀਪ ਸਿੰਘ ਦਾ ਜੀਵਨ ਪੰਜਾਬੀਆਂ ਨੂੰ ਉਦਾਸ ਕਰ ਜਾਂਦਾ ਹੈ। ਉਨ੍ਹਾਂ ਨੂੰ ਇੰਜ ਮਹਿਸੂਸ ਹੁੰਦਾਸ਼ ਜਿਵੇਂ ਉਨ੍ਹਾਂ ਦਾ ਖ਼ੁਦ ਦਾ ਮਾਸੂਮ ਜਿਹਾ ਬਾਲ ਕੋਈ ਦਰਿੰਦਾ ਪਰਿੰਦਾ ਕਿਤੇ ਦੂਰ ਅਤੇ ਅਣਜਾਣ ਦੁਨੀਆਂ ਵਿਚ ਖਿੱਚ ਧੂਹ ਕੇ ਲੈ ਗਿਆ ਹੋਵੇ। ਨਿੱਕੇ ਤੇ ਮਾਸੂਮ ਬਾਲ ਨੂੰ ਜੋ ਕਿਸੇ ਨੇ ਬਣਾ ਦਿੱਤਾ... ਉਹੀ ਬਣ ਗਿਆ... ਪਰ ਫਿਰ ਵੀ

ਪੰਜਾਬ ਹਮੇਸ਼ਾ ਉਡੀਕਦਾ ਰਿਹਾ
ਦਲੀਪ ਸਿੰਘ ਨੂੰ
ਦਲੀਪ ਸਿੰਘ ਨੂੰ
ਪੰਜਾਬ ਉਡੀਕਦਾ ਰਹੇਗਾ
ਚਿਰ ਤੀਕ

ਬੁੱਧ ਕਵਿਤਾ ਵਿੱਚ... ਜਗਜੀਤ ਨੇ ਇੱਕ ਨਿਵੇਕਲਾ ਪੱਖ ਬੜੇ ਖ਼ੂਬਸੂਰਤ ਅੰਦਾਜ਼ ਵਿਚ ਉਭਾਰਿਆ ਹੈ ਅਤੇ ਸਾਨੂੰ ਇਹ ਵੀ ਯਾਦ ਕਰਾਇਆ ਹੈ ਕਿ ਕਿਰਸ ਨੂੰ ਤਿਆਗਣਾ ਮੁਸ਼ਕਲ ਹੀ ਨਹੀਂ... ਨਾਮੁਮਕਿਨ ਵੀ ਹੈ।

ਬੁੱਧ ਤਾਂ ਇਹ ਹਨ
ਜੋ ਹਰ ਰੋਜ਼
ਹਨੇਰੀ ਸਵੇਰ 'ਚ
ਬੀਵੀ ਬੱਚਿਆਂ ਨੂੰ
ਸੁੱਤਿਆਂ ਛੱਡ
ਉਨ੍ਹਾਂ ਲਈ ਚੋਗ ਚੁਗਨ
ਘਰੋਂ ਨਿਕਲਦੇ ਹਨ
ਤੇ ਹਰ ਸ਼ਾਮ
ਹੋਰ ਨਿੱਕੇ ਹੋ
ਘਰ ਪਰਤਦੇ ਹਨ

ਪਲ ਪਲ ਦੀ ਜ਼ਿੰਦਗੀ ਵਿਚ ਇੱਕ ਪਲ ਤੋਂ ਜ਼ਿਆਦਾ ਸਾਡੇ ਪੱਲੇ ਨਹੀਂ ਹੈ!

ਗੁਰਬਾਣੀ ਵੀ ਇਹ ਕਹਿ ਰਹੀ ਹੈ...

ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥

ਪਰ ਬਹੁਤੀ ਵਾਰੀ ਅਸੀਂ ਆਪਣੇ ਅਤੀਤ ਅਤੇ ਆਉਣ ਵਾਲੇ ਵਕਤ ਬਾਰੇ ਸੋਚਦੇ ਉਦਾਸ ਰਹਿੰਦੇ ਹਾਂ, ਜਿਸ ਨਾਲ ਖ਼ੁਸ਼ੀ ਦੀ ਤਾਂ ਕੋਈ ਆਸ ਨਹੀਂ ਕਰ ਸਕਦੇ, ਪਰ ਬਹੁਤੀ ਵਾਰੀ ਦੁੱਖ ਦੇ ਕਾਫ਼ਲੇ ਜ਼ਰੂਰ ਆ ਜਾਂਦੇ ਨੇ। ਨੌਸ਼ਹਿਰਵੀ ਵੀ 'ਏਸੇ ਪਲ' ਨੂੰ ਜੀਵਣ ਅਤੇ ਮਾਣਨ ਦੀ ਬਾਤ ਪਾ ਰਿਹਾ ਹੈ...

ਆ ਇਸ ਪਲ ਨੂੰ
ਏਸੇ ਪਲ ਹੰਢਾਈਏ
ਆਉਣ ਵਾਲੇ ਕਿਸੇ ਪਲ ਦੀ ਖ਼ਾਤਰ
ਇਹ ਨਾ ਬਲੀ ਚੜ੍ਹਾਈਏ

ਦੁੱਲਾ ਭੱਟੀ ਵਾਕਿਆ ਈ ਸਿਰਫ਼ ਇੱਕ ਬੰਦੇ ਦਾ ਨਾਮ ਨਹੀਂ... ਬਲਕਿ ਇਹ ਤਾਂ ਇੱਕ ਸੋਚ ਹੈ, ਲਹਿਰ ਹੈ, ਅਜਬ ਸ਼ੈਅ ਹੈ, ਜੋ ਪੰਜ-ਆਬੀਆਂ ਨੂੰ ਬਹਾਦਰੀ ਅਤੇ ਸਵੈਮਾਣ ਵਾਲੀ ਜੀਵਨ ਜਾਚ ਲਈ ਪ੍ਰੇਰਿਤ ਕਰਦੀ ਰਹਿੰਦੀ ਹੈ। ਜ਼ੁਲਮ ਅਤੇ ਬੇਇਨਸਾਫ਼ੀ ਖਿਲਾਫ਼ ਸੀਨਾ ਤਾਨਣ ਲਈ ਵੰਗਾਰਦੀ ਰਹਿੰਦੀ ਹੈ। ਇਹ ਪੰਜਾਬ ਦੀ ਮਿੱਟੀ ਦੇ ਕਣ-ਕਣ ਵਿਚ ਮੌਜੂਦ ਹੈ...

ਇਹ ਦੁੱਲਾ ਸਿਰਫ਼ ਕਿਸੇ ਬੰਦੇ ਦਾ ਨਾਂ ਨਹੀਂ
ਇਹ ਤਾਂ ਕੋਈ ਅਜਬ ਹੀ ਸ਼ੈਅ ਹੈ
ਜਿਹੜੀ, ਥੋੜ੍ਹੀ ਬਹੁਤੀ
ਸਾਡੇ ਸੱਭ ਦੇ ਅੰਦਰ ਵੱਸਦੀ ਹੈ

ਅਜੀਬ ਜਿਹੀ ਦੌੜ ਭੱਜ ਹੈ ਸਾਡੇ ਜੀਵਨ ਵਿਚ ਜੋ ਖ਼ੁਦ ਨੂੰ ਖ਼ੁਦ ਨਾਲ ਬੈਠਣ ਹੀ ਨਹੀਂ ਦਿੰਦੀ। ਜਦ ਕਦੇ ਟਾਇਮ ਮਿਲਿਆ ਤਾਂ... ਜ਼ਰਾ ਸੋਚਿਓ ਕਿ ਤੁਸਾਂ ਖ਼ੁਦ ਨਾਲ਼ ਕਦੋਂ ਕੁ ਗੁਫ਼ਤਗੂ ਕੀਤੀ ਸੀ? ਕਦੋਂ ਖ਼ੁਦ ਦੇ ਅੰਦਰ ਝਾਕਿਆ ਸੀ?? ਜਗਜੀਤ ਨੌਸ਼ਹਿਰਵੀ ਆਪਣੇ ਆਪ ਨਾਲ਼ ਕੁਝ ਪਲ ਨਿਹਾਰ ਰਿਹਾ ਹੈ...

ਚੀਰ ਕੇ ਦੀਵਾਰ ਸਮੇਂ ਦੀ
ਆਪਣੇ ਆਪ ਨਾਲ਼
ਕਰਾਂ ਮੈਂ ਗੱਲਾਂ
ਉਦਾਸ ਪਲਾਂ ਵਿਚ ਹੀ
ਪਹੁੰਚ ਹੁੰਦਾ ਹੈ
ਆਪਣੇ ਆਪ ਤੀਕਰ

ਗ਼ਦਰੀ ਬਾਬਿਆਂ ਦੀ ਲਾਸਾਨੀ ਕੁਰਬਾਨੀ ਨੂੰ ਕੌਣ ਭੁਲਾ ਸਕਦਾ ਹੈ?

ਉਹ ਵੀ ਕਦੇ ਗ਼ਦਰੀ ਬਾਬਿਆਂ ਦੀ ਗੜ੍ਹ ਰਹਿ ਚੁੱਕੀ ਭੋਇੰ 'ਤੇ ਵਿਚਰਦਿਆਂ ਅਤੇ ਰੁਮਕਦੀਆਂ ਫਿਜ਼ਾਵਾਂ ਨਾਲ ਗਲਵੱਕੜੀਆਂ ਪਾਉਂਦਿਆਂ? ਗ਼ਦਰੀਆਂ ਦੀ ਕਤਾਰ ਵਿਚੋਂ ਸੋਹਣ ਸਿੰਘ ਭਕਨਾ, ਵਿਸਾਖਾ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਬੀਬੀ ਗੁਲਾਬ ਕੌਰ ਨੂੰ ਵੀ ਯਾਦਾਂ ਵਿਚ ਸੰਭਾਲੀ ਬੈਠੇ ਹੋਣਗੇ। ਭਾਵੇਂ ਇਤਿਹਾਸ ਵੀ ਕਈ ਵਾਰੀ 'ਭੰਬਲ਼ਭੂਸੇ' ਜਿਹੇ ਪਾ ਜਾਂਦਾ ਹੈ, ਪਰ ਗ਼ਦਰੀਆਂ ਦੀ ਘਾਲਣਾ, ਕੁਰਬਾਨੀ ਅਤੇ ਜਜ਼ਬਿਆਂ ਨੂੰ ਕਦੇ ਨਹੀਂ ਵਿਸਾਰਨਾ ਚਾਹੀਦਾ। ਉਨ੍ਹਾਂ ਨੇ ਧਰਮ, ਜਾਤ, ਨਸਲ ਵਗੈਰਾ ਤੋਂ ਉੱਪਰ ਉੱਠ ਕੇ ਜ਼ੁਲਮ ਅਤੇ ਜਬਰ ਵਿਰੁੱਧ ਲੜਦਿਆਂ ਇਨਸਾਨੀਅਤ ਦਾ ਫਰਜ਼ ਨਿਭਾਇਆ...

ਸਰਾਭੇ ਦਾ ਸ਼ਹਿਰ... ਕਵਿਤਾ ਵਿਚ ਜਗਜੀਤ ਕਰਤਾਰ ਸਿੰਘ ਸਰਾਭੇ ਨੂੰ ਸਿਰਫ਼ ਯਾਦ ਹੀ ਨਹੀਂ ਕਰਦਾ, ਬਲਕਿ, ਮਹਿਸੂਸ ਵੀ ਕਰਦਾ ਹੈ!

ਮੈਂ ਸਰਾਭੇ ਦੀ ਛਾਪਾ ਮਸ਼ੀਨ ਕੋਲ ਜਾ ਖਲੋਨਾ
ਲੀਵਰ ਦੇ ਹੈਂਡਲ ਨੂੰ ਪਲੋਸਦਾਂ
ਲੋਹੇ ਦੀ ਮੁੱਠੀ ਹਾਲੇ ਵੀ ਗਰਮ ਏ
ਜਿਵੇਂ ਹੁਣੇ ਠੱਪ ਠੱਪ
ਗ਼ਦਰ ਦਾ ਪਰਚਾ ਛਪ ਕੇ ਹਟਿਆ ਹੋਵੇ

ਜਗਜੀਤ ਬੜਾ ਡੂੰਘਾ ਅਤੇ ਸੰਵੇਦਨਸ਼ੀਲ ਸ਼ਾਇਰ ਹੈ। ਉਸ ਦੀਆਂ ਸਾਦਗੀ ਭਰੀਆਂ ਲਾਈਨਾਂ ਵੀ ਕਈ ਕੁਝ ਬੋਲ ਜਾਂਦੀਆਂ ਨੇ... ਕੁਝ ਕੁ ਅਲੌਕਿਕ ਜਿਹਾ ਵੀ...!

ਮੇਰੇ ਤੋਂ ਤਾਂ ਪੰਛੀ ਚੰਗੇ, ਬੰਨ੍ਹ ਬੰਨ੍ਹ ਉੱਡਦੇ ਡਾਰਾਂ।
ਪ੍ਰਦੇਸਾਂ ਵਿਚ 'ਕੱਲਾ ਹਾਂ ਮੈਂ ਬਿਨ ਵੀਰਾਂ ਬਿਨ ਯਾਰਾਂ।
ਗੀਤ ਉਹੀ ਹੈ ਚੰਗਾ ਜਿਹਦੇ ਮੇਚ ਨਾ ਆਵੇ ਹਾਣ।
ਤੁਰ ਜੇ ਸ਼ਾਇਰ ਲਿਖਦਾ ਲਿਖਦਾ ਮਗਰੋਂ ਲੋਕੀਂ ਗਾਣ।

ਜਗਜੀਤ ਨੌਸ਼ਹਿਰਵੀ ਦੀ ਇਹ ਪੁਸਤਕ ਮੈਨੂੰ ਪਲੇਠੀ ਜਾਪੀ ਹੀ ਨਹੀਂ। ਇੰਜ ਮਹਿਸੂਸ ਹੋਇਆ... ਜਿਵੇਂ ਕਿਸੇ 'ਹੰਢੇ ਹੋਏ ਅਦੀਬ' ਦੀ ਰਚਨਾ ਹੋਵੇ। ਸ਼ਾਇਦ ਇਹ ਨੌਸ਼ਹਿਰਵੀ ਦੀ ਸਹਿਜਤਾ ਅਤੇ ਡੂੰਘੀ ਸ਼ਾਇਰੀ ਦਾ ਕ੍ਰਿਸ਼ਮਾ ਹੈ। ਪੁਸਤਕ ਨੂੰ ਪੜ੍ਹਦਿਆਂ ਅਤੇ ਪੜ੍ਹ ਕੇ ਮਾਣਦਿਆਂ ਇਹ ਇੱਕ ਸ਼ਾਹਕਾਰ ਰਚਨਾ ਹੋ ਨਿਬੜੀ। ਹੋਰ ਵੀ ਬਹੁਤ ਕੁਝ ਲਿਖਿਆ ਜਾ ਸਕਦਾ ਹੈ... ਪਰ ਮੇਰੀ ਜਾਚੇ ਸਾਹਿਤ ਪ੍ਰੇਮੀਆਂ ਨੂੰ ਇਹ ਪੁਸਤਕ ਜ਼ਰੂਰ ਆਪ ਪੜ੍ਹਨੀ ਚਾਹੀਦੀ ਹੈ। ਮੇਰੀ ਵੱਲੋਂ ਜਗਜੀਤ ਨੂੰ ਬਹੁਤ ਬਹੁਤ ਮੁਬਾਰਕਾਂ ਅਤੇ ਉਸ ਦੇ ਅਗਲੇ ਤੇ ਅਗਲੇਰੇ ਸਾਹਿਤਕ ਸਫ਼ਰ ਲਈ ਸ਼ੁੱਭ ਕਾਮਨਾਵਾਂ ਵੀ!!

**ਜ਼ਿੰਦਗੀ ਜ਼ਿੰਦਾਬਾਦ।**

## 15 ਅਗਸਤ ਨੂੰ ਸਮਰਪਿਤ

# ਦੱਸ ਨੀ ਤੂੰ ਦਿੱਲੀਏ ਤੇਰਾ ਸਿੱਖਾਂ ਨਾਲ ਕੀ ਵੈਰ ਨੀਂ ?

ਦੱਸ ਨੀ ਤੂੰ ਦਿੱਲੀਏ ਤੇਰਾ ਸਿੱਖਾਂ ਨਾਲ ਕੀ ਵੈਰ ਨੀਂ ?
ਤੂੰ ਦੱਸ ਕਦੋਂ ਸਿੱਖਾਂ ਨਾਲ ਕੀਤਾ ਨਹੀਂ ਕਹਿਰ ਤੂੰ
ਤੂੰ ਸਦਾ ਮੁੱਢ ਕਦੀਮ ਤੋਂ ਸਿੱਖਾਂ ਨਾਲ ਧਰੋਹ ਤੇ ਵਿਤਕਰਾ ਕੀਤਾ
ਕਦੀ ਤੂੰ ਸਾਡੇ ਗੁਰੂਆਂ ਨੂੰ ਤੱਤੀਆਂ ਤਵੀਆਂ 'ਤੇ ਬਿਠਾਇਆ।
ਦੇਗਾਂ ਵਿਚ ਉਬਾਲਿਆ ਉੱਤੇ ਤੱਤਾ ਰੇਤਾ ਤੂੰ ਪਾਇਆ।
ਦੱਸ ਨੀ ਤੂੰ ਦਿੱਲੀਏ ਸਿੱਖਾਂ ਨਾਲ ਕਿਹੜੇ-ਕਿਹੜੇ ਕਮਾਏ ਨਹੀਂ ਵੈਰ ਤੂੰ ?
ਦੱਸ ਨੀਂ ਤੂੰ ਦਿੱਲੀਏ ਉਹ ਕਿਹੜਾ ਕੰਮ ਨਹੀਂ ਕੀਤਾ,
ਤੂੰ ਜਿਸ ਨਾਲ ਆਪਣਾ ਮੂੰਹ ਕਾਲਾ ਨਹੀਂ ਕੀਤਾ।
ਸਾਡੇ ਗੁਰੂ ਜੀ ਨੂੰ ਹਿੰਦ ਦੀ ਚਾਦਰ ਨੂੰ,
ਚਾਂਦਨੀ ਚੌਕ ਵਿਚ ਸ਼ਹੀਦ ਕੀਤਾ।
ਇੱਥੇ ਹੀ ਬੱਸ ਨਹੀਂ, ਸਾਡੇ ਗੁਰੂ ਜੀ ਦੇ ਬੱਚਿਆਂ ਨੂੰ ਨੀਹਾਂ ਵਿਚ ਚਿਣਿਆ।
ਦੱਸ ਨੀ ਤੂੰ ਦਿੱਲੀਏ ਤੇਰਾ ਸਿੱਖਾਂ ਨਾਲ ਕੀ ਵੈਰ ਨੀਂ ?
ਚੌਰਾਸੀ ਵਿਚ ਜਿਹੜਾ ਤੈਂ ਸਿੱਖਾਂ 'ਤੇ ਜ਼ੁਲਮ ਢਾਹਿਆ,
ਉਹ ਅਕਹਿ ਤੇ ਅਸਹਿ ਇਤਿਹਾਸ ਵਿਚ
ਸਿੱਖਾਂ ਨਾਲ ਹੋਏ ਜ਼ੁਲਮਾਂ ਦੀ ਹੱਦ ਪਾਰ ਕਰ ਗਿਆ।
ਪ੍ਰਸ਼ਨ ਠੀਕ ਗਲਤ ਦਾ ਨਹੀਂ,
ਪ੍ਰਸ਼ਨ ਤੇਰੇ ਵਹਿਸ਼ੀ ਤਰੀਕੇ ਨਾਲ ਕੀਤੇ ਜ਼ੁਲਮਾਂ ਦਾ ਹੈ।
ਇਹ ਕੰਮ ਨਹੀਂ ਸੀ ਬੰਦਿਆਂ ਦਾ,
ਇਹ ਕਾਰਾ ਸੀ ਜ਼ਾਲਮ, ਵਹਿਸ਼ੀ ਤੇ ਪਸ਼ੂ
ਪ੍ਰਵਿਰਤੀ ਰੱਖਣ ਵਾਲੇ ਲੋਕਾਂ ਦਾ।
ਦੱਸ ਨੀ ਤੂੰ ਦਿੱਲੀਏ ਤੇਰਾ ਸਿੱਖਾਂ ਨਾਲ ਕੀ ਵੈਰ ਨੀਂ ?
ਅਨਿਆਂ ਤੂੰ ਕਦੋਂ ਨਹੀਂ ਕੀਤਾ ਜ਼ੁਲਮ ਤੇ ਵਿਤਕਰਾ ਸਿੱਖਾਂ ਨਾਲ,
ਤੂੰ ਸਾਰੇ ਪ੍ਰਾਂਤਾਂ ਦੀ ਕੀਤੀ ਵੰਡ ਬੋਲੀ ਦੇ ਆਧਾਰ 'ਤੇ,
ਪਰ ਪਤਾ ਨਹੀਂ ਤੈਨੂੰ ਕੀ ਸੱਪ ਲੜਿਆ,
ਪੰਜਾਬੀ ਸੂਬਾ ਬਣਾਉਣ ਲਈ।
ਪੰਜਾਬੀਆਂ ਨੂੰ ਇਸ ਦੇ ਲਈ ਘਾਲਣਾ ਘਾਲਣੀਆਂ ਪਈਆਂ
ਤੇ ਫੇਰੂਮਾਨ ਵਰਗਿਆਂ ਨੂੰ ਸ਼ਹੀਦੀਆਂ ਪਾਉਣੀਆਂ ਪਈਆਂ,
ਦੱਸ ਨੀ ਤੂੰ ਦਿੱਲੀਏ ਸਿੱਖਾਂ ਨੂੰ ਸੁਤੰਤਰਤਾ ਦਾ ਕੀ ਲਾਭ ਹੋਇਆ ?



ਮਾਸਟਰ ਨਿਰਮਲ ਸਿੰਘ ਲਾਲੀ,
ਯੂਬਾ ਸਿਟੀ
530-777-0955

ਪੰਜਾਬ ਮੇਲ USA

## "ਆ ਗਿਆ ਸ਼ੂਗਰ"

ਪਤਾ ਨਹੀਂ ਕਿਧਰੋਂ ਆ ਗਿਆ ਸ਼ੂਗਰ
ਚਿੰਤਾ ਦੇ ਵਿਚ ਪਾ ਗਿਆ ਸ਼ੂਗਰ
ਨਾਲ ਬਿਮਾਰੀਆਂ ਹੋਰ ਲਿਆਇਆ
ਰੋਗ ਉਮਰ ਦੇ ਲਾ ਗਿਆ ਸ਼ੂਗਰ
ਦਿਲ ਦੀਆਂ ਨਾੜਾਂ ਬਲੌਕ ਕਰਤੀਆਂ
ਬਾਈਪਾਸ ਕਰਵਾ ਗਿਆ ਸ਼ੂਗਰ
ਗੋਡੇ ਮੋਢੇ ਜਾਮ ਨੇ ਹੋਏ
ਜ਼ਿੰਦਗੀ ਜਾਮ ਕਰਾ ਗਿਆ ਸ਼ੂਗਰ
ਅੱਖਾਂ ਦੀ ਵੀ ਘਟੀ ਰੋਸ਼ਨੀ
ਐਨਕ ਵੀ ਲਗਵਾ ਗਿਆ ਸ਼ੂਗਰ
ਵੀਕ ਨੈਸ ਨਾਲ ਪੈਂਦੀਆਂ ਚੀਸਾਂ
ਕੈਸਟਰੋਲ ਵਧਾ ਗਿਆ ਸ਼ੂਗਰ
ਪੇਟ 'ਚ ਟੀਕੇ ਲਾ ਲਾ ਹੰਭੇ
ਲੱਖਾਂ ਗੋਲੀਆਂ ਖਾ ਗਿਆ ਸ਼ੂਗਰ
ਬਰਫ਼ੀ ਜਾਮਣ ਰਸਗੁੱਲਿਆਂ ਨੂੰ
ਸਾਡੇ ਕੋਲੋਂ ਚੁਰਾ ਗਿਆ ਸ਼ੂਗਰ
ਫਿੱਕੀ ਚਾਹ ਪੀ ਪੀ ਕੇ ਅੱਕ ਗਏ
ਮਿੱਠਾ ਬੰਦ ਕਰਾ ਗਿਆ ਸ਼ੂਗਰ
ਜੇਬਾਂ ਗੀਝੇ ਕਰਕੇ ਖਾਲੀ
ਠੂਠਾ ਹੱਥ ਫੜਾ ਗਿਆ ਸ਼ੂਗਰ
ਨਾਲ ਦਵਾਈਆਂ ਭਰੇ ਨੇ ਬਕਸੇ
ਹਸਪਤਾਲ ਪਹੁੰਚਾ ਗਿਆ ਸ਼ੂਗਰ
ਇਲਾਜ ਨਾਲੋਂ ਪ੍ਰਹੇਜ਼ ਹੈ ਚੰਗਾ
ਕੰਨ ਦੇ ਵਿਚ ਸੁਣਾ ਗਿਆ ਸ਼ੂਗਰ
ਭੱਠਲਾਂ ਵਾਲਿਓ ਬਚਕੇ ਰਹਿਣਾ
ਮਲਕੀਤ ਦੇ ਸਟੰਟ ਪਵਾ ਗਿਆ ਸ਼ੂਗਰ।



ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 94174-90943

ਪੰਜਾਬ ਮੇਲ USA

## ਬਦਕਿਸਮਤ ਪੰਜਾਬ

ਤਾਰਾ ਡੁੱਬਿਆ ਸੀ ਉਸ ਦਿਨ, ਗਦਾਰਾਂ ਚੰਨ ਚੜ੍ਹਾਏ,
ਖੇਰੂੰ ਖੇਰੂੰ ਕੀਤਾ ਰਾਜ ਆਪਣਾ, ਤੇ ਗੋਰੇ ਸੱਦ ਬੁਲਾਏ।
ਡੋਗਰੇ ਗਦਾਰਾਂ ਨੇ ਸਾਜ਼ਿਸ਼, ਕੀਤੀ ਸੀ ਸਮਝੀ ਸੋਚੀ,
ਲਾਲਚ-ਖੁਦਗਰਜ਼ੀ 'ਕੱਠੇ ਦੋਵੇਂ, ਰਲ਼ ਕੇ ਫੱਟੀ ਪੋਚੀ।

ਦੋ ਭਰਾਵਾਂ ਵਿਚ ਝਿੰਗ ਫਸੀ, ਲਾ ਕੇ ਧਰਮਾਂ ਦੇ ਪੱਜ,
ਬਿੱਲੀਆਂ ਦੀ ਲੜਾਈ ਵਿਚ, ਬੈਠੇ ਗੋਰੇ ਬਣਕੇ ਜੱਜ।
ਇੱਕ ਦੂਜੇ ਦੇ ਖ਼ੂਨ ਦੇ ਪਿਆਸੇ, ਡਾਂਗੋ ਡਾਂਗੀ ਫਿਰਦੇ,
ਪਾਟੀ ਹਿੱਕ ਪੰਜਾਬ ਦੀ ਜਦੋਂ, ਪੈ ਗਈ ਸੀ ਨੱਠ ਭੱਜ।

ਇੱਕੋ ਧਰਤੀ ਮਾਂ ਦੇ ਪੁੱਤਰ, ਲੜ ਲੜ ਕੇ ਵੱਖ ਹੋਏ ਸੀ,
ਘਰ ਬਣਾ ਕੇ ਚੜ੍ਹਦੇ ਲਹਿੰਦੇ, ਹੁਬਕੀਂ ਹੁਬਕੀਂ ਰੋਏ ਸੀ।
ਤੁਰਨਾ ਪੈ ਗਿਆ ਖਾਲੀ ਹੱਥੀਂ, ਸੀ ਦੌਲਤਖਾਨੇ ਛੱਡਕੇ,
ਸੁੱਤੇ ਬੈਠੇ ਬਖ਼ਤ ਪੈ ਗਿਆ ਸੀ, ਜੀਂਦੇ ਰਹੇ ਨ ਮੋਏ ਸੀ।

ਘੁੱਗ ਵਸਦੇ ਲੋਕ ਪਿਆਰੇ, ਲੀਰੋ-ਲੀਰ ਇੰਝ ਹੋਏ ਸੀ,
ਅੰਮ੍ਰਿਤ ਜਲ ਦਰਿਆਵਾਂ ਦੇ, ਜ਼ਹਿਰੀਲੇ ਫਿਰ ਹੋਏ ਸੀ।
ਆਪਣਿਆਂ ਹੱਥੋਂ ਬੇਪੱਤ ਹੋ ਕੇ, ਬੇਵੱਸ ਸੀ ਮਾਂ, ਧੀ, ਭੈਣਾਂ,
ਨੈਣੋਂ ਨੀਰ, ਰੱਤ ਜਿਗਰ ਦਾ, ਤਿੱਪ ਤਿੱਪ ਸਾਂਝੇ ਚੋਏ ਸੀ।

ਰਹੇ ਇਤਿਹਾਸ ਦੁਹਰਾਉਂਦਾ, ਕਹਿੰਦੇ ਨੇ ਸੱਚ ਸਿਆਣੇ ,
ਮੇਟ ਦੇਵੇ ਲਕੀਰ ਬਾਘੇ ਦੀ, ਮੱਥੇ ਟੇਕੀਏ ਜਾ ਨਨਕਾਣੇ !
ਸਿਆਸਤ ਜੇ ਮਨਜ਼ੂਰ ਕਰੇ, ਅਜਮੇਰ ਨੂੰ ਰਾਸਤਾ ਖੁੱਲ੍ਹੇ,
ਪੈਣ ਜੱਫੀਆਂ ਇੱਕ ਦੂਜੇ ਨੂੰ, ਬਾਬਾ ਨਾਨਕ ਪੀਰ ਬੁੱਲ੍ਹੇ !

ਲਾਠੀਆਂ ਮਾਰ ਕੇ ਪਾਣੀ ਤੋਂ, ਕਦੇ ਪਾਣੀ ਵੱਖ ਨਾ ਹੋਵੇ,
ਫੱਟ ਤਲਵਾਰ ਦੇ ਮਿਟ ਜਾਂਦੇ ਨੇ, ਸਾਫ਼ ਨੀਅਤ ਜੇ ਹੋਵੇ।
ਖ਼ੂਨ ਅਪਣੇ ਪੰਘਰ ਜਾਂਦੇ ਨੇ, ਘੁੱਟ ਗਲਵੱਕੜੀ ਪਾ ਕੇ,
ਸ਼ਾਲਾ! ਮਿੱਟੀ ਦਾ ਮੋਹ ਜਾਗੇ, ਦੋ ਤੋਂ ਪੰਜਾਬ ਇੱਕ ਹੋਵੇ!



ਸੇਵਾ ਸਿੰਘ "ਨੂਰਪੁਰੀ"

## ਕੀਮਤੀ ਗੱਲਾਂ

ਜਿੱਥੇ ਜਾ ਕੇ ਆਪਣੇ, ਦਿਖਾਈ ਦਿੰਦੇ ਹੋਣ ਨਾ
ਦੱਸੋ ਭਲਾ ਇਦਾਂ ਦੀ, ਉਚਾਈ ਦਾ ਕੀ ਕਰਨਾ
ਆਕੜਾਂ ਦਾ ਕਿੱਲਾ ਜਿਹਦੀ, ਧੌਣ 'ਚੋਂ ਨਾ ਨਿਕਲੇ
ਇਹੋ ਜਿਹੇ ਯਾਰ ਦੀ, ਚੜ੍ਹਾਈ ਦਾ ਕੀ ਕਰਨਾ

ਬੰਦਿਆਂ 'ਚੋਂ ਕੱਢ ਦੇਵੇ, ਸਾਦਗੀ ਨਿਮਾਣਤਾ
ਇਹੋ ਜਿਹੀ ਜ਼ਿੰਦਗੀ, ਬਿਤਾਈ ਦਾ ਕੀ ਕਰਨਾ
ਭੁੱਲ ਜਾਵੇ ਮਾਂ ਬੋਲੀ, ਜਿਹਨੂੰ ਪੜ੍ਹ-ਲਿਖ ਕੇ
ਇਹੋ ਜਿਹੇ ਬੰਦੇ ਦੀ, ਪੜ੍ਹਾਈ ਦਾ ਕੀ ਕਰਨਾ

ਸੱਸ, ਸੌਹਰੇ ਸਾਲਿਆਂ ਦਾ, ਕਰੇ ਸਤਿਕਾਰ ਨਾ
ਵੱਢ ਖਾਣੇ ਇੱਦਾਂ ਦੇ, ਜਵਾਈ ਦਾ ਕੀ ਕਰਨਾ

ਜਿਉਂਦਿਆਂ ਦਾ ਹਾਲ ਕਦੇ, ਪੁੱਛਿਆ ਨੀ ਆਣ ਕੇ
ਮਰਿਆਂ 'ਤੇ ਪਾਈ, ਮਠਿਆਈ ਦਾ ਕੀ ਕਰਨਾ

ਬਾਪੂ ਨੇ ਜੁਆਕ ਸਾਰੇ, ਭੇਜਤੇ ਕਨੇਡਾ ਨੂੰ
ਕੋਠੀ ਤਿੰਨ ਮੰਜ਼ਲੀ, ਬਣਾਈ ਦਾ ਕੀ ਕਰਨਾ

ਪੁੱਤ ਹੋ ਗਿਆ ਨਸ਼ੇੜੀ, ਬਾਪੂ ਸੱਤੇ ਦਿਨ ਕੰਮ 'ਤੇ
ਦੱਸੋ ਭਲਾ ਇੱਦਾਂ ਦੀ, ਕਮਾਈ ਦਾ ਕੀ ਕਰਨਾ

ਗੈਰਾਂ ਦੀਆਂ ਬੁੱਕਲਾਂ 'ਚ, ਨਿੱਤ ਜਿਹੜੀ ਖੇਡਦੀ
ਨੋਟ ਦੇਖ ਹੋ ਗਈ, ਪਰਾਈ ਦਾ ਕੀ ਕਰਨਾ

ਦਮ ਆ ਤਾਂ ਹਿੱਕ ਵਿਚ, ਸਿੱਧਾ ਵੱਜ ਆਣ ਕੇ
ਪਿੱਠ ਉੱਤੇ ਛੁਰੀ ਜਿਹੀ, ਚਲਾਈ ਦਾ ਕੀ ਕਰਨਾ

ਖਿੱਚਦੇ ਆ ਲੱਤਾਂ ਜਿਹੜੇ, ਦੇਖ ਕੇ ਤਰੱਕੀਆਂ
ਉਨ੍ਹਾਂ ਨਾਲ ਫ਼ੋਟੋ, ਖਿਚਵਾਈ ਦਾ ਕੀ ਕਰਨਾ

ਵਰਦੇ ਗੰਡਾਸਿਆਂ 'ਚ, ਭੱਜ ਗਏ ਸਹੋਤਿਆ
ਉਨ੍ਹਾਂ, ਬੰਦਿਆਂ ਦੇ ਨਾਲ ਯਾਰੀ, ਲਾਈ ਦਾ ਕੀ ਕਰਨਾ
ਦੋਗਲਿਆਂ ਨਾਲ ਯਾਰੀ, ਲਾਈ ਦਾ ਕੀ ਕਰਨਾ



-ਕੁਲਵੀਰ ਸਿੰਘ ਡਾਨਸੀਵਾਲ,
ਸਰ੍ਹੀ, ਬੀ.ਸੀ. ਕੈਨੇਡਾ
778-863-2472

ਪੰਜਾਬ ਮੇਲ USA





# Gurjatinder S. Randhawa

REALTOR CA DRE licence # 01490567



Gurjatinder S. Randhawa
REALTOR CA DRE licence # 01490567

## FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

**Gurjatinder S. Randhawa**

**916-320-9444**

web: www.RealtorRandhawa.com

garysingh123@yahoo.com